@Qpatrika | @qaumipatrika punjabi | instagram.com/qaumipatrika
Largest Circulated
ਵਿਸ਼ਵ ਭਰ ਮੇਂ ਸਬਸੇ ਜ੍ਯਾਦਾ ਪੜ੍ਹਾ ਜਾਨੇ ਵਾਲਾ
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।
Tuesday, 17 February 2026
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 17 ਫਰਵਰੀ 2026, 5 ਫੱਗਣ ਨਾਨਕਸ਼ਾਹੀ ਸੰਮਤ 555 (ਸਫੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 104, qpatrika@gmail.com ਫੋਨ : 9971359517 www.qaumipatrika.org

# ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਅਜਿਹੀ ਪਾਰਟੀ ਸੱਤਾ 'ਚ ਆਈ ਹੈ, ਜੋ ਨਸ਼ਿਆਂ ਦੇ ਸੌਦਾਗਰਾਂ ਨੂੰ ਖਦੇੜ ਰਹੀ: ਕੇਜਰੀਵਾਲ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਮੋਗਾ, 16 ਫਰਵਰੀ : ਮੋਗਾ ਵਿੱਚ ਪਿੰਡ ਰੱਖਿਆ ਕਮੇਟੀ (ਵੀ.ਡੀ.ਸੀ.) ਦੇ ਸਹੁੰ ਚੁੱਕ ਸਮਾਗਮ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਪੱਸ਼ਟ ਅਤੇ ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਕਿ ਜਿਥੇ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੇ ਸੂਬੇ ਨੂੰ ਨਸ਼ਿਆਂ ਵਿੱਚ ਡੁੱਬਣ ਦਿੱਤਾ, ਉਥੇ ਹੀ 'ਆਪ' ਦੀ ਸਰਕਾਰ ਇਸ ਨੁਕਸਾਨ ਦੀ ਪੂਰਤੀ ਲਈ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਹਰ ਕਿਸੇ ਵਿਰੁੱਧ ਲਗਾਤਾਰ ਸਖ਼ਤ ਕਾਰਵਾਈ ਅਮਲ ਵਿੱਚ ਲਿਆ ਰਹੀ ਹੈ। 'ਆਪ' ਸੁਪਰੀਮੋ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਬਚਾਉਣ ਦੀ ਬਜਾਏ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਉਨ੍ਹਾਂ ਨੇ 2,000 ਕਿਲੋ ਨਸ਼ੇ ਦੀ ਬਰਾਮਦਗੀ, ਵੱਡੇ ਸੌਦਾਗਰਾਂ ਨੂੰ ਜੇਲ੍ਹਾਂ 'ਚ ਡੱਕਣ ਅਤੇ ਉਨ੍ਹਾਂ ਦੇ ਮਹਿਲਨੁਮਾ ਘਰਾਂ 'ਤੇ ਬੁਲਡੋਜ਼ਰ ਚਲਾਉਣ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਜ਼ਮੀਨੀ ਪੱਧਰ 'ਤੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜੇ ਪਿਛਲੀਆਂ ਸਰਕਾਰ ਸੱਤਾ ਵਿੱਚ ਆਉਣਗੀਆਂ ਤਾਂ ਪੰਜਾਬ ਨੂੰ ਮੁੜ ਨਸ਼ਿਆਂ ਦੀ ਦਲਦਲ ਵਿੱਚ ਜਾਣ ਤੋਂ ਕੋਈ ਬਚਾ ਨਹੀਂ ਸਕਦਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਆਪ ਦੀ ਸਰਕਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ 'ਤੇ 'ਚਿੱਟੇ' ਦੇ ਦਾਗ ਨੂੰ ਮਿਟਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦੀ ਰਣਨੀਤੀ ਇਸ ਮੁਹਿੰਮ ਦੇ ਸਖ਼ਤੀ ਨਾਲ ਲਾਗੂ ਰਾਹੀਂ ਨਸ਼ਾ ਮੁਕਤ ਪੰਜਾਬ ਸਿਰਜਣ ਵੱਲ ਸੇਧਿਤ ਹੈ, ਜਿਸ ਤਹਿਤ ਹਰ ਪਿੰਡ ਵਿੱਚ ਖੇਡ ਮੈਦਾਨਾਂ ਦੀ ਉਸਾਰੀ ਅਤੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਲਈ ਰੋਜ਼ਗਾਰ ਦੇ ਮੌਕੇ ਸਿਰਜਣਾ ਸ਼ਾਮਲ ਹੈ। ਆਪ ਦੇ ਦੋਵੇਂ ਸੀਨੀਅਰ ਆਗੂਆਂ ਨੇ ਨਸ਼ਾ ਵਿਰੋਧੀ ਮੁਹਿੰਮ ਨੂੰ ਪੰਜਾਬ ਦੇ ਸ਼ਾਸਨ ਵਿੱਚ ਇੱਕ ਨਿਰਣਾਇਕ ਪੜਾਅ ਐਲਾਨਦਿਆਂ ਇਸਨੂੰ ਕਾਨੂੰਨ ਲਾਗੂ ਕਰਨ ਵਾਲਾ ਮਿਸ਼ਨ ਅਤੇ ਸੂਬੇ ਭਰ ਵਿੱਚ ਲੋਕਾਂ ਦਾ ਵਿਸ਼ਵਾਸ ਜਿੱਤਣ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵੱਲ ਸੇਧਿਤ ਇੱਕ ਵਿਆਪਕ ਯਤਨ ਕਰਾਰ ਦਿੱਤਾ। ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਲੋਕ ਅੱਜ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਸ਼ਾਮਲ ਹੋਣ ਲਈ ਇਕੱਠੇ ਹੋਏ ਹਨ। ਉਨ੍ਹਾਂ ਕਿਹਾ ਕਿ ਇੱਕ ਸਾਲ ਪਹਿਲਾਂ 1 ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਇਹ ਮੁਹਿੰਮ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਇੱਕ ਸਾਲ ਪਹਿਲਾਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਸੀ ਤਾਂ ਲੋਕਾਂ 'ਚ ਇਸ ਪ੍ਰਤੀ ਕੋਈ ਬਹੁਤਾ ਉਤਸ਼ਾਹ ਨਹੀਂ ਸੀ ਕਿਉਂ ਕਿ ਉਨ੍ਹਾਂ ਨੇ ਪਿਛਲੀਆਂ ਸਰਕਾਰਾਂ ਨੂੰ ਵੱਡੇ-ਵੱਡੇ ਦਾਅਵੇ ਕਰਦੇ ਅਤੇ ਜ਼ਮੀਨੀ ਪੱਧਰ 'ਤੇ ਕੁਝ ਨਾ ਕਰਦੇ ਦੇਖਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਇਸੇ ਕਰਕੇ ਜਦੋਂ ਅਸੀਂ ਨਸ਼ਿਆਂ ਵਿਰੁੱਧ ਇਹ ਜੰਗ ਸ਼ੁਰੂ ਕੀਤੀ ਤਾਂ ਉਸ ਵੇਲੇ ਲੋਕਾਂ ਵਿੱਚ ਕਿਤੇ ਨਾ ਕਿਤੇ ਸਹਿਮ ਤੇ ਝਿਜਕ ਦਾ ਮਾਹੌਲ ਸੀ ਅਤੇ ਕੋਈ ਵੀ ਨਸ਼ਾ ਤਸਕਰਾਂ ਅਤੇ ਨਸ਼ਿਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਅੱਗੇ ਆਉਣ ਲਈ ਤਿਆਰ ਨਹੀਂ ਸੀ ਕਿਉਂ ਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਉਹ ਅਜਿਹਾ ਕਰਨਗੇ ਤਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਡਰਾਇਆ-ਧਮਕਾਇਆ ਅਤੇ ਤੰਗ-ਪਰੇਸ਼ਾਨ ਕੀਤਾ ਜਾਵੇਗਾ। ਪਿਛਲੇ ਸਾਲ ਕੀਤੀ ਗਈ ਕਾਰਵਾਈ 'ਤੇ ਚਾਨਣਾ ਪਾਉਂਦਿਆਂ 'ਆਪ' ਸੁਪਰੀਮੋ ਨੇ ਅੱਗੇ ਕਿਹਾ ਕਿ ਪਿਛਲੇ ਇੱਕ ਸਾਲ ਵਿੱਚ, ਜਿਸ ਤਰ੍ਹਾਂ ਪੁਲਿਸ ਨੇ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਵੱਖ-ਵੱਖ ਥਾਵਾਂ ਤੋਂ ਨਸ਼ੀਲੇ ਪਦਾਰਥ ਜ਼ਬਤ ਕੀਤੇ, ਜਿਸ ਵਿੱਚ 2,000 ਕਿਲੋ ਤੋਂ ਵੱਧ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਅਤੇ ਨਸ਼ਾ ਵੇਚਣ ਵਾਲਿਆਂ ਦੇ ਸ਼ਾਨਦਾਰ ਬੰਗਲਿਆਂ 'ਤੇ ਬੁਲਡੋਜ਼ਰ ਚਲਾਉਣਾ, ਨਸ਼ਿਆਂ ਦੇ ਵੱਡੇ ਤਸਕਰਾਂ, ਜਿਨ੍ਹਾਂ ਦਾ ਨਾਮ ਲੈਣ ਤੋਂ ਵੀ ਲੋਕ ਡਰਦੇ ਤੇ ਕੰਬਦੇ ਸਨ, ਨੂੰ ਜੇਲ੍ਹਾਂ 'ਚ ਡੱਕਣਾ ਸ਼ਾਮਲ ਹੈ, ਤਾਂ ਹੌਲੀ ਹੌਲੀ ਲੋਕਾਂ ਨੂੰ ਵਿਸ਼ਵਾਸ ਹੋਣ ਲੱਗਾ ਕਿ ਇਹ 'ਆਪ' ਦੀ ਸਰਕਾਰ, ਇਹ ਭਗਵੰਤ ਮਾਨ ਦੀ ਸਰਕਾਰ ਹੈ, ਜੋ ਕਿਸੇ ਤੋਂ ਨਹੀਂ ਡਰਦੀ। ਉਨ੍ਹਾਂ ਕਿਹਾ ਕਿ




ਪਹਿਲੀ ਵਾਰ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਅਜਿਹੀ ਜ਼ੋਰਦਾਰ ਮੁਹਿੰਮ ਸ਼ੁਰੂ ਹੋਈ ਹੈ। ਉਨ੍ਹਾਂ ਕਿਹਾ ਕਿ ਇਸ 'ਯੁੱਧ' ਵਿੱਚ ਹਿੱਸਾ ਲੈਣ ਲਈ ਅੱਜ ਦਾ ਵਿਸ਼ਾਲ ਇਕੱਠ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਜਨਤਾ ਦਾ ਵਿਸ਼ਵਾਸ ਵਧ ਰਿਹਾ ਹੈ ਅਤੇ ਲੋਕਾਂ ਦੇ ਦਿਲਾਂ ਤੋਂ ਡਰ ਉੱਠ ਰਿਹਾ ਹੈ, ਜਿਸ ਦੇ ਚਲਦਿਆਂ ਲੋਕ ਅੱਗੇ ਆ ਰਹੇ ਹਨ ਅਤੇ ਸਰਕਾਰ ਅਤੇ ਪੁਲਿਸ ਵਿੱਚ ਉਨ੍ਹਾਂ ਦਾ ਵਿਸ਼ਵਾਸ ਮਜ਼ਬੂਤ ਹੋ ਰਿਹਾ ਹੈ। ਇਸ ਮੁਹਿੰਮ ਤਹਿਤ ਸਿਰਜੇ ਜਾ ਰਹੇ ਢਾਂਚੇ ਬਾਰੇ ਦੱਸਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਮੁੱਚੇ ਪੰਜਾਬ ਦੇ ਹਰ ਪਿੰਡ ਅਤੇ ਹਰ ਵਾਰਡ ਵਿੱਚ ਲੋਕਾਂ ਦੀਆਂ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਪਹਿਲ ਤਹਿਤ ਪਿੰਡ ਰੱਖਿਆ ਕਮੇਟੀਆਂ (ਵੀ.ਡੀ.ਸੀਜ਼.) ਬਣਾਈਆਂ ਜਾ ਰਹੀਆਂ ਹਨ ਅਤੇ ਹਰੇਕ ਵਾਰਡ ਅਤੇ ਪਿੰਡ ਦੇ ਸਤਿਕਾਰਯੋਗ ਅਤੇ ਪ੍ਰਭਾਵਸ਼ਾਲੀ ਲੋਕਾਂ ਜਿਵੇਂ ਕਿ ਸੇਵਾਮੁਕਤ ਅਧਿਆਪਕ, ਸੇਵਾਮੁਕਤ ਫੌਜੀ ਅਧਿਕਾਰੀ, ਨੌਜਵਾਨ, ਸਰਪੰਚ ਅਤੇ ਹੋਰਾਂ ਨੂੰ ਇਨ੍ਹਾਂ ਕਮੇਟੀਆਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਮੇਟੀਆਂ ਦੀਆਂ ਮੁੱਖ ਤੌਰ 'ਤੇ ਦੋ ਜ਼ਿੰਮੇਵਾਰੀਆਂ ਹਨ, ਜਿਸ ਵਿੱਚ ਪਹਿਲੀ ਜ਼ਿੰਮੇਵਾਰੀ ਸਰਕਾਰ ਨੂੰ ਉਨ੍ਹਾਂ ਲੋਕਾਂ ਬਾਰੇ ਸੂਚਿਤ ਕਰਨਾ ਜੋ ਪਿੰਡ ਜਾਂ ਵਾਰਡ ਵਿੱਚ ਨਸ਼ੇ ਵੇਚ ਰਹੇ ਹਨ ਅਤੇ ਅਜਿਹੇ ਲੋਕਾਂ ਬਾਰੇ ਜਿਨ੍ਹਾਂ ਤੋਂ ਉਹ ਅੱਗਿਓਂ ਇਹ ਨਸ਼ਾ ਖਰੀਦਦੇ ਹਨ। ਸੁਰੱਖਿਆ ਸਬੰਧੀ ਸ਼ੰਕਿਆਂ ਬਾਰੇ ਗੱਲ ਕਰਦਿਆਂ 'ਆਪ' ਮੁਖੀ ਨੇ ਅੱਗੇ ਕਿਹਾ ਕਿ ਬਹੁਤੇ ਲੋਕ ਅਜੇ ਵੀ ਇਹ ਸੋਚਦੇ ਹਨ ਕਿ ਜੇ ਉਹ ਜਾਣਕਾਰੀ ਦੇਣਗੇ ਤਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਮਾਰ ਦਿੱਤਾ ਜਾਵੇਗਾ ਜਾਂ ਪਰੇਸ਼ਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸੇ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਨੇ ਇੱਕ ਐਪ ਬਣਾਇਆ ਹੈ ਅਤੇ ਇਹ ਐਪ ਹਰ ਪਿੰਡ ਰੱਖਿਆ ਕਮੇਟੀ ਮੈਂਬਰ ਦੇ ਫੋਨ 'ਚ ਪਾਈ ਗਈ ਹੈ। ਉਨ੍ਹਾਂ ਕਿਹਾ ਕਿ ਹਰ ਮੈਂਬਰ ਇਸ ਇਸ ਐਪ ਰਾਹੀਂ ਜਾਣਕਾਰੀ ਦੇ ਸਕਦਾ ਹੈ, ਜਿਸਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ ਅਤੇ ਕਿਸੇ ਨੂੰ ਵੀ ਇਹ ਪਤਾ ਨਹੀਂ ਚੱਲੇਗਾ ਕਿ ਤੁਸੀਂ ਕੋਈ ਵੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਡਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਬਹੁਤੀਆਂ ਪਿੰਡ ਰੱਖਿਆ ਕਮੇਟੀਆਂ ਪਹਿਲਾਂ ਹੀ ਜਾਣਕਾਰੀ ਸਾਂਝੀ ਕਰ ਰਹੀਆਂ ਹਨ, ਜੋ ਪੂਰੀ ਤਰ੍ਹਾਂ ਸੁਰੱਖਿਅਤ ਹਨ। ਉਨ੍ਹਾਂ ਅੱਗੇ ਕਿਹਾ ਕਿ ਮੈਨੂੰ ਇਹ ਸੁਣ ਕੇ ਬਹੁਤ ਖ਼ੁਸ਼ੀ ਹੋਈ ਕਿ ਪਿੰਡ ਰੱਖਿਆ ਕਮੇਟੀ ਦੇ ਜ਼ਿਆਦਾਤਰ ਮੈਂਬਰਾਂ ਨੇ ਉਹ ਕਿਸੇ ਤੋਂ ਨਹੀਂ ਡਰਦੇ ਅਤੇ ਉਹ ਇਸ ਯੁੱਧ ਵਿੱਚ ਪੂਰੀ ਤਰ੍ਹਾਂ ਸਰਕਾਰ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਹੁਣ ਪੂਰਾ ਪੰਜਾਬ ਇੱਕਜੁੱਟ ਹੋ ਰਿਹਾ ਹੈ, ਲੋਕਾਂ ਦੇ ਮਨਾਂ ਵਿੱਚੋਂ ਡਰ ਨਿਕਲ ਰਿਹਾ ਹੈ ਅਤੇ ਪਿੰਡਾਂ ਦੇ ਲੋਕ ਨਸ਼ਾ ਵੇਚਣ ਵਾਲਿਆਂ ਨੂੰ ਮੂਹਰੇ ਭਜਾ ਰਹੇ ਹਨ। ਇਸ ਮੁਹਿੰਮ ਤਹਿਤ ਸਰਕਾਰ ਦੇ ਦੋ ਮੁੱਖ ਕੰਮਾਂ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਹਿਲਾ ਕੰਮ ਨਸ਼ੇ ਵੇਚਣ ਵਾਲਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਜੋ ਪੁਲਿਸ ਉਨ੍ਹਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਸਕੇ ਅਤੇ ਦੂਜਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਪਿੰਡ ਵਿੱਚ ਜਿਹੜੇ ਲੋਕ ਨਸ਼ੇ ਦੀ ਲਤ ਦਾ ਸ਼ਿਕਾਰ ਹਨ, ਉਨ੍ਹਾਂ ਨੂੰ ਇਲਾਜ ਲਈ ਨਜ਼ਦੀਕੀ ਕੇਂਦਰ ਵਿੱਚ ਲਿਜਾਇਆ ਜਾਵੇ ਤਾਂ ਜੋ ਉਹ ਨਸ਼ੇ ਦੀ ਦਲਦਲ 'ਚੋਂ ਬਾਹਰ ਨਿਕਲ ਸਕਣ।

Contd......................page-3

# 'ਰੱਖਿਆ ਫੌਜਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਸਰਕਾਰ, ਆਧੁਨਿਕੀਕਰਨ ਲਈ ਚੁੱਕਾਂਗੇ ਹਰ ਜ਼ਰੂਰੀ ਕਦਮ' : ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 16 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਊਜ਼ ਏਜੰਸੀ ਪੀ.ਟੀ.ਆਈ. ਨੂੰ ਦਿੱਤੇ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਦੇਸ਼ ਦੀ ਸੁਰੱਖਿਆ ਅਤੇ ਆਰਥਿਕਤਾ ਨੂੰ ਲੈ ਕੇ ਵੱਡੇ ਐਲਾਨ ਕੀਤੇ ਹਨ। ਪ੍ਰਧਾਨ ਮੰਤਰੀ ਨੇ ਸਾਫ਼ ਕਿਹਾ ਕਿ ਉਨ੍ਹਾਂ ਦੀ ਸਰਕਾਰ ਡਿਫੈਂਸ ਫੋਰਸਿਜ਼ (ਰੱਖਿਆ ਬਲਾਂ) ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਦੇਸ਼ ਦੀ ਸੁਰੱਖਿਆ ਨੂੰ ਅਪਡੇਟ ਕਰਨ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਮੌਜੂਦਾ ਭੂ-ਰਾਜਨੀਤਿਕ ਚੁਣੌਤੀਆਂ ਨੂੰ ਦੇਖਦੇ ਹੋਏ ਰੱਖਿਆ ਖੇਤਰ ਦਾ ਆਧੁਨਿਕੀਕਰਨ ਕਰਨਾ ਸਰਕਾਰ ਦਾ ਮੁੱਖ ਫਰਜ਼ ਹੈ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਇਸ ਸਾਲ ਦੇ ਬਜਟ ਵਿੱਚ ਰੱਖਿਆ ਖਰਚਿਆਂ ਵਿੱਚ ਭਾਰੀ ਇਜ਼ਾਫਾ ਕੀਤਾ ਗਿਆ ਹੈ। ਚਾਲੂ ਵਿੱਤੀ ਸਾਲ ਲਈ ਕੁੱਲ ਰੱਖਿਆ ਬਜਟ 6.81 ਲੱਖ ਕਰੋੜ ਰੁਪਏ ਤੋਂ ਵਧਾ ਕੇ 7.85 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜੋ ਕਿ ਲਗਭਗ 15 ਫੀਸਦੀ ਦਾ ਵਾਧਾ ਹੈ। ਇਸ ਤੋਂ ਇਲਾਵਾ, ਰੱਖਿਆ ਪੂੰਜੀਗਤ ਖਰਚੇ ਵਿੱਚ ਵੀ 28 ਫੀਸਦੀ ਦਾ ਵਾਧਾ ਕਰਕੇ ਇਸ ਨੂੰ 2.31 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ ਤਾਂ ਜੋ ਫੌਜ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕੀਤਾ ਜਾ ਸਕੇ। ਬਜਟ 2026 ਬਾਰੇ ਗੱਲ



ਕਰਦਿਆਂ ਪੀ.ਐੱਮ. ਮੋਦੀ ਨੇ ਕਿਹਾ ਕਿ ਇਹ ਬਜਟ ਭਾਰਤ ਦੇ ਵਿਕਸਿਤ ਰਾਸ਼ਟਰ ਬਣਨ ਦੇ ਸੰਕਲਪ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, 16 ਫਰਵਰੀਇਹ ਬਜਟ ਕਿਸੇ ਮਜਬੂਰੀ ਵਿੱਚ ਲਿਆ ਗਿਆ ਫੈਸਲਾ ਨਹੀਂ ਹੈ, ਸਗੋਂ ਇਹ 'ਅਸੀਂ ਤਿਆਰ ਹਾਂ' ਦੇ ਭਰੋਸੇ ਦਾ ਪ੍ਰਤੀਕ ਹੈ16 ਫਰਵਰੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਦੇਸ਼ ਵਿੱਚ ਮੌਜੂਦ ਰਾਜਨੀਤਿਕ ਸਥਿਰਤਾ ਕਾਰਨ ਹੀ ਅੱਜ ਵਿਦੇਸ਼ੀ ਨਿਵੇਸ਼ਕਾਂ ਦਾ ਭਾਰਤ ਵਿੱਚ ਭਰੋਸਾ ਵਧਿਆ ਹੈ। ਆਰਥਿਕ ਨੀਤੀਆਂ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਮਜ਼ਬੂਤ ਮੈਨੂਫੈਕਚਰਿੰਗ ਅਤੇ MSME ਸੈਕਟਰ ਦੀ ਬਦੌਲਤ ਭਾਰਤ ਅੱਜ 38 ਦੇਸ਼ਾਂ ਨਾਲ ਆਪਣੀਆਂ ਸ਼ਰਤਾਂ 'ਤੇ ਮੁਕਤ ਵਪਾਰ ਸਮਝੌਤੇ ਕਰਨ ਦੀ ਸਥਿਤੀ ਵਿੱਚ ਹੈ। ਇਹ ਸਮਝੌਤੇ ਵਿਸ਼ੇਸ਼ ਤੌਰ 'ਤੇ ਟੈਕਸਟਾਈਲ, ਚਮੜਾ, ਕੈਮੀਕਲ ਅਤੇ ਦਸਤਕਾਰੀ ਵਰਗੇ ਖੇਤਰਾਂ ਨੂੰ ਨਵੇਂ ਵਿਸ਼ਵ ਬਾਜ਼ਾਰਾਂ ਤੱਕ ਪਹੁੰਚ ਪ੍ਰਦਾਨ ਕਰਨਗੇ। ਪ੍ਰਧਾਨ ਮੰਤਰੀ ਨੇ ਨਿੱਜੀ ਖੇਤਰ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਮੁਨਾਫ਼ੇ ਤੱਕ ਸੀਮਤ ਨਾ ਰਹਿਣ, ਸਗੋਂ (ਖੋਜ ਅਤੇ ਵਿਕਾਸ) ਅਤੇ ਸਪਲਾਈ ਚੇਨ ਦੀ ਗੁਣਵੱਤਾ ਵਿੱਚ ਨਿਵੇਸ਼ ਵਧਾਉਣ। ਉਨ੍ਹਾਂ ਡਾਟਾ ਸੈਂਟਰਾਂ ਨੂੰ ਰੁਜ਼ਗਾਰ ਦਾ ਵੱਡਾ ਸਰੋਤ ਦੱਸਦਿਆਂ ਕਿਹਾ ਕਿ ਭਾਰਤ ਦੁਨੀਆ ਭਰ ਦੇ ਡਾਟਾ ਨੂੰ ਸਥਾਪਿਤ ਕਰਨ ਲਈ ਤਿਆਰ ਹੈ। ਮਹਿਲਾਵਾਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਦੇ ਹਰ ਫੈਸਲੇ ਵਿੱਚ ਮਹਿਲਾ ਕਲਿਆਣ ਸਰਵਉੱਚ ਤਰਜੀਹ ਹੈ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਉਨ੍ਹਾਂ ਦੀ ਭੂਮਿਕਾ ਨਿਰਣਾਇਕ ਹੋਵੇਗੀ।

## ਸ਼੍ਰੀ ਕੇਦਾਰਨਾਥ ਧਾਮ ਜਾਣ ਵਾਲਿਆਂ ਲਈ ਖ਼ਾਸ ਖ਼ਬਰ: 22 ਅਪ੍ਰੈਲ ਨੂੰ ਖੁੱਲ੍ਹਣਗੇ ਕਿਵਾੜ

ਉਖੀਮਠ/ਦੇਹਰਾਦੂਨ 16 ਫਰਵਰੀ। ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ ਸਥਿਤ ਭਗਵਾਨ ਸ਼ਿਵ ਦੇ ਗਿਆਰ੍ਹਵੇਂ ਜਯੋਤੀਲਿੰਗ ਸ਼੍ਰੀ ਕੇਦਾਰਨਾਥ ਧਾਮ ਦੇ ਕਿਵਾੜ ਇਸ ਸਾਲ 22 ਅਪ੍ਰੈਲ ਨੂੰ ਸਵੇਰੇ 8:00 ਵਜੇ ਵੰਨਗੀ ਵਿੱਚ ਆਉਣ ਵਾਲੀ ਗਰਮੀਆਂ ਦੀ ਯਾਤਰਾ ਲਈ ਖੁੱਲ੍ਹ ਜਾਣਗੇ। ਕਿਵਾੜ ਖੁੱਲ੍ਹਣ ਦੀ ਮਿਤੀ ਦੇ ਐਲਾਨ ਤੇ BKTC ਦੇ ਪ੍ਰਧਾਨ ਹੇਮੰਤ ਦਿਵੇਦੀ ਨੇ ਭਾਰਤ ਅਤੇ ਵਿਦੇਸ਼ਾਂ ਦੇ ਸਾਰੇ ਸ਼ਰਧਾਲੂਆਂ ਨੂੰ ਸ਼ਿਵਰਾਤਰੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਸ਼੍ਰੀ ਬਦਰੀਨਾਥ ਅਤੇ ਕੇਦਾਰਨਾਥ ਸਮੇਤ ਚਾਰਧਾਮ ਯਾਤਰਾ ਲਈ ਸੱਦਾ ਦਿੱਤਾ। ਮੰਦਰ ਕਮੇਟੀ ਪਰੰਪਰਾਵਾਂ ਅਤੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ। ਐਤਵਾਰ ਸਵੇਰੇ ਮਹਾਂ ਸ਼ਿਵਰਾਤਰੀ ਦੇ ਮੌਕੇ ਪਰੰਪਰਾ ਅਨੁਸਾਰ ਸ਼੍ਰੀ ਓਂਕਾਰੇਸ਼ਵਰ ਮੰਦਰ, ਉਖੀਮਠ ਦੇ ਸਰਦੀਆਂ ਦੇ ਸੀਟ 'ਤੇ ਪੰਚਾਂਗ ਗਣਨਾ ਤੋਂ ਬਾਅਦ ਕੇਦਾਰਨਾਥ ਰਾਵਲ ਭੀਮ ਸ਼ੰਕਰ ਲਿੰਗ, ਕੇਦਾਰਨਾਥ ਵਿਧਾਇਕ ਆਸ਼ਾ ਨੌਟਿਆਲ, ਬਦਰੀਨਾਥ ਕੇਦਾਰਨਾਥ ਮੰਦਰ ਕਮੇਟੀ (ਬੀਕੇਟੀਸੀ) ਦੇ ਪ੍ਰਧਾਨ ਹੇਮੰਤ ਦਿਵੇਦੀ, ਉਪ ਪ੍ਰਧਾਨ ਵਿਜੇ ਕਪਰਾਵਨ, ਮੁੱਖ ਕਾਰਜਕਾਰੀ ਅਧਿਕਾਰੀ ਵਿਜੇ ਪ੍ਰਸਾਦ ਥਪਲਿਆਲ, ਮੰਦਰ ਕਮੇਟੀ ਦੇ ਮੈਂਬਰ, ਧਾਰਮਿਕ ਨੇਤਾ, ਜਨ ਪ੍ਰਤੀਨਿਧੀ, ਵੇਦ ਪਾਠਕ, ਪੰਚਗਈ ਅਧਿਕਾਰ ਧਾਰਕ ਅਤੇ ਪ੍ਰਸ਼ਾਸਨ ਦੀ ਮੌਜੂਦਗੀ ਵਿੱਚ ਕਪਾਟ ਖੋਲ੍ਹਣ ਦੀ ਮਿਤੀ ਦਾ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ ਭਗਵਾਨ ਕੇਦਾਰਨਾਥ ਦੀ ਪੰਚਮੁਖੀ ਡੋਲੀ ਦੇ ਕੇਦਾਰਨਾਥ ਜਾਣ ਦਾ ਸਮਾਂ-ਸਾਰਣੀ ਦਾ ਐਲਾਨ ਕੀਤਾ ਗਿਆ। ਇਸ ਮੌਕੇ ਉਖੀਮਠ ਦੇ ਸ਼੍ਰੀ ਓਂਕਾਰੇਸ਼ਵਰ ਮੰਦਰ ਨੂੰ ਸਾਢੇ ਨੌਂ ਕੁਇੰਟਲ ਫੁੱਲਾਂ ਨਾਲ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਸੀ ਅਤੇ ਦਾਨੀਆਂ ਨੇ ਇੱਕ ਦਾਅਵਤ ਦਾ ਆਯੋਜਨ ਕੀਤਾ। ਇਸ ਮੌਕੇ ਸੈਂਕੜੇ ਸ਼ਰਧਾਲੂਆਂ ਨੇ ਮੰਦਰ ਦੇ ਦਰਸ਼ਨ ਕੀਤੇ। 16 ਫਰਵਰੀਜੈ ਸ਼੍ਰੀ ਕੇਦਾਰ16 ਫਰਵਰੀ ਦੇ ਜੈਕਾਰਿਆਂ ਨਾਲ ਪੂਰਾ ਮਾਹੌਲ ਸ਼ਰਧਾ ਨਾਲ ਭਰ ਗਿਆ।

# ਅਮਰੀਕਾ ਦੇ ਨਾਲ ਟਰੇਡ ਡੀਲ ਨਾਲ ਕਿਸਾਨਾਂ ਤੇ ਕੱਪੜਾ ਉਦਯੋਗ ਨੂੰ ਨੁਕਸਾਨ : ਰਾਹੁਲ ਗਾਂਧੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 16 ਫਰਵਰੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਨੀਵਾਰ ਨੂੰ ਕਿਹਾ ਕਿ ਦੂਰਦਰਸ਼ੀ ਅਤੇ ਰਾਸ਼ਟਰ ਹਿੱਤ 'ਚ ਸੋਚਣ ਵਾਲੀ ਕੋਈ ਸਰਕਾਰ ਅਮਰੀਕਾ ਦੇ ਨਾਲ ਅਜਿਹਾ ਵਪਾਰ ਸਮਝੌਤਾ ਕਰਦੀ, ਜੋ ਕਪਾਹ ਕਿਸਾਨਾਂ ਅਤੇ ਕੱਪੜਾ ਬਰਾਮਦ ਦੋਵਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਉਂਦਾ ਹੈ। ਜਦਕਿ ਮੋਦੀ ਸਰਕਾਰ ਨੇ ਇਸ ਦੇ ਬਿਲਕੁਲ ਉਲਟ ਕੀਤਾ, ਉਨ੍ਹਾਂ ਨੇ ਕਿਸਾਨਾਂ ਤੇ ਕੱਪੜਾ ਉਦਯੋਗ ਨੂੰ ਨੁਕਸਾਨ ਪਹੁੰਚਾਉਣ ਵਾਲੀ ਟ?ਰੇਡ ਡੀਲ ਕੀਤੀ। ਰਾਹੁਲ ਨੇ ਇਹ ਦਾਅਵਾ ਵੀ ਕੀਤਾ ਕਿ ਸਰਕਾਰ ਨੇ ਵਪਾਰ ਸਮਝੌਤੇ ਦੇ ਇਨ੍ਹਾਂ ਪਹਿਲੂਆਂ ਨੂੰ ਲੁਕਾਇਆ ਵੀ ਹੈ। ਰਾਹੁਲ ਗਾਂਧੀ ਨੇ ਇਕ ਵੀਡੀਓ ਜਾਰੀ ਕਰ ਕੇ ਕਿਹਾ ਕਿ 18 ਫੀਸਦੀ ਬਨਾਮ ਜ਼ੀਰੋ ਫੀਸਦੀ ਫੀਸ। ਝੂਠ ਬੋਲਣ 'ਚ ਮਾਹਿਰ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਕੈਬਨਿਟ ਇਸ ਬਾਰੇ ਭਰਮ ਫੈਲਾਅ ਰਹੀ ਹੈ। ਕਿਸ ਤਰ੍ਹਾਂ ਨਾਲ ਉਹ ਭਾਰਤ-ਅਮਰੀਕਾ ਵਪਾਰ ਸਮਝੌਤੇ ਨਾਲ ਦੇਸ਼ ਦੇ ਕਪਾਹ ਉਤਪਾਦਕਾਂ ਅਤੇ ਕੱਪੜਾ ਨਿਰਯਾਤਕਾਂ ਨੂੰ ਧੋਖਾ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਬੰਗਲਾਦੇਸ਼ ਨੂੰ ਅਮਰੀਕਾ 'ਚ ਕੱਪੜਾ ਬਰਾਮਦ 'ਤੇ ਜ਼ੀਰੋ ਫੀਸਦੀ ਟੈਰਿਫ ਦਾ ਫਾਇਦਾ ਦਿੱਤਾ ਜਾ ਰਿਹਾ ਹੈ, ਸ਼ਰਤ ਬਸ ਇੰਨੀ



ਹੈ ਕਿ ਉਹ ਅਮਰੀਕੀ ਕਪਾਹ ਦੀ ਦਰਾਮਦ ਕਰਨ। ਕਾਂਗਰਸ ਨੇਤਾ ਨੇ ਕਿਹਾ ਕਿ ਭਾਰਤ ਦੇ ਗਾਰਮੈਂਟਸ 'ਤੇ 18 ਫੀਸਦੀ ਫੀਸ ਦੇ ਐਲਾਨ ਤੋਂ ਬਾਅਦ ਜਦੋਂ ਮੈਂ ਸੰਸਦ 'ਚ ਬੰਗਲਾਦੇਸ਼ ਨੂੰ ਮਿਲ ਰਹੀ ਖ਼ਾਸ ਰਿਆਇਤ 'ਤੇ ਸਵਾਲ ਉਠਾਇਆ, ਓਦੋਂ ਮੋਦੀ ਸਰਕਾਰ ਦੇ ਮੰਤਰੀ ਦਾ ਜਵਾਬ ਆਇਆ ਕਿ ਜੇਕਰ ਇਹੀ ਫਾਇਦਾ ਸਾਨੂੰ ਵੀ ਚਾਹੀਦਾ ਹੈ, ਤਾਂ ਅਮਰੀਕਾ ਤੋਂ ਕਪਾਹ ਮੰਗਵਾਉਣੀ ਹੋਵੇਗੀ। ਉਨ੍ਹਾਂ ਨੇ ਸਵਾਲ ਕੀਤਾ ਕਿ ਆਖਿਰ ਇਹ ਗੱਲ ਦੇਸ਼ ਤੋਂ ਲੁਕਾਈ ਕਿਉਂ ਗਈ? ਕਾਂਗਰਸ ਨੇਤਾ ਨੇ ਕਿਹਾ ਕਿ ਇਹ ਕਿਹੋ ਜਿਹੀ ਨੀਤੀ ਹੈ? ਕੀ ਇਹ ਸੱਚਮੁੱਚ 'ਚ ਕੋਈ ਬਦਲ ਹੈ-ਜਾਂ ਫਿਰ 'ਅੱਗੇ ਖੂਹ, ਪਿੱਛੇ ਖੱਡ' ਦੀ ਹਾਲਤ 'ਚ ਫਸਾਉਣ ਵਾਲਾ ਜਾਲ? ਉਨ੍ਹਾਂ ਨੇ ਕਿਹਾ ਕਿ ਜੇਕਰ ਅਸੀਂ ਅਮਰੀਕੀ ਕਪਾਹ ਮੰਗਵਾਉਂਦੇ ਹਾਂ ਤਾਂ ਸਾਡੇ ਆਪਣੇ ਕਿਸਾਨ ਬਰਬਾਦ ਹੋ ਜਾਣਗੇ। ਜੇਕਰ ਨਹੀਂ ਮੰਗਵਾਉਂਦੇ, ਤਾਂ ਸਾਡਾ ਕੱਪੜਾ ਉਦਯੋਗ ਪਿਛੜ ਕੇ ਤਬਾਹ ਹੋ ਜਾਵੇਗਾ। ਹੁਣ ਬੰਗਲਾਦੇਸ਼ ਇਹ ਸੰਕੇਤ ਦੇ ਰਿਹਾ ਹੈ ਕਿ ਉਹ ਭਾਰਤ ਤੋਂ ਕਪਾਹ ਦੀ ਦਰਾਮਦ ਵੀ ਘੱਟ ਜਾਂ ਬੰਦ ਕਰ ਸਕਦਾ ਹੈ। ਰਾਹੁਲ ਗਾਂਧੀ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਭਾਰਤ 'ਚ ਕੱਪੜਾ ਉਦਯੋਗ ਅਤੇ ਕਪਾਹ ਦੀ ਖੇਤੀ ਰੋਜ਼ੀ-ਰੋਟੀ ਦੀ ਰੀੜ੍ਹ ਹੈ ਅਤੇ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਇਨ੍ਹਾਂ 'ਤੇ ਹੀ ਟਿਕੀ ਹੈ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਖੇਤਰਾਂ 'ਤੇ ਸੱਟ ਦਾ ਮਤਲਬ ਹੈ ਲੱਖਾਂ ਪਰਿਵਾਰਾਂ ਨੂੰ ਬੇਰੋਜ਼ਗਾਰੀ ਅਤੇ ਆਰਥਿਕ ਸੰਕਟ ਦੀ ਖੱਡ 'ਚ ਧੱਕ ਦੇਣਾ।




# ਹਿੰਸਕ ਝੜਪਾਂ ਤੋਂ ਬਾਅਦ ਫੌਜ ਤਾਇਨਾਤ, 2 ਦੀ ਮੌਤ; ਮੋਬਾਈਲ ਇੰਟਰਨੈੱਟ ਸੇਵਾਵਾਂ ਬੰਦ

ਕੌਮੀ ਪਤ੍ਰਿਕਾ

ਗੁਹਾਟੀ 16 ਫਰਵਰੀ। ਅਸਾਮ ਦੇ ਕੋਕਰਾਝਾਰ ਜ਼ਿਲ੍ਹੇ 'ਚ ਦੋ ਭਾਈਚਾਰਿਆਂ ਦਰਮਿਆਨ ਹੋਈ ਹਿੰਸਕ ਝੜਪ ਤੋਂ ਬਾਅਦ ਸਥਿਤੀ ਤਣਾਅਪੂਰਨ ਬਣੀ ਹੋਈ ਹੈ। ਇਸ ਹਿੰਸਾ 'ਚ ਦੋ ਲੋਕਾਂ ਦੀ ਮੌਤ ਹੋ ਗਈ ਹੈ, ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਸਥਿਤੀ ਨੂੰ ਕਾਬੂ ਕਰਨ ਲਈ ਫੌਜ ਤਾਇਨਾਤ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ, ਇਹ ਹਿੰਸਾ ਸੋਮਵਾਰ ਰਾਤ ਨੂੰ ਉਸ ਸਮੇਂ ਸ਼ੁਰੂ ਹੋਈ ਜਦੋਂ ਬੋਡੋ ਭਾਈਚਾਰੇ ਦੇ ਤਿੰਨ ਮੈਂਬਰਾਂ ਦੀ ਇੱਕ ਗੱਡੀ ਨੇ ਮਾਨਸਿੰਘ ਰੋਡ 'ਤੇ ਦੋ ਆਦਿਵਾਸੀ ਵਿਅਕਤੀਆਂ ਨੂੰ ਕਥਿਤ ਤੌਰ 'ਤੇ ਟੱਕਰ ਮਾਰ ਦਿੱਤੀ। ਇਸ ਤੋਂ ਬਾਅਦ ਗੁੱਸੇ ਵਿੱਚ ਆਏ ਸਥਾਨਕ ਲੋਕਾਂ ਨੇ ਗੱਡੀ ਨੂੰ ਅੱਗ ਲਗਾ ਦਿੱਤੀ ਅਤੇ ਗੱਡੀ ਵਿੱਚ ਸਵਾਰ ਲੋਕਾਂ ਦੀ ਕੁੱਟਮਾਰ ਕੀਤੀ। ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਦੂਜੇ ਨੇ ਮੰਗਲਵਾਰ ਨੂੰ ਦਮ ਤੋੜ ਦਿੱਤਾ। ਤਿੰਨ ਹੋਰ ਜ਼ਖ਼ਮੀ ਲੋਕਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਸਥਿਤੀ ਵਿਗੜਦੀ ਦੇਖ ਕੇ ਫੌਜ ਦੀਆਂ ਚਾਰ ਟੁਕੜੀਆਂ ਤਾਇਨਾਤ ਕੀਤੀਆਂ ਗਈਆਂ ਹਨ, ਜੋ ਸਥਾਨਕ ਪ੍ਰਸ਼ਾਸਨ ਨਾਲ ਮਿਲ ਕੇ ਰਾਤ ਸਮੇਂ ਗਸ਼ਤ ਕਰ ਰਹੀਆਂ ਹਨ। ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਹੈ ਕਿ ਸੁਰੱਖਿਆ ਦੇ ਸਾਰੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਅਤੇ ਰੈਪਿਡ ਐਕਸ਼ਨ ਫੋਰਸ ਨੂੰ ਵੀ ਪ੍ਰਭਾਵਿਤ ਇਲਾਕਿਆਂ ਵਿੱਚ ਭੇਜਿਆ ਗਿਆ ਹੈ। ਅਧਿਕਾਰੀਆਂ ਅਨੁਸਾਰ, ਗੁਆਂਢੀ ਜ਼ਿਲ੍ਹੇ ਚਿਰਾਗ ਵਿੱਚ ਵੀ ਵਾਧੂ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ। ਧਾਰਾ 163 ਲਾਗੂ: ਪੂਰੇ ਕੋਕਰਾਝਾਰ ਜ਼ਿਲ੍ਹੇ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਦੇ ਤਹਿਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਹਨ। ਇੰਟਰਨੈੱਟ ਬੰਦ: ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਕੋਕਰਾਝਾਰ ਅਤੇ ਚਿਰਾਗ ਜ਼ਿਲ੍ਹਿਆਂ ਵਿੱਚ ਮੋਬਾਈਲ ਇੰਟਰਨੈੱਟ ਅਤੇ ਡਾਟਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਰਾਹਤ ਕੈਂਪ: ਹਿੰਸਾ ਦੇ ਡਰੋਂ ਘਰ ਛੱਡ ਕੇ ਭੱਜੇ ਲੋਕਾਂ ਲਈ



ਕਰੀਗਾਂਓ ਹਾਈ ਸਕੂਲ ਅਤੇ ਗਵਾਜਨਪੁਰੀ ਅਮਨਪਾਰਾ ਹਾਈ ਸਕੂਲ ਵਿੱਚ ਦੋ ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ। ਮੰਗਲਵਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰੀ ਰਾਜਮਾਰਗ ਜਾਮ ਕੀਤਾ ਅਤੇ ਇੱਕ ਸਰਕਾਰੀ ਦਫਤਰ ਤੇ ਪੁਲਸ ਚੌਕੀ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ। ਭੀੜ ਨੂੰ ਖਿੰਡਾਉਣ ਲਈ ਪੁਲਸ ਨੇ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ, ਜਿਸ ਵਿੱਚ ਕਈ ਪੁਲਸ ਕਰਮਚਾਰੀ ਵੀ ਜ਼ਖ਼ਮੀ ਹੋਏ ਹਨ। ਫਿਲਹਾਲ ਸਥਿਤੀ ਕਾਬੂ ਹੇਠ ਦੱਸੀ ਜਾ ਰਹੀ ਹੈ।

## ਸਪਾ ਸੈਂਟਰਾਂ 'ਤੇ ਪੁਲਸ ਦਾ ਵੱਡਾ ਛਾਪਾ ! ਨੋਇਡਾ ਦੀਆਂ 3 ਥਾਵਾਂ ਤੋਂ ਕਈ ਨੌਜਵਾਨ ਮੁੰਡੇ-ਕੁੜੀਆਂ ਫੜੇ

ਨੋਇਡਾ 16 ਫਰਵਰੀ। ਉੱਤਰ ਪ੍ਰਦੇਸ਼ ਦੇ ਨੋਇਡਾ ਵਿੱਚ ਪੁਲਸ ਨੇ ਦੇਰ ਰਾਤ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਮਸਾਜ ਪਾਰਲਰਾਂ ਵਿਰੁੱਧ ਇੱਕ ਵੱਡੀ ਮੁਹਿੰਮ ਚਲਾਈ ਹੈ। ਨੋਇਡਾ ਦੇ ਸੈਕਟਰ-50 ਵਿੱਚ ਸਥਿਤ ਤਿੰਨ ਸਪਾ ਸੈਂਟਰਾਂ 'ਤੇ ਕੀਤੀ ਗਈ ਇਸ ਛਾਪੇਮਾਰੀ ਦੌਰਾਨ ਪੁਲਸ ਨੇ ਕਈ ਨੌਜਵਾਨ ਮੁੰਡਿਆਂ ਅਤੇ ਕੁੜੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਹ ਕਾਰਵਾਈ ਥਾਣਾ ਸੈਕਟਰ-49 ਦੀ ਪੁਲਸ, ਐਂਟੀ ਹਿਊਮਨ ਟ੍ਰੈਫਿਕਿੰਗ ਯੂਨਿਟ () ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ () ਦੀ ਸਾਂਝੀ ਟੀਮ ਵੱਲੋਂ ਅੰਜਾਮ ਦਿੱਤੀ ਗਈ। ਪੁਲਸ ਅਨੁਸਾਰ ਉਨ੍ਹਾਂ ਨੂੰ ਇਨ੍ਹਾਂ ਸੈਂਟਰਾਂ 'ਚ ਗੈਰ-ਕਾਨੂੰਨੀ ਗਤੀਵਿਧੀਆਂ ਹੋਣ ਦੀਆਂ ਸਿ਼ਕਾਇਤਾਂ ਲਗਾਤਾਰ ਮਿਲ ਰਹੀਆਂ ਸਨ, ਜਿਸ ਦੇ ਆਧਾਰ 'ਤੇ ਇਹ ਕਦਮ ਚੁੱਕਿਆ ਗਿਆ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਸਪਾ ਸੈਂਟਰ ਬਿਨਾਂ ਕਿਸੇ ਲਾਇਸੰਸ ਜਾਂ ਨਿਰਧਾਰਤ ਨਿਯਮਾਂ ਦੀ ਪਾਲਣਾ ਕੀਤੇ ਚਲਾਏ ਜਾ ਰਹੇ ਸਨ। ਪੁਲਸ ਨੇ ਮੌਕੇ 'ਤੇ ਸੈਂਟਰਾਂ ਦੇ ਦਸਤਾਵੇਜ਼ਾਂ ਅਤੇ ਰਿਕਾਰਡ ਦੀ ਵੀ ਜਾਂਚ ਕੀਤੀ ਹੈ। ਇਸ ਕਾਰਵਾਈ ਕਾਰਨ ਇਲਾਕੇ ਵਿੱਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਨੂੰ ਥਾਣਾ ਸੈਕਟਰ-49 ਲਿਆਂਦਾ ਗਿਆ ਹੈ, ਜਿੱਥੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਨੋਇਡਾ ਦੀ ਏ.ਡੀ.ਸੀ.ਪੀ. ਮਨੀਸ਼ਾ ਸਿੰਘ ਨੇ ਦੱਸਿਆ ਕਿ ਏ.ਐਚ.ਟੀ.ਯੂ. ਅਤੇ ਪੁਲਸ ਦੀਆਂ ਸਾਂਝੀਆਂ ਟੀਮਾਂ ਨੇ ਤਿੰਨ ਸੈਂਟਰਾਂ 'ਤੇ ਛਾਪਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਹਿਰਾਸਤ ਵਿੱਚ ਲਏ ਗਏ ਮਰਦਾਂ ਅਤੇ ਔਰਤਾਂ ਵਿਰੁੱਧ ਬਣਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਨ ਦੀ ਪ੍ਰਕਿਰਿਆ ਜਾਰੀ ਹੈ।

## ਗੁਰੂਗ੍ਰਾਮ ਟੋਲ ਪਲਾਜ਼ਾ 'ਤੇ ਖ਼ੂਨੀ ਖੇਡ ! ਹਿਸਟਰੀ-ਸ਼ੀਟਰ ਦੀ ਗੋਲੀ ਲੱਗਣ ਨਾਲ ਮੌਤ

ਕੌਮੀ ਪਤ੍ਰਿਕਾ

ਗੁਰੂਗ੍ਰਾਮ 16 ਫਰਵਰੀ। ਨੈਸ਼ਨਲ ਹਾਈਵੇਅ-48 'ਤੇ ਖੇੜਕੀ ਦੌਲਾ ਟੋਲ ਪਲਾਜ਼ਾ ਦੇ ਨੇੜੇ ਇਕ ਹਿਸਟਰੀ-ਸ਼ੀਟਰ ਦੀ ਸ਼ੱਕੀ ਹਾਲਾਤਾਂ ਵਿੱਚ ਗੋਲੀ ਲੱਗਣ ਕਾਰਨ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਦਿੱਲੀ ਦੇ ਰਹਿਣ ਵਾਲੇ ਮਨੋਜ ਓਝਾ ਵਜੋਂ ਹੋਈ ਹੈ, ਜਿਸ ਵਿਰੁੱਧ ਪਹਿਲਾਂ ਹੀ 16 ਅਪਰਾਧਿਕ ਮਾਮਲੇ ਦਰਜ ਹਨ। ਹਾਲਾਂਕਿ, ਪੁਲਸ ਨੇ ਅਜੇ ਤੱਕ ਮ੍ਰਿਤਕ ਦੀ ਪਛਾਣ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਹੈ। ਜਾਣਕਾਰੀ ਅਨੁਸਾਰ, ਮਨੋਜ ਓਝਾ ਖੁਦ ਬੋਲੇਰੋ ਗੱਡੀ ਚਲਾ ਕੇ ਟੋਲ ਪਲਾਜ਼ਾ 'ਤੇ ਪਹੁੰਚਿਆ ਸੀ। ਉੱਥੇ ਮੌਜੂਦ ਐਂਬੂਲੈਂਸ ਕੋਲ ਜਾ ਕੇ ਉਸ ਨੇ ਕਿਹਾ, ਮੈਨੂੰ ਗੋਲੀ ਮਾਰੀ ਗਈ ਹੈ, ਮੈਨੂੰ ਹਸਪਤਾਲ ਪਹੁੰਚਾ ਦਿਓ। ਪ੍ਰਤੱਖਦਰਸ਼ੀਆਂ ਮੁਤਾਬਕ ਮ੍ਰਿਤਕ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਸਨ, ਜਿਸ ਕਾਰਨ ਕਤਲ ਦੀ ਸ਼ੰਕਾ ਜਤਾਈ ਜਾ ਰਹੀ ਹੈ। ਸ਼ੁਰੂਆਤੀ ਤੌਰ 'ਤੇ ਇਹ ਸ਼ੰਕਾ ਜਤਾਈ ਜਾ ਰਹੀ ਹੈ ਕਿ ਰਸਤੇ ਵਿੱਚ ਦੋ ਗੁੱਟਾਂ ਵਿਚਕਾਰ ਗੋਲੀਬਾਰੀ ਹੋਈ ਹੋ ਸਕਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿੱਥੇ ਮਨੋਜ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਮਿਲੇ ਹਨ, ਉੱਥੇ ਹੀ ਉਸ ਦੀ ਕਾਰ 'ਤੇ ਗੋਲੀ ਦਾ ਕੋਈ ਨਿਸ਼ਾਨ ਨਹੀਂ ਹੈ। ਪੁਲਸ ਨੇ ਘਟਨਾ ਵਾਲੀ ਗੱਡੀ ਵਿੱਚੋਂ ਦੋ ਪਿਸਤੌਲਾਂ ਵੀ ਬਰਾਮਦ ਕੀਤੀਆਂ ਹਨ। ਪੁਲਸ ਬੁਲਾਰੇ ਸੰਦੀਪ ਕੁਮਾਰ



ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਖੇੜਕੀ ਦੌਲਾ ਥਾਣਾ ਪੁਲਸ ਅਤੇ ਮਾਨੇਸਰ 391 ਦੀਆਂ ਟੀਮਾਂ ਨੂੰ ਜਾਂਚ ਵਿੱਚ ਲਗਾ ਦਿੱਤਾ ਗਿਆ ਹੈ। ਪੁਲਸ ਇਸ ਗੱਲ ਦੀ ਤਫਤੀਸ਼ ਕਰ ਰਹੀ ਹੈ ਕਿ ਹਿਸਟਰੀ-ਸ਼ੀਟਰ ਦਾ ਕਤਲ ਕੀਤਾ ਗਿਆ ਹੈ ਜਾਂ ਫਿਰ ਉਹ ਕਿਸੇ ਹੋਰ ਵਾਰਦਾਤ ਦੌਰਾਨ ਗੋਲੀ ਲੱਗਣ ਨਾਲ ਜ਼ਖ਼ਮੀ ਹੋਇਆ ਸੀ।

## ਜੈਨੇਟਿਕ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਲਈ ਰਾਹਤ, ਇਨ੍ਹਾਂ ਸਰਕਾਰੀ ਹਸਪਤਾਲਾਂ 'ਚ ਕੀਤੇ ਜਾਣਗੇ ਟੈਸਟ

ਨੈਸ਼ਨਲ ਡੈਸਕ 16 ਫਰਵਰੀ। ਦਿੱਲੀ ਦੀ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਇੱਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਦਿੱਲੀ ਯੂਨੀਵਰਸਿਟੀ ਨੇ ਮੌਲਾਨਾ ਆਜ਼ਾਦ ਮੈਡੀਕਲ ਕਾਲਜ ਅਤੇ ਇਸ ਨਾਲ ਸਬੰਧਤ ਲੋਕ ਨਾਇਕ ਹਸਪਤਾਲ ਵਿੱਚ 'ਮੈਡੀਕਲ ਜੈਨੇਟਿਕਸ ਵਿਭਾਗ' ਸ਼ੁਰੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਦਿੱਲੀ ਦੇ ਸਿਹਤ ਮੰਤਰੀ ਡਾ. ਪੰਕਜ ਕੁਮਾਰ ਸਿੰਘ ਨੇ ਦੱਸਿਆ ਕਿ ਇਹ ਨਵਾਂ ਵਿਭਾਗ ਗਰਭ ਅਵਸਥਾ ਤੋਂ ਲੈ ਕੇ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਤੱਕ, ਜੀਵਨ ਦੇ ਹਰ ਪੜਾਅ ਵਿੱਚ ਹੋਣ ਵਾਲੀਆਂ ਜੈਨੇਟਿਕ ਬੀਮਾਰੀਆਂ ਦੇ ਇਲਾਜ 'ਤੇ ਕੰਮ ਕਰੇਗਾ। ਇਸ ਵਿਭਾਗ ਦੇ ਖੁੱਲ੍ਹਣ ਨਾਲ ਹੁਣ ਸਰਕਾਰੀ ਹਸਪਤਾਲਾਂ ਵਿੱਚ ਜੀਨ ਥੈਰੇਪੀ, ਵਿਸ਼ੇਸ਼ ਦਵਾਈਆਂ ਅਤੇ ਗਰਭ ਵਿੱਚ ਹੀ ਇਲਾਜ ਵਰਗੀਆਂ ਉੱਨਤ ਸਹੂਲਤਾਂ ਉਪਲਬਧ ਹੋਣਗੀਆਂ। ਇਹ ਵਿਭਾਗ ਕੈਂਸਰ ਜੈਨੇਟਿਕਸ ਦੇ ਖੇਤਰ ਵਿੱਚ ਵੀ ਨਵੀਆਂ ਸੰਭਾਵਨਾਵਾਂ ਖੋਲ੍ਹੇਗਾ। ਇਸ ਤੋਂ ਇਲਾਵਾ, ਅਤੇ ਲੋਕ ਨਾਇਕ ਹਸਪਤਾਲ ਵਿੱਚ ਡੀ.ਐਮ. (ਮੈਡੀਕਲ ਜੈਨੇਟਿਕਸ) ਦੀਆਂ ਦੋ ਸੁਪਰ-ਸਪੈਸ਼ਲਿਟੀ ਸੀਟਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨਾਲ ਮਾਹਿਰ ਡਾਕਟਰਾਂ ਦੀ ਨਵੀਂ ਪੀੜ੍ਹੀ ਤਿਆਰ ਹੋਵੇਗੀ।

## ਘਰੋਂ ਅਚਾਨਕ ਲਾਪਤਾ ਹੋਈਆਂ ਤਿੰਨ ਨਾਬਾਲਗ ਕੁੜੀਆਂ, ਪਰਿਵਾਰ ਦੇ ਉੱਡੇ ਹੋਸ਼, ਭਾਲ ਜਾਰੀ

ਠਾਣੇ 16 ਫਰਵਰੀ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਵਿੱਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ ਘਰ ਵਿਚੋਂ ਦੋ ਸਕੀਆਂ ਨਾਬਾਲਗ ਭੈਣਾਂ ਅਤੇ 13 ਸਾਲਾ ਭਤੀਜੀ ਆਪਣੇ ਘਰੋਂ ਅਚਾਨਕ ਲਾਪਤਾ ਹੋ ਗਈ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਬੁੱਧਵਾਰ ਨੂੰ ਦਿੱਤੀ। ਇਸ ਗੱਲ ਦਾ ਪਤਾ ਲੱਗਣ ਤੋਂ ਬਾਅਦ ਪਰਿਵਾਰਕ ਮੈਂਬਰਾਂ ਦੇ ਹੋਸ਼ ਉੱਡ ਗਏ। ਇਸ ਘਟਨਾ ਦੀ ਸੂਚਨਾ ਪਰਿਵਾਰ ਵਲੋਂ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਪੁਲਸ ਨੇ ਲਾਪਤਾ ਕੁੜੀਆਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਖੜਕਪਾੜਾ ਪੁਲਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਦੋਵੇਂ ਭੈਣਾਂ, ਜਿਨ੍ਹਾਂ ਦੀ ਉਮਰ 13 ਅਤੇ 14 ਸਾਲ ਹੈ ਅਤੇ ਉਨ੍ਹਾਂ ਦੀ ਰਿਸ਼ਤੇਦਾਰ, ਇੱਕ 13 ਸਾਲ ਦੀ ਕੁੜੀ ਕਲਿਆਣ ਦੇ ਬਾੜਵੇ ਪਿੰਡ ਦੀਆਂ ਰਹਿਣ ਵਾਲੀਆਂ ਹਨ। ਉਹ ਸੋਮਵਾਰ ਸਵੇਰੇ ਲਗਭਗ 5:30 ਵਜੇ ਤੋਂ ਲਾਪਤਾ ਹਨ। ਅਧਿਕਾਰੀ ਨੇ ਕਿਹਾ ਕਿ ਜਦੋਂ ਪਰਿਵਾਰ ਨੂੰ ਕਾਫ਼ੀ ਭਾਲ ਕਰਨ ਦੇ ਬਾਵਜੂਦ ਕੁੜੀਆਂ ਨਹੀਂ ਮਿਲੀਆਂ, ਤਾਂ ਉਨ੍ਹਾਂ ਨੇ ਪੁਲਸ ਸ਼ਿਕਾਇਤ ਦਰਜ ਕਰਵਾਈ। ਉਨ੍ਹਾਂ ਕਿਹਾ ਕਿ ਇੱਕ ਸੂਚਨਾ ਦੇ ਆਧਾਰ 'ਤੇ ਕੁੜੀਆਂ ਦਾ ਪਤਾ ਲਗਾਉਣ ਲਈ ਇੱਕ ਪੁਲਸ ਟੀਮ ਲਖਨਊ ਭੇਜੀ ਗਈ ਹੈ। ਪੁਲਸ ਨੇ ਭਾਰਤੀ ਦੰਡ ਸੰਹਿਤਾ ਦੀ ਧਾਰਾ 137 (ਅਗਵਾ) ਦੇ ਤਹਿਤ ਮਾਮਲਾ ਦਰਜ ਕਰ ਦਿੱਤਾ ਅਤੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ।

## ਆਂਡਾ ਕਰੀ ਬਣਾਉਣ ਨੂੰ ਲੈ ਕੇ ਹੋਈ ਬਹਿਸ, ਪਤਨੀ ਨੇ ਦੰਦਾਂ ਨਾਲ ਵੱਢੀ ਪਤੀ ਦੀ ਜੀਭ

ਮੋਦੀਨਗਰ 16 ਫਰਵਰੀ। ਉੱਤਰ ਪ੍ਰਦੇਸ਼ ਦੇ ਮੋਦੀਨਗਰ 'ਚ ਇਕ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਸਿਰਫ਼ ਆਂਡਾ ਕਰੀ ਬਣਾਉਣ ਤੋਂ ਮਨ੍ਹਾ ਕਰਨ 'ਤੇ ਇਕ ਪਤਨੀ ਨੇ ਆਪਣੇ ਪਤੀ ਦੀ ਜੀਭ ਦੰਦਾਂ ਨਾਲ ਵੱਢ ਕੇ ਵੱਖ ਕਰ ਦਿੱਤੀ। ਪੁਲਸ ਨੇ ਮੁਲਜ਼ਮ ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਪਤੀ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮੋਦੀਨਗਰ ਦੇ ਰਹਿਣ ਵਾਲੇ ਵਿਪਿਨ ਕੁਮਾਰ, ਜੋ ਇਕ ਨਿੱਜੀ ਕੰਪਨੀ 'ਚ ਕੰਮ ਕਰਦੇ ਹਨ, ਦਾ ਵਿਆਹ ਛੇ ਮਹੀਨੇ ਪਹਿਲਾਂ ਹੀ ਈਸ਼ਾ ਨਾਲ ਹੋਇਆ ਸੀ। ਸੋਮਵਾਰ ਰਾਤ ਨੂੰ ਜਦੋਂ ਵਿਪਿਨ ਡਿਊਟੀ ਤੋਂ ਘਰ ਵਾਪਸ ਆਇਆ ਤਾਂ ਈਸ਼ਾ ਨੇ ਘਰ 'ਚ ਆਂਡਾ ਕਰੀ ਬਣਾਉਣ ਦੀ ਮੰਗ ਕੀਤੀ, ਪਰ ਵਿਪਿਨ ਨੇ ਇਸ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਇਸ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਕਾਫੀ ਤਕਰਾਰ ਹੋਈ, ਜਿਸ ਤੋਂ ਬਾਅਦ ਦੋਵੇਂ ਬਿਨਾਂ ਕੁਝ ਖਾਧੇ-ਪੀਤੇ ਕਮਰੇ 'ਚ ਸੌਂਣ ਚਲੇ ਗਏ। ਰਾਤ ਨੂੰ ਕਮਰੇ 'ਚ ਦੋਵਾਂ ਵਿਚਾਲੇ ਫਿਰ ਤੋਂ ਬਹਿਸ ਸ਼ੁਰੂ ਹੋ ਗਈ ਅਤੇ ਇਸੇ ਦੌਰਾਨ ਗੁੱਸੇ 'ਚ ਆ ਕੇ ਈਸ਼ਾ ਨੇ ਵਿਪਿਨ ਦੀ ਜੀਭ ਦੰਦਾਂ ਨਾਲ ਵੱਢ ਦਿੱਤੀ। ਇਹ ਵੀ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ ਪਤਨੀ ਇਸ ਵਿਆਹ ਤੋਂ ਖੁਸ਼ ਨਹੀਂ ਸੀ। ਇਸ ਖ਼ੂਨੀ ਘਟਨਾ ਬਾਰੇ ਪਤਾ ਲੱਗਦਿਆਂ ਹੀ ਗੁੱਸੇ 'ਚ ਆਏ ਗੁਆਂਢੀਆਂ ਨੇ ਮੁਲਜ਼ਮ ਪਤਨੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਕੁੱਟਮਾਰ ਵੀ ਕੀਤੀ। ਫਿਲਹਾਲ ਪੁਲਸ ਨੇ ਕਾਰਵਾਈ ਕਰਦੇ ਹੋਏ ਪਤਨੀ ਨੂੰ ਹਿਰਾਸਤ 'ਚ ਲੈ ਲਿਆ ਹੈ। ਜ਼ਖ਼ਮੀ ਵਿਪਿਨ ਦਾ ਮੇਰਠ ਦੇ ਇਕ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ, ਜਿੱਥੇ ਉਸ ਦੀ ਹਾਲਤ ਅਜਿਹੀ ਹੈ ਕਿ ਉਹ ਕੁਝ ਵੀ ਬੋਲਣ ਦੀ ਸਥਿਤੀ 'ਚ ਨਹੀਂ ਹੈ।

## 12 ਘੰਟਿਆਂ 'ਚ ਕਿਡਨੈਪਿੰਗ ਕੇਸ ਹੱਲ: ਪੁਲਸ ਨੇ ਕਿਡਨੈਪਰਾਂ ਦੇ ਚੁੰਗਲ 'ਚੋਂ ਵਿਅਕਤੀ ਨੂੰ ਕਰਵਾਇਆ ਆਜਾਦ

ਖਰੜ, 16 ਫਰਵਰੀ। ਥਾਣਾ ਸਿਟੀ ਖਰੜ ਪੁਲਸ ਨੂੰ ਵੱਡੀ ਕਾਮਯਾਬੀ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਕਰਨ ਸਿੰਘ ਸੰਧੂ ਅਤੇ ਇੰਸਪੈਕਟਰ ਅਮਰਿੰਦਰ ਸਿੰਘ ਸਿੱਧੂ ਮੁੱਖ ਅਫਸਰ ਥਾਣਾ ਸਿਟੀ ਖਰੜ ਨੇ ਦੱਸਿਆ ਕਿ 13. ਫਰਵਰੀ 2026 ਨੂੰ ਦੀਪਕ ਕੁਮਾਰ ਚੰਦੇਲ ਵਾਸੀ ਹਿਮਾਚਲ ਪ੍ਰਦੇਸ (ਹਾਲ ਵਾਸੀ ਵਿਲਾ ਪਲਾਸੋ ਖਰੜ) ਨੇ ਥਾਣਾ ਹਾਜਰ ਹੋ ਕੇ ਸਿ਼ਕਾਇਤ ਦਿੱਤੀ ਕਿ ਉਸ ਅਤੇ ਉਸਦੇ ਦੋਸਤ ਰਿਸਵ ਸਰਮਾ ਨੇ ਆਪਣੀ ਜਾਣ-ਪਛਾਣ ਵਾਲੀ ਲੜਕੀ ਨੇਹਾ ਲਈ ਖਰੜ ਵਿਖੇ ਸੈਲੂਨ ਖੋਲ੍ਹਣ ਲਈ ਕਰੀਬ 12,50,000 ਰੁਪਏ ਸਾਗਰ ਨਾਮਕ ਵਿਅਕਤੀ ਤੋਂ 9 ਫੀਸਦੀ ਵਿਆਜ 'ਤੇ ਲੈ ਕੇ ਦਿੱਤੇ ਸਨ। ਸਿ਼ਕਾਇਤ ਅਨੁਸਾਰ ਸੈਲੂਨ ਸੂਰੂ ਹੋਣ ਤੋਂ ਬਾਅਦ ਰਕਮ ਵਾਪਸੀ ਵਿੱਚ ਦੇਰੀ ਹੋ ਗਈ। ਗਰੰਟਰ ਹੋਣ ਕਾਰਨ ਦੀਪਕ ਅਤੇ ਰਿਸਵ ਨੇ ਸਾਗਰ ਨੂੰ 10,50,000 ਰੁਪਏ ਅਦਾ ਕਰ ਦਿੱਤੇ, ਪਰ ਸਾਗਰ ਵੱਲੋਂ ਪੂਰੀ 12,50,000 ਰੁਪਏ ਦੀ ਰਕਮ 'ਤੇ 9 ਫੀਸਦੀ ਵਿਆਜ ਸਮੇਤ ਲਗਾਤਾਰ ਦਬਾਅ ਬਣਾਇਆ ਜਾ ਰਿਹਾ ਸੀ। ਪੁਲਸ ਮੁਤਾਬਕ ਸਾਗਰ ਨੇ ਆਪਣੇ ਸਾਥੀਆਂ ਪ੍ਰਿਸ ਉਰਫ ਅੰਕਿਤ ਡਾਕਾ ਅਤੇ ਪੂਰਵ ਮਲਿਕ ਨਾਲ ਮਿਲ ਕੇ ਦੀਪਕ ਦੀ ਗੈਰਹਾਜਰੀ ਵਿੱਚ ਰਿਸਵ ਸਰਮਾ ਨੂੰ ਕਿਡਨੈਪ ਕਰ ਲਿਆ। ਇਸ ਸਬੰਧੀ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਸੀ। ਤਫਤੀਸ ਦੌਰਾਨ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਕੇਵਲ 12 ਘੰਟਿਆਂ ਦੇ ਅੰਦਰ ਸਾਗਰ, ਪ੍ਰਿਸ ਉਰਫ ਅੰਕਿਤ ਡਾਕਾ ਅਤੇ ਸਾਬਕਾ ਮਲਿਕ ਨੂੰ ਗ੍ਰਿਫਤਾਰ ਕਰ ਲਿਆ। ਮੁਲਜਮਾਂ ਦੀ ਕਸਟਡੀ ਵਿੱਚੋਂ ਪੀੜਤ ਰਿਸਵ ਸਰਮਾ ਨੂੰ ਸਹੀ-ਸਲਾਮਤ ਬਰਾਮਦ ਕਰ ਕੇ ਇਕ ਗੱਡੀ ਬਲੀਨੋ ਵੀ ਕਬਜੇ ਵਿੱਚ ਲਈ ਗਈ ਹੈ।

## ਪਹਿਲਾਂ ਰੱਜ ਕੇ ਪੀਤੀ ਬੀਅਰ, ਫਿਰ ਖਾਣ ਲੱਗੇ ਰੋਟੀ, ਅਚਾਨਕ ਦਮ ਤੋੜ ਗਏ 2 ਮੁੰਡੇ

ਬੰਦਵੱਡੀਪੱਲੀ 16 ਫਰਵਰੀ। ਅੰਨਾਮਲਾਈ ਜ਼ਿਲ੍ਹੇ ਦੇ ਦੋ ਸਾਫਟਵੇਅਰ ਇੰਜੀਨੀਅਰਾਂ ਦੀ ਜ਼ਿਆਦਾ ਸ਼ਰਾਬ ਪੀਣ ਤੋਂ ਬਾਅਦ ਕਥਿਤ ਤੌਰ 'ਤੇ ਖਾਣਾ ਖਾਂਦੇ ਸਮੇਂ ਅਚਾਨਕ ਦਮ ਘੁੱਟਣ ਕਾਰਨ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਇੱਕ ਪੁਲਸ ਅਧਿਕਾਰੀ ਨੇ ਬੁੱਧਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਮਣੀ ਕੁਮਾਰ (35) ਅਤੇ ਪੁਸ਼ਪਰਾਜ (27) ਵਜੋਂ ਹੋਈ ਹੈ, ਜੋ 17 ਜਨਵਰੀ ਨੂੰ ਆਪਣੇ ਚਾਰ ਦੋਸਤਾਂ ਨੂੰ ਮਿਲੇ ਸਨ ਅਤੇ ਕਈ ਘੰਟਿਆਂ ਤੱਕ ਬੀਅਰ ਪੀਂਦੇ ਰਹੇ। ਰਾਇਚੋਟੀ ਦੇ ਡਿਪਟੀ ਸੁਪਰਡੈਂਟ ਆਫ਼ ਪੁਲਸ (ਡੀਐਸਪੀ) ਕ੍ਰਿਸ਼ਨ ਮੋਹਨ ਨੇ ਕਿਹਾ, ਅੰਮਾਇਆ ਜ਼ਿਲ੍ਹੇ ਦੇ ਦੋ ਸਾਫਟਵੇਅਰ ਇੰਜੀਨੀਅਰਾਂ ਦੀ ਦੋਸਤਾਂ ਨਾਲ ਸ਼ਰਾਬ ਪੀਣ ਤੋਂ ਬਾਅਦ ਭੋਜਨ ਨਾਲ ਦਮ ਘੁੱਟਣ ਕਾਰਨ ਮੌਤ ਹੋ ਗਈ। ਮੋਹਨ ਨੇ ਕਿਹਾ ਕਿ ਉਨ੍ਹਾਂ ਸਾਰਿਆਂ ਨੇ ਬੀਅਰ ਦੇ 19 ਕੈਨ ਖਰੀਦੇ ਅਤੇ ਉਨ੍ਹਾਂ ਨੂੰ ਸ਼ਾਮ 3:30 ਵਜੇ ਤੋਂ 7:30 ਵਜੇ ਦੇ ਵਿਚਕਾਰ ਪੀਤਾ। ਇਸ ਦੌਰਾਨ ਕੁਮਾਰ ਨੇ ਲਗਭਗ ਛੇ ਅਤੇ ਪੁਸ਼ਪਰਾਜ ਨੇ ਲਗਭਗ 5 ਕੈਨ ਬੀਅਰ ਪੀ ਲਏ। ਉਨ੍ਹਾਂ ਦੱਸਿਆ ਕਿ ਦੋਸਤਾਂ ਨਾਲ ਮਿਲ ਬੀਅਰ ਪੀਣ ਅਤੇ ਖਾਣਾ ਖਾਣ ਤੋਂ ਬਾਅਦ ਘਰ ਵਾਪਸ ਆਉਂਦੇ ਸਮੇਂ ਕੁਮਾਰ ਬੇਹੋਸ਼ ਹੋ ਗਿਆ ਅਤੇ ਉਸਨੂੰ ਸਾਹ ਲੈਣ ਵਿੱਚ ਤਕਲੀਫ਼ ਹੋਣ ਲੱਗੀ। ਉਸਦੇ ਦੋਸਤਾਂ ਨੇ ਉਸਨੂੰ ਤੁਰੰਤ ਹਸਪਤਾਲ ਪਹੁੰਚਾਇਆ, ਜਿੱਥੇ ਉਸਦੀ ਮੌਤ ਹੋ ਗਈ। ਇਸ ਦੌਰਾਨ ਪੁਸ਼ਪਰਾਜ ਦੀ ਰਾਤ 10 ਵਜੇ ਦੇ ਕਰੀਬ ਮੌਤ ਹੋ ਗਈ। ਪੁਲਸ ਦੇ ਅਨੁਸਾਰ ਕੁਮਾਰ ਨੇ ਬੀਅਰ ਪੀਣ ਤੋਂ ਪਹਿਲਾਂ ਹੀ ਨਸ਼ੇ ਦਾ ਸੇਵਨ ਕਰ ਲਿਆ ਸੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜ਼ਿਆਦਾ ਸ਼ਰਾਬ ਪੀਣ ਅਤੇ ਭੋਜਨ ਦੇ ਗਲੇ ਵਿਚ ਅਟਕ ਜਾਣ 'ਤੇ ਦਮ ਘੁੱਟਣ ਕਾਰਨ ਉਸਨੂੰ ਸਾਹ ਲੈਣ ਵਿੱਚ ਮੁਸ਼ਕਲ ਹੋਈ। 18 ਜਨਵਰੀ ਨੂੰ ਕੁਮਾਰ ਦੇ ਪਿਤਾ ਨਰਸਿਮਹਾ ਨੇ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਕਿਹਾ ਗਿਆ ਸੀ ਕਿ ਮੌਤ ਦਾ ਕਾਰਨ ਅਣਜਾਣ ਹੈ।

## ਲੁਧਿਆਣਾ 'ਚ ਲੋਹੜੀ ਦੀ ਰਾਤ ਖ਼ੂਨੀ ਝੜਪ: ਰਸਤਾ ਮੰਗਣ 'ਤੇ ਨੌਜਵਾਨ ਨੂੰ ਕੁੱਟਿਆ, ਫਿਰ ਚੱਲੀਆਂ ਤਾਬੜਤੋੜ ਗੋਲੀਆਂ

ਕੌਮੀ ਪਤ੍ਰਿਕਾ

ਲੁਧਿਆਣਾ, 16 ਫਰਵਰੀ। ਲੁਧਿਆਣਾ ਦੇ ਟਿੱਬਾ ਇਲਾਕੇ ਵਿੱਚ ਲੋਹੜੀ ਦੇ ਜਸ਼ਨਾਂ ਦੌਰਾਨ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਰਸਤਾ ਮੰਗਣ ਵਰਗੀ ਮਾਮੂਲੀ ਗੱਲ ਨੇ ਖ਼ੂਨੀ ਰੂਪ ਧਾਰ ਲਿਆ। ਨਿਊ ਰਿਸ਼ੀ ਨਗਰ ਵਿੱਚ ਵਾਪਰੀ ਇਸ ਘਟਨਾ ਵਿੱਚ ਪਹਿਲਾਂ ਇੱਕ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਅਤੇ ਬਾਅਦ ਵਿੱਚ ਗੋਲੀਆਂ ਚੱਲਣ ਕਾਰਨ ਇਲਾਕੇ ਵਿੱਚ ਸਨਸਨੀ ਫੈਲ ਗਈ। ਜਾਣਕਾਰੀ ਮੁਤਾਬਕ, ਮੰਗਲਵਾਰ ਰਾਤ ਨਿਊ ਰਿਸ਼ੀ ਨਗਰ ਦੀ ਇੱਕ ਗਲੀ ਵਿੱਚ ਮੁਹੱਲਾ ਨਿਵਾਸੀ ਲੋਹੜੀ ਬਾਲ ਕੇ ਤਿਉਹਾਰ ਮਨਾ ਰਹੇ ਸਨ। ਇਸੇ ਦੌਰਾਨ ਉੱਥੋਂ ਇੱਕ ਬਾਈਕ ਸਵਾਰ ਨੌਜਵਾਨ ਗੁਜ਼ਰਨ ਲੱਗਾ, ਜਿਸ ਨੇ ਭੀੜ ਅਤੇ ਰਸਤੇ ਵਿੱਚ ਮੱਚ ਰਹੀ ਲੋਹੜੀ ਕਾਰਨ ਲੰਘਣ ਲਈ ਰਸਤਾ ਮੰਗਿਆ। ਆਰੋਪ ਹੈ ਕਿ ਤਿਉਹਾਰ ਮਨਾ ਰਹੇ ਲੋਕਾਂ ਨੇ ਰਸਤਾ ਦੇਣ ਤੋਂ ਮਨ੍ਹਾ ਕਰ ਦਿੱਤਾ, ਜਿਸ ਕਾਰਨ ਬਹਿਸ ਵਧ ਗਈ ਅਤੇ ਮੁਹੱਲਾ ਨਿਵਾਸੀਆਂ ਨੇ ਬਾਈਕ ਸਵਾਰ ਦੀ ਜੰਮ ਕੇ ਛਿੱਤਰ-ਪਰੇਡ ਕਰ



ਦਿੱਤੀ। ਕੁੱਟਮਾਰ ਦਾ ਸ਼ਿਕਾਰ ਹੋਇਆ ਨੌਜਵਾਨ ਇਸ ਅਪਮਾਨ ਦਾ ਬਦਲਾ ਲੈਣ ਲਈ ਕਰੀਬ ਅੱਧੇ ਘੰਟੇ ਬਾਅਦ ਆਪਣੇ ਕੁਝ ਸਾਥੀਆਂ ਸਮੇਤ ਹਥਿਆਰਾਂ ਨਾਲ ਲੈਸ ਹੋ ਕੇ ਵਾਪਸ ਆਇਆ। ਚਸ਼ਮਦੀਦਾਂ ਅਨੁਸਾਰ ਆਉਂਦੇ ਹੀ ਨੌਜਵਾਨਾਂ ਨੇ ਹਮਲਾ ਬੋਲ ਦਿੱਤਾ ਅਤੇ ਸਥਿਤੀ ਇੰਨੀ ਵਿਗੜ ਗਈ ਕਿ ਇੱਕ ਪੱਖ ਵੱਲੋਂ ਸ਼ਰੇਆਮ ਗੋਲੀਆਂ ਚਲਾ ਦਿੱਤੀਆਂ ਗਈਆਂ। ਗੋਲੀਆਂ ਦੀ ਆਵਾਜ਼ ਸੁਣਦੇ ਹੀ ਗਲੀ ਵਿੱਚ ਭਾਜੜ ਮਚ ਗਈ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਇੱਧਰ-ਉੱਧਰ ਭੱਜਣ ਲੱਗੇ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਟਿੱਬਾ ਦੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਫਿਲਹਾਲ ਪੁਲਸ ਇਸ ਗੱਲ ਦਾ ਪਤਾ ਲਗਾ ਰਹੀ ਹੈ ਕਿ ਗੋਲੀ ਕਿਸ ਨੇ ਚਲਾਈ ਅਤੇ ਕੀ ਇਸ ਹਾਦਸੇ ਵਿੱਚ ਕੋਈ ਜ਼ਖਮੀ ਹੋਇਆ ਹੈ। ਪੁਲਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਕਾਨੂੰਨ ਨੂੰ ਹੱਥ ਵਿੱਚ ਲੈਣ ਵਾਲੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਕਾਰ ਦੇ ਹੇਠਾਂ ਫਸ ਗਈ ਲਾਸ਼ ! ਡਰਾਈਵਰ ਨੂੰ ਨਹੀਂ ਲੱਗਾ ਪਤਾ

ਨੈਸ਼ਨਲ ਡੈਸਕ 16 ਫਰਵਰੀ। ਉੱਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲੇ 'ਚ ਸ਼ੁੱਕਰਵਾਰ ਰਾਤ ਇਕ ਦੁਖਦਾਈ ਘਟਨਾ ਵਾਪਰੀ। ਇਕ ਨੌਜਵਾਨ ਦੀ ਲਾਸ਼ ਉਸ ਕਾਰ ਦੇ ਹੇਠਾਂ ਫਸ ਗਈ ਜਿਸ ਤੇ 'ਯੂ.ਪੀ. ਸਰਕਾਰ' ਲਿਖਿਆ ਹੋਇਆ ਸੀ। ਲਾਸ਼ ਸੜਕ 'ਤੇ ਲਗਭਗ 12 ਕਿਲੋਮੀਟਰ ਤੱਕ ਘਿਸੜਦੀ ਗਈ। ਇਹ ਘਟਨਾ ਸਦਰ ਕੋਤਵਾਲੀ ਖੇਤਰ ਦੇ ਲਾਲਪੁਲ ਚੌਰਾਹੇ ਨੇੜੇ ਵਾਪਰੀ। ਪਿੱਛੇ ਆ ਰਹੇ ਵਾਹਨਾਂ 'ਚ ਸਵਾਰ ਲੋਕਾਂ ਨੇ ਕਾਰ ਨੂੰ ਰੁਕਵਾਇਆ ਤੇ ਪੁਲਸ ਨੂੰ ਸੂਚਿਤ ਕੀਤਾ। ਪੁਲਸ ਅਨੁਸਾਰ ਸਿਵਲ ਲਾਈਨਜ਼ ਖੇਤਰ ਦਾ ਰਹਿਣ ਵਾਲਾ ਪਰਵੇਂਦਰ ਪ੍ਰਤਾਪ ਸਿੰਘ ਕਾਦਰ ਚੌਂਕ ਥਾਣਾ ਖੇਤਰ ਤੋਂ ਕਾਰ ਰਾਹੀਂ ਘਰ ਵਾਪਸ ਆ ਰਿਹਾ ਸੀ। ਰਸਤੇ 'ਚ ਇਕ ਨੌਜਵਾਨ ਦੀ ਲਾਸ਼ ਕਾਰ ਦੇ ਹੇਠਾਂ ਫਸ ਗਈ ਪਰ ਡਰਾਈਵਰ ਨੂੰ ਪਤਾ ਨਹੀਂ ਲੱਗਾ। ਲਾਲਪੁਲ ਪਹੁੰਚਣ 'ਤੇ ਲੋਕਾਂ ਨੇ ਕਾਰ ਦੇ ਹੇਠਾਂ ਲਾਸ਼ ਫਸੀ ਵੇਖੀ ਤਾਂ ਉਹ ਹੈਰਾਨ ਰਹਿ ਗਏ। ਪੁਲਸ ਨੇ ਲਾਸ਼ ਨੂੰ ਬਾਹਰ ਕੱਢਿਆ ਜਿਸ ਦੀ ਪਛਾਣ ਮਿਸਤਰੀ ਘਲੇਂਦਰ ਪੁੱਤਰ ਚੁੰਨੀ ਲਾਲ ਵਾਸੀ ਬਿਲਸੀ ਕੋਤਵਾਲੀ ਖੇਤਰ ਰਾਏਪੁਰ ਵਜੋਂ ਹੋਈ। ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਡਰਾਈਵਰ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਸੀ.ਸੀ.ਟੀ.ਵੀ. ਫੁਟੇਜ ਰਾਹੀਂ ਪੂਰੀ ਘਟਨਾ ਦੀ ਜਾਂਚ ਕਰ ਰਹੀ ਹੈ।

## ਠਾਣੇ 'ਚ ਚੱਲਦੀ ਬੱਸ ਨੂੰ ਲੱਗ ਗਈ ਅੱਗ ! ਡਰਾਈਵਰ-ਕੰਡਕਟਰ ਦੀ ਸੂਝਬੂਝ ਨਾਲ ਟਲਿਆ ਹਾਦਸਾ

ਨੈਸ਼ਨਲ ਡੈਸਕ 16 ਫਰਵਰੀ। ਮਹਾਰਾਸ਼ਟਰ ਦੇ ਠਾਣੇ ਸ਼ਹਿਰ ਵਿੱਚ ਬੁੱਧਵਾਰ ਦੁਪਹਿਰ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਠਾਣੇ ਨਗਰ ਨਿਗਮ ਦੀ ਇੱਕ ਚਲਦੀ ਬੱਸ ਨੂੰ ਅਚਾਨਕ ਅੱਗ ਲੱਗ ਗਈ। ਰਾਹਤ ਦੀ ਗੱਲ ਇਹ ਰਹੀ ਕਿ ਬੱਸ ਵਿੱਚ ਸਵਾਰ ਸਾਰੀਆਂ 25 ਸਵਾਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਇਹ ਘਟਨਾ ਦੁਪਹਿਰ ਲਗਭਗ 1 ਵਜੇ ਰਾਗੋਡੀ ਇਲਾਕੇ ਦੇ ਨੇੜੇ ਵਾਪਰੀ। ਬੱਸ ਸੀ.ਆਈ.ਡੀ.ਕੋ ਡਿਪੂ ਤੋਂ ਕਲਹੇਰ ਜਾ ਰਹੀ ਸੀ। ਹਾਦਸੇ ਵੇਲੇ ਬੱਸ ਵਿੱਚ 20 ਤੋਂ 25 ਯਾਤਰੀ ਸਵਾਰ ਸਨ। ਅੱਗ ਦੀ ਭਿਣਕ ਲੱਗਦੇ ਹੀ ਬੱਸ ਡਰਾਈਵਰ ਸੁਸ਼ੀਲ ਸ਼ੇਲਾਰ ਅਤੇ ਕੰਡਕਟਰ ਸਾਗਰ ਪਾਸ਼ਤੇ ਨੇ ਟ?ਰੈਫਿਕ ਪੁਲਸ ਦੀ ਮਦਦ ਨਾਲ ਤੁਰੰਤ ਸਵਾਰੀਆਂ ਨੂੰ ਹੇਠਾਂ ਉਤਾਰਿਆ। ਆਫ਼ਤ ਪ੍ਰਬੰਧਨ ਇਕਾਈ ਦੇ ਮੁਖੀ ਯਾਸੀਨ ਤਾਡਵੀ ਨੇ ਪੁਸ਼ਟੀ ਕੀਤੀ ਕਿ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਹੈ। ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਹੈ। ਅਧਿਕਾਰੀਆਂ ਮੁਤਾਬਕ ਡਰਾਈਵਰ ਅਤੇ ਕੰਡਕਟਰ ਦੀ ਮੁਸਤੈਦੀ ਕਾਰਨ ਇੱਕ ਵੱਡਾ ਜਾਨੀ ਨੁਕਸਾਨ ਹੋਣੋਂ ਬਚ ਗਿਆ। ਫਿਲਹਾਲ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ।

## ਕਿਸਾਨ ਦਾ ਗੋਲੀਆਂ ਮਾਰ ਕਰ 'ਤਾ ਕਤਲ, ਖੇਤਾਂ 'ਚੋਂ ਖ਼ੂਨ ਨਾਲ ਲੱਥਪੱਥ ਮਿਲੀ ਲਾਸ਼

ਕੌਮੀ ਪਤ੍ਰਿਕਾ

ਭਿੰਡ 16 ਫਰਵਰੀ। ਮੱਧ ਪ੍ਰਦੇਸ਼ ਦੇ ਭਿੰਡ ਜ਼ਿਲ੍ਹੇ ਵਿੱਚ ਇੱਕ ਕਿਸਾਨ ਦੀ ਉਸਦੇ ਖੇਤਾਂ ਵਿੱਚ ਟਿਊਬਵੈੱਲ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮਾਊ ਥਾਣਾ ਖੇਤਰ ਦੇ ਪਿੰਡ ਸੌਰਾ ਵਿੱਚ ਬੀਤੀ ਦੇਰ ਰਾਤ ਵਾਪਰੀ ਇਸ ਘਟਨਾ ਵਿੱਚ ਮੁਲਜ਼ਮਾਂ ਦੀ ਮ੍ਰਿਤਕ ਦੇ ਭਰਾ ਨਾਲ ਪੁਰਾਣੀ ਰੰਜਿਸ਼ ਦੱਸੀ ਜਾ ਰਹੀ ਹੈ। ਮੁਲਜ਼ਮਾਂ ਨੇ ਮ੍ਰਿਤਕ ਦੇ 11 ਸਾਲਾ ਪੁੱਤਰ 'ਤੇ ਵੀ ਜਾਨਲੇਵਾ ਹਮਲਾ ਕੀਤਾ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਪੁਲਸ ਨੇ ਮਾਲਣਪੁਰ ਦੇ ਦੋ ਮੁਲਜ਼ਮਾਂ ਖ਼?ਲਾਫ਼ ਐਫਆਈਆਰ ਦਰਜ ਕਰ ਲਈ ਹੈ ਅਤੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ 45 ਸਾਲਾ ਰਾਜਕੁਮਾਰ ਗੁਰਜਰ ਆਪਣੇ ਪਰਿਵਾਰ ਨਾਲ ਪਿੰਡ ਦੇ ਬਾਹਰ ਇੱਕ ਖੇਤ ਵਿੱਚ ਬਣੇ ਘਰ ਵਿੱਚ ਰਹਿੰਦਾ ਸੀ। ਘਟਨਾ ਦੇ ਸਮੇਂ ਉਹ ਆਪਣੇ 11 ਸਾਲ ਦੇ ਪੁੱਤਰ ਸ਼ਿਵਮ ਨਾਲ ਫਾਰਮ 'ਤੇ ਸੀ। ਦੇਰ ਰਾਤ ਮਾਲਣਪੁਰ ਨਿਵਾਸੀ ਰੂਪ ਸਿੰਘ ਧੋਬੀ ਅਤੇ ਲਕਸ਼ਮਣ ਸਿੰਘ ਧੋਬੀ ਉੱਥੇ ਪਹੁੰਚ ਗਏ ਅਤੇ ਘਰ 'ਤੇ ਹਮਲਾ ਕਰ ਦਿੱਤਾ। ਦੋਵਾਂ ਨੇ



ਰਾਜਕੁਮਾਰ ਨਾਲ ਬਦਸਲੂਕੀ ਵੀ ਕੀਤੀ। ਜਦੋਂ ਉਸਨੇ ਵਿਰੋਧ ਕੀਤਾ, ਤਾਂ ਦੋਸ਼ੀ ਨੇ ਉਸਨੂੰ ਵਾਰੋ-ਵਾਰੀ ਦੋ ਗੋਲੀਆਂ ਮਾਰ ਦਿੱਤੀਆਂ। ਰਾਜਕੁਮਾਰ ਦਾ 11 ਸਾਲਾ ਪੁੱਤਰ ਸ਼ਿਵਮ ਵੀ ਮੌਕੇ 'ਤੇ ਮੌਜੂਦ ਸੀ। ਜਦੋਂ ਪੁੱਤਰ ਨੇ ਆਪਣੇ ਪਿਤਾ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀ ਨੇ ਉਸ 'ਤੇ ਡੰਡੇ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਸ ਦੇ ਸਿਰ 'ਤੇ ਘਾਤਕ ਸੱਟ ਲੱਗ ਗਈ। ਸੂਚਨਾ ਮਿਲਦੇ ਹੀ ਪੁਲਸ ਫੋਰਸ ਮੌਕੇ 'ਤੇ ਪਹੁੰਚ ਗਈ। ਲਾਸ਼ ਨੂੰ ਰਾਤ ਨੂੰ ਮਾਊ ਸ਼ਹਿਰ ਦੇ ਪੀਐਮ ਹਾਊਸ ਵਿੱਚ ਰੱਖਿਆ ਗਿਆ। ਸਥਾਨਕ ਲੋਕਾਂ ਦੇ ਅਨੁਸਾਰ ਮ੍ਰਿਤਕ ਰਾਜਕੁਮਾਰ ਦਾ ਭਰਾ, ਰਾਮਵੀਰ ਸਿੰਘ ਗੁਰਜਰ, ਇੱਕ ਮਾਮਲੇ ਦੇ ਸਿਲਸਿਲੇ ਵਿੱਚ ਗਵਾਲੀਅਰ ਕੇਂਦਰੀ ਜੇਲ੍ਹ ਵਿੱਚ ਕੈਦ ਸੀ। ਉਸਦੀ ਦੋਸਤੀ ਜੇਲ੍ਹ ਵਿੱਚ ਮੁਲਜ਼ਮ ਰੂਪ ਸਿੰਘ ਧੋਬੀ ਨਾਲ ਹੋਈ ਸੀ। ਦੋਵੇਂ ਲੰਬੇ ਸਮੇਂ ਤੱਕ ਦੋਸਤਾਨਾ ਰਹੇ ਪਰ ਬਾਅਦ ਵਿੱਚ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਕਿਹਾ ਜਾਂਦਾ ਹੈ ਕਿ ਦੋਸ਼ੀ ਰੂਪ ਸਿੰਘ ਅਤੇ ਲਕਸ਼ਮਣ ਸਿੰਘ, ਉਸ ਰਾਤ ਰਾਮਵੀਰ ਸਿੰਘ ਦੀ ਭਾਲ ਵਿੱਚ ਸੌਰਾ ਪਿੰਡ ਗਏ ਸਨ। ਜਦੋਂ ਰਾਮਵੀਰ ਨਹੀਂ ਮਿਲਿਆ ਤਾਂ ਉਸਦਾ ਆਪਣੇ ਭਰਾ ਰਾਜਕੁਮਾਰ ਗੁਰਜਰ ਨਾਲ ਝਗੜਾ ਹੋ ਗਿਆ ਅਤੇ ਇਸ ਦੁਸ਼ਮਣੀ ਕਾਰਨ ਉਸਨੇ ਰਾਜਕੁਮਾਰ ਗੁਰਜਰ ਨੂੰ ਗੋਲੀਆਂ ਮਾਰ ਦਿੱਤੀਆਂ।

## ਪਤਨੀ ਦੇ ਉਕਸਾਉਣ 'ਤੇ ਪੁੱਤ ਨੇ ਪਿਤਾ ਦਾ ਕੀਤਾ ਕਤਲ, ਬਚਾਉਣ ਆਏ ਦੋ ਭਰਾਵਾਂ ਨੂੰ ਵੀ ਮਾਰਿਆ ਚਾਕੂ

ਨੈਸ਼ਨਲ ਡੈਸਕ 16 ਫਰਵਰੀ। ਉੱਤਰ ਪ੍ਰਦੇਸ ਦੇ ਬਲੀਆ ਜਿ?ਲ੍ਹੇ ਦੇ ਦੋਕਟੀ ਥਾਣਾ ਖੇਤਰ ਦੇ ਪਿੰਡ ਭਗਵਾਨਪੁਰ ਵਿੱਚ ਇੱਕ ਬੇਹੱਦ ਦੁਖਦਾਈ ਘਟਨਾ ਸਾਹਮਣੇ ਆਈ ਹੈ। ਇੱਥੇ ਇੱਕ ਨੌਜਵਾਨ ਨੇ ਪਰਿਵਾਰਕ ਕਲੇਸ ਦੇ ਚੱਲਦਿਆਂ ਆਪਣੇ ਪਿਤਾ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਇਸ ਹਮਲੇ ਵਿੱਚ ਪਿਤਾ ਨੂੰ ਬਚਾਉਣ ਦੀ ਕੋਸਿ?ਸ ਕਰ ਰਹੇ ਮੁਲਜਮ ਦੇ ਦੋ ਭਰਾ ਵੀ ਗੰਭੀਰ ਰੂਪ ਵਿੱਚ ਜਖਮੀ ਹੋ ਗਏ ਹਨ। ਪੁਲਸ ਨੇ ਕਾਰਵਾਈ ਕਰਦੇ ਹੋਏ ਮੁਲਜਮ ਪੁੱਤਰ ਅਤੇ ਉਸ ਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਜਾਣਕਾਰੀ ਅਨੁਸਾਰ, ਮੁਕੇਸ ਯਾਦਵ (24) ਗੁਜਰਾਤ ਦੇ ਸੂਰਤ ਵਿੱਚ ਕੰਮ ਕਰਦਾ ਸੀ ਅਤੇ ਸੁੱਕਰਵਾਰ ਰਾਤ ਨੂੰ ਹੀ ਘਰ ਪਰਤਿਆ ਸੀ। ਉਸ ਦੇ ਘਰ ਪਹੁੰਚਦੇ ਹੀ ਉਸ ਦੀ ਪਤਨੀ ਪੁਸਪਾ ਦੇਵੀ ਨੇ ਸਿ?ਕਾਇਤ ਕੀਤੀ ਕਿ ਉਸ ਦੇ ਸਹੁਰੇ ਪਰਿਵਾਰ ਵਾਲੇ ਉਸ ਨੂੰ ਪ੍ਰੇਸਾਨ ਕਰਦੇ ਹਨ। ਪਤਨੀ ਦੀਆਂ ਗੱਲਾਂ ਵਿੱਚ ਆ ਕੇ ਮੁਕੇਸ ਨੇ ਗੁੱਸੇ ਵਿੱਚ ਆਪਣੇ ਪਿਤਾ ਲਾਲ ਜੀ ਯਾਦਵ (48) 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਜਦੋਂ ਮੁਕੇਸ ਦੇ ਦੋ ਭਰਾ, ਰਾਕੇਸ ਅਤੇ ਗੋਵਿੰਦ, ਆਪਣੇ ਪਿਤਾ ਨੂੰ ਬਚਾਉਣ ਲਈ ਅੱਗੇ ਵਧੇ, ਤਾਂ ਮੁਕੇਸ ਨੇ ਉਨ੍ਹਾਂ 'ਤੇ ਵੀ ਚਾਕੂ ਨਾਲ ਵਾਰ ਕੀਤੇ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜਖਮੀ ਹੋ ਗਏ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਿਸ ਨੇ ਸਾਰਿਆਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਲਾਲ ਜੀ ਯਾਦਵ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਉਪ ਕਪਤਾਨ ਮੁਹੰਮਦ ਫਹੀਮ ਕੁਰੈਸੀ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਚਿੰਤਾ ਦੇਵੀ ਦੀ ਸਿ?ਕਾਇਤ ਦੇ ਆਧਾਰ 'ਤੇ ਮੁਕੇਸ ਅਤੇ ਪੁਸਪਾ ਦੇਵੀ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਮਾਂ ਵਲੋਂ ਖਾਣੇ 'ਚ ਜਹਿਰ ਮਿਲਾਉਣ ਦਾ ਸ਼ੱਕ ! ਪਿੰਡ ਫੂਲੇਵਾਲਾ ਦੇ 2 ਮਾਸੂਮਾਂ ਦੀ ਮੌਤ ਮਾਮਲੇ 'ਚ ਵੱਡਾ ਖੁਲਾਸਾ

ਕੌਮੀ ਪਤ੍ਰਿਕਾ

ਬਠਿੰਡਾ 16 ਫਰਵਰੀ। ਇੱਥੇ ਪਿੰਡ ਫੂਲੇਵਾਲਾ 'ਚ ਦੋ ਮਾਸੂਮ ਬੱਚਿਆਂ ਦੀ ਸੱਕੀ ਹਾਲਾਤ 'ਚ ਮੌਤ ਦੇ ਮਾਮਲੇ 'ਚ ਵੱਡਾ ਖੁਲਾਸਾ ਹੋਇਆ ਹੈ। ਬੱਚਿਆਂ ਦੇ ਪਿਤਾ ਦੇ ਬਿਆਨ ਦੇ ਆਧਾਰ 'ਤੇ ਥਾਣਾ ਫੂਲ 'ਚ ਮਾਂ ਸਮੇਤ ਤਿੰਨ ਵਿਅਕਤੀਆਂ ਖਿ਼ਲਾਫ ਕਤਲ ਦਾ ਮਾਮਲਾ ਦਰਜ ਕਰਨ ਦੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਦੋ ਔਰਤਾਂ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਸੁਰੂ ਕਰ ਦਿੱਤੀ ਹੈ। ਪੁਲਸ ਅਧਿਕਾਰੀਆਂ ਮੁਤਾਬਕ ਸੁਰੂਆਤੀ ਜਾਂਚ 'ਚ ਇਹ ਸੱਕ ਜਤਾਇਆ ਜਾ ਰਿਹਾ ਹੈ ਕਿ ਬੱਚਿਆਂ ਨੂੰ ਖਾਣੇ 'ਚ ਜਹਿਰੀਲਾ ਪਦਾਰਥ ਦਿੱਤਾ ਗਿਆ ਸੀ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਸ ਹਰ ਪੱਖੋਂ ਜਾਂਚ ਕਰ ਰਹੀ ਹੈ ਅਤੇ ਦੋਸੀਆਂ ਖਿ਼ਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੁਲਸ ਸਰੋਤਾਂ ਅਨੁਸਾਰ ਮ੍ਰਿਤਕ ਬੱਚਿਆਂ ਦੇ ਪਿਤਾ ਨੇ ਪੁਲਸ ਨੂੰ ਦਿੱਤੇ ਬਿਆਨ 'ਚ ਕੁੱਝ ਵਿਅਕਤੀਆਂ 'ਤੇ ਗੰਭੀਰ ਦੋਸ ਲਗਾਏ ਹਨ। ਇਸ ਬਿਆਨ ਦੇ ਆਧਾਰ 'ਤੇ ਭਾਰਤੀ ਦੰਡ ਸੰਹਿਤਾ ਦੀਆਂ ਸਬੰਧਿਤ ਧਾਰਾਵਾਂ ਤਹਿਤ ਕਤਲ ਦਾ ਕੇਸ ਦਰਜ ਕਰਨ ਦੀ ਪ੍ਰਕਿਰਿਆ ਸੁਰੂ ਕੀਤੀ ਗਈ ਹੈ। ਪੁਲਸ ਦਾ ਕਹਿਣਾ ਹੈ ਕਿ ਸਾਰੇ ਦੋਸੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਸੇ ਨੂੰ ਵੀ ਬਖਸਿ਼ਆ ਨਹੀਂ ਜਾਵੇਗਾ। ਸੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਬੱਚਿਆਂ ਦੇ ਖਾਣੇ 'ਚ ਜਹਿਰੀਲਾ ਪਦਾਰਥ ਮਿਲਾਇਆ ਗਿਆ ਹੋ ਸਕਦਾ ਹੈ। ਪੁਲਸ ਨੇ ਘਰ ਤੋਂ ਖਾਦ ਪਦਾਰਥਾਂ ਦੇ ਨਮੂਨੇ ਇਕੱਠੇ ਕਰ ਕੇ ਫਾਰੈਂਸਿਕ ਜਾਂਚ ਲਈ ਭੇਜ ਦਿੱਤੇ ਹਨ। ਪੋਸਟਮਾਰਟਮ ਅਤੇ ਲੈਬ ਰਿਪੋਰਟ ਆਉਣ ਤੋਂ ਬਾਅਦ ਮੌਤ ਦੇ ਅਸਲੀ ਕਾਰਨ ਦਾ ਖੁਲਾਸਾ ਹੋਣ ਦੀ ਉਮੀਦ ਹੈ। ਪੁਲਸ ਨੇ ਸੱਕ ਦੇ ਆਧਾਰ 'ਤੇ ਦੋ ਔਰਤਾਂ ਨੂੰ ਹਿਰਾਸਤ 'ਚ ਲਿਆ ਹੈ ਅਤੇ ਉਨ੍ਹਾਂ ਕੋਲੋਂ ਡੂੰਘੀ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁੱਛਗਿੱਛ ਦੌਰਾਨ ਮਿਲੇ ਤੱਥਾਂ ਦੇ ਆਧਾਰ 'ਤੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ। ਜੇਕਰ ਦੋਸ ਸਾਬਤ ਹੁੰਦੇ ਹਨ ਤਾਂ ਦੋਸੀਆਂ ਨੂੰ ਜਲਦੀ ਗ੍ਰਿਫਤਾਰ ਕਰ ਕੇ ਅਦਾਲਤ 'ਚ ਪੇਸ ਕੀਤਾ ਜਾਵੇਗਾ। ਦੋ ਮਾਸੂਮ ਬੱਚਿਆਂ ਦੀ ਸੱਕੀ ਮੌਤ ਨਾਲ ਪੂਰੇ ਪਿੰਡ 'ਚ ਸਨਸਨੀ ਫੈਲ ਗਈ ਹੈ। ਪਿੰਡ ਵਾਸੀਆਂ 'ਚ ਘਟਨਾ ਨੂੰ ਲੈ ਕੇ ਡੂੰਘਾ ਦੁੱਖ ਅਤੇ ਗੁੱਸਾ ਹੈ। ਪੁਲਸ ਪ੍ਰਸਾਸਨ ਨੇ ਲੋਕਾਂ ਨੂੰ ਸਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ ਅਤੇ ਭਰੋਸਾ ਦਿਵਾਇਆ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾ ਰਹੀ ਹੈ। ਪੁਲਸ ਦਾ ਕਹਿਣਾ ਹੈ ਕਿ ਪੋਸਟਮਾਰਟਮ ਅਤੇ ਫਾਰੈਂਸਿਕ ਰਿਪੋਰਟ ਆਉਣ ਤੋਂ ਬਾਅਦ ਮਾਮਲੇ ਦੀ ਸਥਿਤੀ ਹੋਰ ਸਪੱਸਟ ਹੋ ਜਾਵੇਗੀ, ਜਿਸ ਤੋਂ ਬਾਅਦ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਜਮੀਨ ਦਾ ਸੌਦਾ ਤੈਅ ਕਰਕੇ ਰਜਿਸਟਰੀ ਨਹੀਂ ਕੀਤੀ

ਫਿਰੋਜਪੁਰ 16 ਫਰਵਰੀ। ਇੱਕ ਵਿਅਕਤੀ ਦੇ ਨਾਲ ਜਮੀਨ ਦਾ ਸੌਦਾ ਤੈਅ ਕਰਕੇ ਉਸ ਕੋਲੋਂ ਸੱਤ ਲੱਖ ਰੁਪਏ ਬਿਆਨਾ ਰਾਸੀ ਲੈਣ ਤੋਂ ਬਾਅਦ ਰਜਿਸਟਰੀ ਨਾ ਕਰਨ ਵਾਲੇ ਦੋਸੀ ਦੇ ਖਿ਼ਲਾਫ ਪੁਲਸ ਨੇ ਜਾਂਚ ਉਪਰੰਤ ਪਰਚਾ ਦਰਜ ਕੀਤਾ ਹੈ। ਥਾਣਾ ਸਦਰ ਫਿਰੋਜਪੁਰ ਦੇ ਏ. ਐੱਸ. ਆਈ. ਗੁਰਨਾਮ ਸਿੰਘ ਦੇ ਅਨੁਸਾਰ ਸਾਹਿਬ ਸਿੰਘ ਪਿੰਡ ਫੱਤੂਵਾਲਾ ਨੇ ਜਿ਼ਲ੍ਹਾ ਪੁਲਸ ਨੂੰ ਸਿ਼ਕਾਇਤ ਦੇ ਦੱਸਿਆ ਸੀ ਕਿ ਉਸ ਨੇ ਦਾਰਾ ਸਿੰਘ ਪਿੰਡ ਹਬੀਬਵਾਲਾ ਦੇ ਕੋਲੋਂ 16 ਕਨਾਲ ਜਮੀਨ ਖਰੀਦਣ ਦਾ ਸੌਦਾ ਤੈਅ ਕੀਤਾ ਸੀ ਅਤੇ ਬਤੌਰ ਬਿਆਨਾ ਰਾਸੀ 7 ਲੱਖ ਰੁਪਏ ਉਸ ਨੂੰ ਦਿੱਤੇ ਸਨ। ਉਸ ਨੇ ਦੋਸ ਲਗਾਏ ਕਿ ਦਾਰਾ ਸਿੰਘ ਉਸ ਨੂੰ ਰਜਿਸਟਰੀ ਕਰਨ ਤੋਂ ਮੁੱਕਰ ਗਿਆ ਅਤੇ ਉਸਦੇ ਨਾਲ 7 ਲੱਖ ਰੁਪਏ ਦੀ ਠੱਗੀ ਮਾਰੀ ਹੈ। ਏ. ਐੱਸ. ਆਈ. ਨੇ ਕਿਹਾ ਕਿ ਸਿ਼ਕਾਇਤ ਦੀ ਜਾਂਚ ਵਿਚ ਦੋਸ ਸਹੀ ਪਾਏ ਜਾਣ ਉਪਰੰਤ ਦਾਰਾ ਸਿੰਘ ਦੇ ਖਿ਼ਲਾਫ ਧੋਖਾਧੜੀ ਦਾ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੀ ਕਾਰਵਾਈ ਅਮਲ ਵਿਚ ਲਿਆਉਂਦੀ ਜਾ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਅਜਿਹੀ ਪਾਰਟੀ ਸੱਤਾ 'ਚ ਆਈ ਹੈ.....

Contd . . . . Front page

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿੰਡ ਰੱਖਿਆ ਕਮੇਟੀਆਂ ਕੋਲ ਹੁਣ ਆਪਣੇ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਦੀ ਜ਼ਿੰਮੇਵਾਰੀ ਹੈ। ਇਸ ਲਈ ਜੋ ਵੀ ਕਦਮ ਚੁੱਕਣ ਦੀ ਲੋੜ ਹੈ, ਉਹ ਚੁੱਕਣ ਅਤੇ ਸਾਨੂੰ ਦੱਸਿਆ ਜਾਵੇ ਕਿ ਤੁਹਾਨੂੰ ਇਸ ਕਾਰਜ ਲਈ ਕਿਸ ਚੀਜ਼ ਦੀ ਲੋੜ ਹੈ, ਸਾਡੇ ਵੱਲੋਂ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਤੁਹਾਨੂੰ ਜਿਸ ਵੀ ਸਰੋਤ ਅਤੇ ਮਦਦ ਦੀ ਲੋੜ ਹੈ, ਉਹ ਦਿੱਤੀ ਜਾਵੇਗੀ। ਇਸ ਲਈ ਹੁਣ ਆਪਣੇ ਆਲੇ-ਦੁਆਲੇ ਦੇ ਇਲਾਕੇ ਨੂੰ ਨਸ਼ਾ ਮੁਕਤ ਬਣਾਉਣ ਦੀ ਜ਼ਿੰਮੇਵਾਰੀ ਹੁਣ ਤੁਹਾਡੀ ਹੈ ਅਤੇ ਪੂਰੀ ਪੁਲਿਸ ਤੁਹਾਡੇ ਨਾਲ ਮੋਢਾ ਲਾ ਕੇ ਖੜ੍ਹੀ ਹੈ। ਮੁੱਖ ਮੰਤਰੀ ਸਮੇਤ ਪੂਰਾ ਪ੍ਰਸ਼ਾਸਨ ਤੁਹਾਡੇ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਐਪ ਰਾਹੀਂ ਤੁਹਾਡੇ ਦੁਆਰਾ ਦਿੱਤੀ ਸਾਰੀ ਜਾਣਕਾਰੀ ਸਿੱਧੀ ਮੁੱਖ ਮੰਤਰੀ ਅਤੇ ਮੁੱਖ ਮੰਤਰੀ ਦਫ਼ਤਰ ਤੱਕ ਪਹੁੰਚਦੀ ਹੈ, ਜਿਸ 'ਤੇ ਤੁਰੰਤ ਕਾਰਵਾਈ ਹੁੰਦੀ ਹੈ। ਅਰਵਿੰਦ ਕੇਜਰੀਵਾਲ ਨੇ ਜ਼ੋਰ ਦੇ ਕੇ ਕਿਹਾ ਜੇਕਰ ਸਥਾਨਕ ਪੱਧਰ 'ਤੇ ਕੋਈ ਵੀ ਪੁਲਿਸ ਅਧਿਕਾਰੀ ਚੰਗਾ ਕੰਮ ਕਰਦਾ ਹੈ ਤਾਂ ਉਸਨੂੰ ਇਨਾਮ ਦਿੱਤਾ ਜਾਵੇਗਾ ਅਤੇ ਜੇਕਰ ਕੋਈ ਵੀ ਪੁਲਿਸ ਅਧਿਕਾਰੀ ਨਸ਼ਾ ਵੇਚਣ ਵਾਲਿਆਂ ਨਾਲ ਮਿਲੀਭੁਗਤ ਕਰਦਾ ਪਾਇਆ ਜਾਂਦਾ ਹੈ ਤਾਂ ਉਸਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ ਅਤੇ ਉਸਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਕਮੇਟੀਆਂ ਦੇ ਵੱਧ ਤੋਂ ਵੱਧ ਵਿਸਥਾਰ ਦੀ ਅਪੀਲ ਕਰਦਿਆਂ 'ਆਪ' ਸੁਪਰੀਮੋ ਨੇ ਕਿਹਾ 16 ਫਰਵਰੀਹੌਲੀ-ਹੌਲੀ, ਪਿੰਡ ਰੱਖਿਆ ਕਮੇਟੀ ਦਸ ਮੈਂਬਰਾਂ ਤੱਕ ਸੀਮਤ ਨਾ ਰਹੇ ਕੇ ਇਸ ਅਧੀਨ ਪੂਰੇ ਪਿੰਡ ਨੂੰ ਸ਼ਾਮਲ ਕੀਤਾ ਜਾਵੇ। ਜੇਕਰ ਪੂਰਾ ਪਿੰਡ ਇੱਕਜੁੱਟ ਹੋ ਜਾਵੇਗਾ ਤਾਂ ਕੋਈ ਵੀ ਨਸ਼ੇ ਵੇਚਣ ਦੀ ਹਿੰਮਤ ਨਹੀਂ ਕਰੇਗਾ। ਮੁੜ ਵਸੇਬੇ ਅਤੇ ਨੌਜਵਾਨਾਂ ਦੀ ਸ਼ਮੂਲੀਅਤ ਬਾਰੇ ਬੋਲਦਿਆਂ ਅਰਵਿੰਦ ਕੇਜਰੀਵਾਲ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ 16 ਫਰਵਰੀਹਰ ਪਿੰਡ ਵਿੱਚ ਖੇਡ ਮੈਦਾਨ ਬਣਾ ਰਹੇ ਹਨ। ਤੁਸੀਂ ਉੱਥੇ ਕ੍ਰਿਕਟ, ਵਾਲੀਬਾਲ ਅਤੇ ਫੁੱਟਬਾਲ ਖੇਡ ਸਕਦੇ ਹੋ, ਜਿਸ ਲਈ ਸਾਰਾ ਖੇਡ ਸਾਜ਼-ਸਮਾਨ ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਜੋ ਬੱਚੇ ਨਸ਼ੇ ਤੋਂ ਬਾਹਰ ਆ ਜਾਂਦੇ ਹਨ ਉਹ ਮੁੜ ਇਸ ਦਲਦਲ ਵਿੱਚ ਨਾ ਜਾਣ। ਇਸ ਲਈ ਉਨ੍ਹਾਂ ਨੂੰ ਖੇਡਾਂ ਵੱਲ ਲਿਜਾਣ ਅਤੇ ਰੁਜ਼ਗਾਰ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ 60,000 ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਭਗਵੰਤ ਮਾਨ ਨੇ ਬਿਨਾਂ ਰਿਸ਼ਵਤ ਅਤੇ ਬਿਨਾਂ ਸਿਫਾਰਸ਼ ਦੇ 60,000 ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਹੋਰ ਰੁਜ਼ਗਾਰ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ 'ਚੋਂ ਬਾਹਰ ਕੱਢ ਕੇ ਅਤੇ ਖੇਡਾਂ ਵੱਲ ਸੇਧਿਤ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਸਰਕਾਰ ਪੂਰੀ ਤਰ੍ਹਾਂ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਤੁਸੀਂ ਹਰ ਪਿੰਡ ਦੇ ਹਰ ਪਰਿਵਾਰ ਕੋਲ ਪਹੁੰਚ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਪੰਜਾਬ ਨੂੰ ਨਸ਼ਿਆਂ ਵਿੱਚ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੇ ਧੱਕਿਆ। ਜਦੋਂ ਇਹ ਸਰਕਾਰਾਂ ਸੱਤਾ ਵਿੱਚ ਸਨ, ਤਾਂ ਪੰਜਾਬ ਦਾ ਹਰ ਪਰਿਵਾਰ ਨਸ਼ਿਆਂ ਵਿੱਚ ਡੁੱਬ ਰਿਹਾ ਸੀ। ਉਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਦਿੱਤਾ। ਉਨ੍ਹਾਂ ਨੇ ਹਰ ਪਰਿਵਾਰ ਅਤੇ ਪੰਜਾਬ ਦੇ ਭਵਿੱਖ ਨੂੰ ਬਰਬਾਦ ਕਰ ਦਿੱਤਾ। ਤੁਹਾਨੂੰ ਹਰ ਘਰ ਵਿੱਚ ਜਾ ਕੇ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਗਲਤੀ ਨਾਲ ਵੀ ਇਨ੍ਹਾਂ ਪਾਰਟੀਆਂ ਨੂੰ ਵੋਟ ਨਾ ਪਾਇਓ, ਨਹੀਂ ਤਾਂ ਪੰਜਾਬ ਫਿਰ ਨਸ਼ਿਆਂ ਵਿੱਚ ਡੁੱਬ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲੀ ਵਾਰ, ਇੱਕ ਪਾਰਟੀ ਆਈ ਹੈ ਜੋ ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਰਹੀ ਹੈ ਅਤੇ ਜੇਲ੍ਹ ਭੇਜ ਰਹੀ ਹੈ, ਉਨ੍ਹਾਂ ਦੇ ਘਰ ਅਤੇ ਬੰਗਲੇ ਢਾਹ ਰਹੀ ਹੈ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਰਹੀ ਹੈ ਅਤੇ ਉਨ੍ਹਾਂ ਦੇ ਬੈਂਕ ਖਾਤੇ ਫ੍ਰੀਜ਼ ਕਰ ਰਹੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ, 16 ਫਰਵਰੀਸੂਬੇ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਆਈ ਹੈ। ਪਰਮਾਤਮਾ ਦੀ ਕਿਰਪਾ ਨਾਲ, ਅਜਿਹੀ ਸਰਕਾਰ ਆਈ ਹੈ। ਕਿਸੇ ਵੀ ਹਾਲਤ ਵਿੱਚ ਤੁਹਾਨੂੰ ਦੂਜੀਆਂ ਪਾਰਟੀਆਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ। ਇਹ ਵਿਲੇਜ ਡਿਫੈਂਸ ਕਮੇਟੀਆਂ ਦੀ ਜ਼ਿੰਮੇਵਾਰੀ ਹੈ। ਸਾਨੂੰ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਬਹੁਤ ਜਲਦ ਸਾਡਾ ਪੰਜਾਬ ਰੰਗਲਾ ਪੰਜਾਬ ਅਤੇ ਨਸ਼ਾ ਮੁਕਤ ਪੰਜਾਬ ਬਣ ਜਾਵੇਗਾ।16 ਫਰਵਰੀ ਇਸ ਦੌਰਾਨ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿਰੋਧੀ ਤਾਕਤਾਂ ਨੇ 'ਚਿੱਟਾ' ਨੌਜਵਾਨਾਂ ਦੀਆਂ ਰਗਾਂ ਵਿੱਚ ਭਰ ਦਿੱਤਾ ਹੈ, ਜਿਸ ਕਾਰਨ ਸੂਬੇ ਅਤੇ ਲੋਕਾਂ ਦੀ ਜ਼ਿੰਦਗੀ ਵਿੱਚੋਂ ਰੰਗ ਗਾਇਬ ਹੋ ਗਏ ਹਨ। ਉਨ੍ਹਾਂ ਕਿਹਾ, 16 ਫਰਵਰੀਜਿਨ੍ਹਾਂ ਲੋਕਾਂ ਨੇ ਸੱਤਾ ਵਿੱਚ ਰਹਿੰਦੇ ਹੋਏ ਨਸ਼ਿਆਂ ਨੂੰ ਸਰਪ੍ਰਸਤੀ ਦਿੱਤੀ ਸੀ, ਉਹ ਆਪਣੀਆਂ ਸਰਕਾਰੀ ਗੱਡੀਆਂ ਰਾਹੀਂ ਸੂਬੇ ਵਿੱਚ ਨਸ਼ਿਆਂ ਦੀ ਡਿਲਵਰੀ ਕਰਦੇ ਸਨ।16 ਫਰਵਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 16 ਫਰਵਰੀਪੂਰੀ ਖੋਜ ਉਪਰੰਤ, ਸੂਬਾ ਸਰਕਾਰ ਨੇ ਇੱਕ ਬਹੁ-ਪੱਖੀ ਰਣਨੀਤੀ ਅਪਣਾਈ ਅਤੇ 'ਯੁੱਧ ਨਸ਼ਿਆਂ ਵਿਰੁੱਧ' ਦੇ ਹਿੱਸੇ ਵਜੋਂ ਸਪਲਾਈ ਚੇਨਾਂ ਤੋੜ ਦਿੱਤੀਆਂ ਹਨ, ਪੀੜਤਾਂ ਲਈ ਮੁੜਵਸੇਬਾ ਯਕੀਨੀ ਬਣਾਇਆ ਹੈ, ਤਸਕਰਾਂ ਦੀਆਂ ਜਾਇਦਾਦਾਂ ਨੂੰ ਢਾਹ-ਢੇਰੀ ਕਰ ਦਿੱਤਾ ਅਤੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਹੈ।16 ਫਰਵਰੀ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰ ਹੁਣ ਸੂਬੇ ਵਿੱਚੋਂ ਭੱਜ ਰਹੇ ਹਨ ਕਿਉਂਕਿ ਨਸ਼ਿਆਂ ਵਿਰੁੱਧ ਇੱਕ ਲੋਕ ਲਹਿਰ ਸ਼ੁਰੂ ਹੋ ਗਈ ਹੈ ਅਤੇ ਇਸਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ, 16 ਫਰਵਰੀਅਸੀਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਹੀ ਅਹੁਦਾ ਸੰਭਾਲਿਆ ਹੈ ਅਤੇ ਲੋਕਾਂ ਦੇ ਸਮਰਥਨ ਨਾਲ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।16 ਫਰਵਰੀ ਵਿਰੋਧੀ ਧਿਰ 'ਤੇ ਨਿਸ਼ਾਨਾ ਬਿਨ੍ਹਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ, 16 ਫਰਵਰੀਭਾਵੇਂ ਮੈਂ ਸਿਰਫ ਨਿਯਮਤ ਜਾਂਚ ਲਈ ਹੀ ਹਸਪਤਾਲ ਜਾਂਦਾ ਹਾਂ ਪਰ ਉਹ ਮੇਰੇ ਅਤੇ ਮੇਰੀ ਸਿਹਤ ਬਾਰੇ ਝੂਠੀਆਂ ਗੱਲਾਂ ਫੈਲਾਉਂਦੇ ਹਨ ਕਿਉਂਕਿ ਉਹ ਮੇਰੇ ਅਤੇ ਮੇਰੀ ਲੋਕ-ਪੱਖੀ ਪਹੁੰਚ ਤੋਂ ਈਰਖਾ ਕਰਦੇ ਹਨ।16 ਫਰਵਰੀ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਝੂਠੀਆਂ ਅਫਵਾਹਾਂ ਫੈਲਾਉਣ ਲਈ ਵਿਰੋਧੀ ਧਿਰ ਦੀ ਕੜੀ ਨਿੰਦਿਆਂ ਕਰਦਿਆਂ ਉਨ੍ਹਾਂ ਅੱਗੇ ਕਿਹਾ, 16 ਫਰਵਰੀਲੋਕਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨ ਲਈ, ਸੂਬਾ ਸਰਕਾਰ ਨੇ ਇਹ ਯੋਜਨਾ ਸ਼ੁਰੂ ਕੀਤੀ ਹੈ, ਜੋ ਕਿ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਸਿਹਤ ਯੋਜਨਾ ਹੈ। ਇਸ ਯੋਜਨਾ ਤਹਿਤ, ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਪੰਜਾਬ ਇੰਨਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਬਣ ਗਿਆ ਹੈ।16 ਫਰਵਰੀ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਜਨਤਾ 'ਤੇ ਵਿੱਤੀ ਬੋਝ ਨੂੰ ਘਟਾਉਣ ਦੇ ਨਾਲ ਨਾਲ ਮਿਆਰੀ ਸਿਹਤ ਸੇਵਾਵਾਂ ਤੱਕ ਆਸਾਨ ਪਹੁੰਚ ਨੂੰ ਯਕੀਨੀ ਬਣਾਏਗੀ। ਉਨ੍ਹਾਂ ਕਿਹਾ, 16 ਫਰਵਰੀਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ।16 ਫਰਵਰੀ ਉਨ੍ਹਾਂ ਕਿਹਾ, 16 ਫਰਵਰੀਸਾਰੇ ਸਰਕਾਰੀ ਕਰਮਚਾਰੀ, ਪੈਨਸ਼ਨਰ ਅਤੇ ਸੂਬੇ ਦਾ ਹਰ ਨਾਗਰਿਕ ਇਸ ਸਿਹਤ ਕਾਰਡ ਲਈ ਯੋਗ ਹੈ।16 ਫਰਵਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਹਿਲਕਦਮੀ ਨੇ ਉਨ੍ਹਾਂ ਪਰਿਵਾਰਾਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ ਜਿਨ੍ਹਾਂ ਨੂੰ ਬਿਮਾਰੀ ਦੀ ਸਥਿਤੀ ਵਿੱਚ ਇਲਾਜ ਲਈ ਆਪਣੀਆਂ ਜੇਬਾਂ ਵਿੱਚੋਂ ਵੱਡੀ ਰਕਮ ਖਰਚ ਕਰਨੀ ਪੈਂਦੀ ਸੀ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/O BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

**ਭਾਰਤੀ ਰੇਲ**
ਭਾਰਤ ਸਰਕਾਰ
ਰੇਲ ਮੰਤਰਾਲਾ
(ਰੇਲਵੇ ਬੋਰਡ)
ਨੰ. 2026/ਆਰਐਸ(ਈ)/ਟੀਐਮ/3 ਨਵੀਂ ਦਿੱਲੀ, ਮਿਤੀ: 13.02.2026
**ਵਿਸ਼ਾ: 24 ਅਦਦ ਪੁਆਇੰਟਸ ਅਤੇ ਕ੍ਰਾਸਿੰਗ ਚੇਂਜਿੰਗ ਮਸ਼ੀਨ (ਪੀਸੀਸੀਐਮ) ਦੇ ਡਿਜ਼ਾਈਨ, ਉਸਾਰੀ, ਸਪਲਾਈ, ਪ੍ਰੀਖਸ਼ਣ ਅਤੇ ਕਮਿਸ਼ਨਿੰਗ, ਭਾਰਤੀਯ ਰੇਲਵੇ ਕਰਮੀਆਂ ਦੀ ਟਰੇਨਿੰਗ ਅਤੇ 3 ਸਾਲ ਦੀ ਵਾਰੰਟੀ ਦੇ ਬਾਅਦ ਏਐਮਸੀ ਦੇ ਨਾਲ, ਦੇ ਲਈ ਮਿਤੀ 15.04.2026 ਨੂੰ ਬੰਦ ਹੋਣ ਵਾਲੀ ਈ-ਖੁਲੀ ਵੈਸ਼ਵਿਕ ਨਿਵਿਦਾ ਨੰ. 2026-ਟੀਐਮ-2**
ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ 24 ਅਦਦ ਪੁਆਇੰਟਸ ਅਤੇ ਕ੍ਰਾਸਿੰਗ ਚੇਜਿੰਗ ਮਸ਼ੀਨ (ਪੀਸੀਸੀਐਮ) ਦੇ ਡਿਜਾਈਨ, ਡਿਜਾਈਨ, ਉਸਾਰੀ, ਸਪਲਾਈ, ਪ੍ਰੀਖਸ਼ਣ ਅਤੇ ਕਮਿਸ਼ਨਿੰਗ, ਭਾਰਤੀਯ ਰੇਲਵੇ ਕਰਮੀਆਂ ਦੀ ਟਰੇਨਿੰਗ ਅਤੇ 3 ਸਾਲ ਦੀ ਵਾਰੰਟੀ ਦੇ ਬਾਅਦ ਏਐਮਸੀ ਦੇ ਨਾਲ, ਦੇ ਲਈ ਇਲੈਕਟ੍ਰਾਨਿਕ ਬੋਲੀਆਂ ਮੰਗ ਕੀਤੀ ਜਾਂਦੀ ਹੈ। ਇੱਛੁਕ ਬੋਲੀਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਗੇ ਦੇ ਵੇਰਵਿਆਂ ਦੇ ਲਈ http://www.ireps.gov.in ਵੈਬਸਾਈਟ ਵੇਖਣ। ਇਸ ਨਿਵਿਦਾ ਨਾਲ ਸਬੰਧਿਤ ਕੋਈ ਵੀ ਹੋਰ ਸ਼ੁਧੀ ਪੱਤਰ ਕੇਵਲ ਵੈਬਸਾਈਟ http://www.ireps.gov.in 'ਤੇ ਹੀ ਅਪਲੋਡ ਕੀਤਾ ਜਾਏਗਾ, ਪ੍ਰਿੰਟ ਮੀਡੀਆ ਵਿਚ ਨਹੀਂ ਕੀਤਾ ਜਾਵੇਗਾ।
**ਡਾਇਰੈਕਟਰ, ਰੇਲ ਭੰਡਾਰ (ਐਫ)**
**(ਰੇਲਵੇ ਬੋਰਡ)**
511/2026
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਆਕਾਸ਼ਵਾਣੀ ਪਟਿਆਲਾ ਵੱਲੋਂ ਮਨਾਇਆ ਗਿਆ ਰੇਡੀਓ ਕਿਸਾਨ ਦਿਵਸ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਕਾਸ਼ਵਾਣੀ: ਪਟਿਆਲਾ ਨੇ ਅੱਜ ਇੱਥੇ ਆਕਾਸ਼ਵਾਣੀ ਪਰਿਸਰ ਵਿੱਚ ਸਥਿਤ ਦੂਰਦਰਸ਼ਨ ਸਟੂਡੀਓ ਵਿੱਚ ਰੇਡੀਓ ਕਿਸਾਨ ਦਿਵਸ ਮਨਾਉਣ ਲਈ ਇੱਕ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ। ਇਹ ਸਮਾਗਮ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੁਆਰਾ ਸਪਾਂਸਰ ਕੀਤਾ ਗਿਆ ਸੀ। ਇਸ ਸਮਾਗਮ ਵਿੱਚ ਕਈ ਪ੍ਰਗਤੀਸ਼ੀਲ ਕਿਸਾਨ, ਖੇਤੀਬਾੜੀ ਅਧਿਕਾਰੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਹੋਰ ਵਿਭਾਗਾਂ ਦੇ ਖੇਤੀਬਾੜੀ ਮਾਹਿਰ ਸ਼ਾਮਲ ਹੋਏ।

ਡਿਪਟੀ ਡਾਇਰੈਕਟਰ ਜਨਰਲ (ਇੰਜੀਨੀਅਰਿੰਗ) ਸ੍ਰੀ ਰਣਜੀਤ ਮੀਣਾ ਨੇ ਕਿਹਾ ਕਿ ਆਕਾਸ਼ਵਾਣੀ ਕਿਸਾਨਾਂ ਨੂੰ ਖੇਤੀਬਾੜੀ ਵਿੱਚ ਵਿਗਿਆਨਕ ਤਕਨੀਕਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦੀ ਸੇਵਾ ਕਰਦੀ ਰਹੀ ਹੈ। ਉਨ੍ਹਾਂ ਨੇ ਪਿਛਲੇ ਸਮੇਂ ਵਿੱਚ ਹਰੀ ਕ੍ਰਾਂਤੀ ਵਿੱਚ ਰੇਡੀਓ ਦੀ ਭੂਮਿਕਾ ਦਾ ਜ਼ਿਕਰ ਕੀਤਾ।

ਆਕਾਸ਼ਵਾਣੀ: ਪਟਿਆਲਾ ਦੇ ਪ੍ਰੋਗਰਾਮ ਮੁਖੀ ਨੇ ਕਿਹਾ ਕਿ ਆਕਾਸ਼ਵਾਣੀ ਕਿਸਾਨਾਂ ਨੂੰ ਖੇਤੀਬਾੜੀ ਮਾਹਿਰਾਂ ਨਾਲ ਜੋੜ ਕੇ ਉਨ੍ਹਾਂ ਦੀ ਖੁਸ਼ਹਾਲੀ ਲਈ ਯਤਨਸ਼ੀਲ ਹੈ।

ਪ੍ਰਸਿੱਧ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਦੁਆਰਾ ਲਿਖਿਆ ਪੰਜਾਬੀ ਵਿੱਚ ਇੱਕ ਨਾਟਕ, 'ਪਰਤ ਆਉਣ ਤੱਕ' ਮੋਹਨ ਕੰਬੋਜ ਅਤੇ ਹੋਰ ਨਾਟਕ ਕਲਾਕਾਰਾਂ ਦੁਆਰਾ ਖੇਡਿਆ ਗਿਆ। ਇਸ ਨਾਟਕ ਨੇ ਪੇਂਡੂ ਜੀਵਨ ਨੂੰ ਸਮਾਜਿਕ ਏਕਤਾ ਦੇ ਸੰਦੇਸ਼ ਨਾਲ ਦਰਸਾਇਆ।

ਸਵਰਨ ਯਮਲਾ ਦੀ ਆਕਾਸ਼ਵਾਣੀ ਦੀ ਏ-ਗ੍ਰੇਡ ਪਾਰਟੀ ਨੇ ਲੋਕ ਸੰਗੀਤ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਪ੍ਰੋਗਰਾਮ ਕਾਰਜਕਾਰੀ, ਆਕਾਸ਼ਵਾਣੀ: ਜਲੰਧਰ, ਸ਼੍ਰੀ ਸੋਹਨ ਕੁਮਾਰ, ਪ੍ਰੋਗਰਾਮ ਕਾਰਜਕਾਰੀ, ਆਕਾਸ਼ਵਾਣੀ: ਪਟਿਆਲਾ, ਸ਼੍ਰੀ ਸੁਕੀਨ ਮੁਹੰਮਦ ਅਤੇ ਸੀਨੀਅਰ ਇੰਜੀਨੀਅਰਿੰਗ ਸਹਾਇਕ ਸ੍ਰੀ ਪ੍ਰਦੀਪ ਪੂਨੀਆ ਵੀ ਇਸ ਸਮਾਗਮ ਵਿੱਚ ਮੌਜੂਦ ਸਨ।

ਪ੍ਰੋਗਰਾਮ ਦੀ ਰਿਕਾਰਡਿੰਗ ਆਕਾਸ਼ਵਾਣੀ: ਪਟਿਆਲਾ ਦੀ ਐਫਐਮ ਫ੍ਰੀਕੁਐਂਸੀ 100.2 ਮੈਗਾਹਰਟਜ਼ ਅਤੇ ਮੋਬਾਈਲ ਐਪ ਨਿਊਜ਼ ਆਨ ਏਅਰ 'ਤੇ 15 ਫਰਵਰੀ, 2026 ਨੂੰ ਕਿਸ਼ਨਵਾਣੀ ਪ੍ਰੋਗਰਾਮ ਦੌਰਾਨ ਪ੍ਰਸਾਰਿਤ ਕੀਤੀ ਜਾਵੇਗੀ।

ਰੇਡੀਓ ਕਿਸਾਨ ਦਿਵਸ ਹਰ ਸਾਲ 15 ਫਰਵਰੀ ਨੂੰ ਜਾਂ ਇਸ ਦੇ ਆਸ-ਪਾਸ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ ਤਾਂ ਜੋ ਆਕਾਸ਼ਵਾਣੀ ਅਤੇ ਕਿਸਾਨ ਭਾਈਚਾਰੇ ਵਿਚਕਾਰ ਇੱਕ ਸਬੰਧ ਬਣਾਇਆ ਜਾ ਸਕੇ।

# ਪੰਜਾਬ ਵਿੱਚ ਪਹਿਲਾ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲਿਸ ਸਟੇਸ਼ਨ ਤਿਆਰ

## ਨਾਗਰਿਕਾਂ ਦੀ ਗੁਪਤ ਜਾਣਕਾਰੀ ਲਈ ਐਂਟੀ-ਗੈਂਗਸਟਰ ਹੈਲਪਲਾਈਨ ਜਾਰੀ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਨੇ ਅਪਰਾਧਾਂ ਵਿਰੁੱਧ ਕਾਰਵਾਈ ਤੇਜ਼ ਕਰਨ ਲਈ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਵਿੱਚ ਪਹਿਲਾ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲੀਸ ਸਟੇਸ਼ਨ ਸਥਾਪਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਗਜ਼ਟ ਨੋਟੀਫਿਕੇਸ਼ਨ ਅਨੁਸਾਰ, ਇਹ ਨਵਾਂ ਪੁਲਿਸ ਸਟੇਸ਼ਨ ਪੂਰੇ ਪੰਜਾਬ ਵਿੱਚ ਕੰਮ ਕਰੇਗਾ। ਇਹ ਕਦਮ ਪੰਜਾਬ ਪੁਲੀਸ ਵੱਲੋਂ 'ਅਪਰੇਸ਼ਨ ਪ੍ਰਹਾਰ' ਤਹਿਤ ਵਿੱਢੀ ਗਈ ਮੁਹਿੰਮ ਦੌਰਾਨ ਚੁੱਕਿਆ ਗਿਆ ਹੈ। ਹਾਲਾਂਕਿ ਗੈਂਗਸਟਰ ਨੈੱਟਵਰਕਾਂ ਅਤੇ ਉਨ੍ਹਾਂ ਦੇ ਸਹਿਯੋਗੀ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਰਾਜ ਵਿਆਪੀ ਛਾਪੇਮਾਰੀ ਅਤੇ ਗ੍ਰਿਫਤਾਰੀਆਂ ਦੇ ਦੋ ਪੜਾਅ ਪਹਿਲਾਂ ਹੀ ਮੁਕੰਮਲ ਕੀਤੇ ਜਾ ਚੁੱਕੇ ਹਨ।

ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਨੇ 2026 ਨੂੰ ÷ਗੈਂਗਸਟਰਾਂ ਵਿਰੁੱਧ ਸਾਲ÷ ਵਜੋਂ ਐਲਾਨਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਉਸ ਪੂਰੇ ਈਕੋਸਿਸਟਮ ਨੂੰ ਖਤਮ ਕਰਨਾ ਹੈ ਜੋ ਸੰਗਠਿਤ ਅਪਰਾਧ ਨੂੰ ਸਮਰੱਥ ਬਣਾਉਂਦਾ ਹੈ, ਜਿਸ ਵਿੱਚ ਵਿੱਤ ਪ੍ਰਬੰਧਕ, ਹਥਿਆਰਾਂ ਦੇ ਸਪਲਾਇਰ ਅਤੇ ਸੁਰੱਖਿਅਤ ਪਨਾਹਗਾਹਾਂ ਪ੍ਰਦਾਨ ਕਰਨ ਵਾਲੇ ਸ਼ਾਮਲ ਹਨ। ਪੁਲੀਸ ਨੇ ਇੱਕ 'ਓਵਰਸੀਜ਼ ਫਿਊਜਿਟਿਵ ਟ੍ਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ' ਸਥਾਪਤ ਕੀਤਾ ਹੈ ਅਤੇ ਨਾਗਰਿਕਾਂ ਦੀ ਗੁਪਤ ਜਾਣਕਾਰੀ ਲਈ ਇੱਕ ਐਂਟੀ-ਗੈਂਗਸਟਰ ਹੈਲਪਲਾਈਨ (93946-93946) ਸ਼ੁਰੂ ਕੀਤੀ ਹੈ।

ਪਹਿਲਾ ਪੜਾਅ ਮੁਤਾਬਕ ਸਰਗਰਮ ਗੈਂਗਾਂ ਅਤੇ ਉਨ੍ਹਾਂ ਦੇ ਸਥਾਨਕ ਸਹਿਯੋਗੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤਾਲਮੇਲ ਵਾਲੀ ਛਾਪੇਮਾਰੀ ਕੀਤੀ ਗਈ। ਜੇਲ੍ਹਾਂ ਵਿੱਚ ਬੰਦ ਗੈਂਗ ਲੀਡਰਾਂ ਦੇ ਨੈੱਟਵਰਕ ਨੂੰ ਰੋਕਣ ਲਈ ਚੈਕਿੰਗ ਸਖ਼ਤ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਕਈ ਗ੍ਰਿਫਤਾਰੀਆਂ ਅਤੇ ਨਾਜਾਇਜ਼ ਹਥਿਆਰਾਂ ਤੇ ਮੋਬਾਈਲ ਫੋਨਾਂ ਦੀ ਬਰਾਮਦਗੀ ਹੋਈ

ਦੂਜਾ ਪੜਾਅ ਦੌਰਾਨ ਸ਼ੁਰੂਆਤੀ ਕਾਰਵਾਈ ਤੋਂ ਮਿਲੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਗੈਂਗਾਂ ਦੀ ਵਿੱਤੀ ਅਤੇ ਲੌਜਿਸਟਿਕ ਰੀੜ੍ਹ ਦੀ ਹੱਡੀ ਨੂੰ ਨਿਸ਼ਾਨਾ ਬਣਾਇਆ ਗਿਆ।

ਪੁਲਿਸ ਨੇ ਸ਼ੂਟਰਾਂ ਅਤੇ ਹੈਂਡਲਰਾਂ ਵਿਰੁੱਧ ਕਾਰਵਾਈ ਤੇਜ਼ ਕੀਤੀ, ਫਿਰੌਤੀ ਦੇ ਪੈਸਿਆਂ ਦੇ ਸੋਰਸ ਲੱਭੇ ਅਤੇ ਅਪਰਾਧਿਕ ਕਮਾਈ ਨਾਲ ਬਣਾਈਆਂ ਜਾਇਦਾਦਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ।

ਅਧਿਕਾਰੀਆਂ ਨੇ ਕਿਹਾ ਕਿ ਰਾਜਪੁਰਾ ਵਿੱਚ ਨਵਾਂ ਸੂਬਾ ਵਿਆਪੀ ਪੁਲੀਸ ਸਟੇਸ਼ਨ ਅਜਿਹੀਆਂ ਕਾਰਵਾਈਆਂ ਦੇ ਤਾਲਮੇਲ ਲਈ ਇੱਕ ਕੇਂਦਰੀ ਹੱਬ ਵਜੋਂ ਕੰਮ ਕਰੇਗਾ, ਜੋ ਕਾਨੂੰਨੀ ਅਤੇ ਸੰਚਾਲਨ ਪੱਧਰ 'ਤੇ ਪੰਜਾਬ ਦੀ ਸੰਗਠਿਤ ਅਪਰਾਧ ਵਿਰੁੱਧ ਜੰਗ ਨੂੰ ਹੋਰ ਮਜ਼ਬੂਤ ਕਰੇਗਾ।

# ਮਹਾਂਸ਼ਿਵਰਾਤਰੀ ਸਬੰਧੀ ਗੰਗਾ ਜੱਲ ਲੈਣ ਜਾ ਰਹੇ ਡਾਕ ਬੈਕੁੰਠ ਕਾਂਵੜ ਯਾਤਰੀਆਂ ਤੇ ਫੁੱਲਾਂ ਦੀ ਵਰਖਾ ਕਰ ਕੀਤਾ ਵਿਸ਼ੇਸ਼ ਸਨਮਾਨ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਕਾਲਜ ਰੋਡ ਬਡੂੰਗਰ ਵਿਖੇ ਸਥਿਤ ਪ੍ਰਾਚੀਨ ਸ਼ਿਵ ਮੰਦਿਰ ਬਰੋਟੇ ਵਾਲੇ ਵਿਖੇ ਮਹਾਂ ਸ਼ਿਵਰਾਤਰੀ ਤੇ ਸ਼ਿਵਲਿੰਗ ਜਲ ਅਭਿਸ਼ੇਕ ਕਰਨ ਲਈ ਪਵਿੱਤਰ ਗੰਗਾ ਜਲ ਲੈਣ ਲਈ ਜਾ ਰਹੇ ਡਾਕ ਬੈਕੁੰਡ ਕਾਵੜ ਯਾਤਰੀਆਂ ਤੇ ਪ੍ਰਾਚੀਨ ਮਨੋਕਾਮਨਾ ਸਿੱਧ ਸ਼ਿਵ ਮੰਦਿਰ ਬਰੋਟੇ ਵਾਲੇ ਕਮੇਟੀ ਦੇ ਪ੍ਰਧਾਨ ਗੰਗਾ ਬਿਸ਼ਨ, ਜਨਰਲ ਸਕੱਤਰ ਜਗਦੀਸ਼ ਚੰਦ ਅਤੇ ਰਾਜੀਵ ਕਪੂਰ ਅਤੇ ਰਾਇਲ ਯੂਥ ਕਲੱਬ ਦੇ ਪ੍ਰਧਾਨ ਰਾਹੁਲ ਬਡੂੰਗਰ ਦੀ ਅਗਵਾਈ ਵਿੱਚ ਫੁੱਲਾਂ ਦੀ ਵਰਖਾ ਕਰ ਕਾਵੜੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਗੰਗਾ ਬਿਸ਼ਨ ਅਤੇ ਰਾਹੁਲ ਬਡੂੰਗਰ ਨੇ ਦੱਸਿਆ ਕਿ ਬਡੂੰਗਰ ਦੇ ਪ੍ਰਾਚੀਨ ਬਰੋਟੇ ਵਾਲੇ ਸ਼ਿਵ ਮੰਦਿਰ ਵਿਖੇ ਮਹਾਂਸ਼ਿਵਾਰਤੀ ਸਬੰਧੀ ਹੋਣ ਜਾ ਰਹੇ ਸਮਾਰੋਹ ਮੌਕੇ ਸ਼ਿਵਲਿੰਗ ਜਲ ਅਭਿਸ਼ੇਕ ਸਬੰਧੀ ਇਲਾਕੇ ਨਾਲ ਸਬੰਧਤ ਕਾਂਵੜ ਯਾਤਰੀ ਹਰਿਦੁਆਰ ਤੋਂ ਪਟਿਆਲਾ ਪੈਦਲ ਯਾਤਰਾ ਕਰ ਰਿਤੀ ਰਸਮਾਂ ਅਨੁਸਾਰ ਪਵਿੱਤਰ ਜਲ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਸਮੂੰਹ ਬਡੂੰਗਰ ਦੇ ਬਹੁਗਿਣਤੀ ਸ਼ਰਧਾਲੂ ਪ੍ਰਾਚੀਨ ਮੰਦਿਰ ਤੇ ਜਿੱਥੇ ਆਸਥਾ ਰੱਖਦੇ ਹਨ ਉੱਥੇ ਹੀ ਇਲਾਕੇ ਦੇ ਅਨੇਕਾਂ ਨੌਜਵਾਨ ਧਾਰਮਿਕ ਅਤੇ ਸਮਾਜਿਕ ਕਾਰਜਾਂ ਨਾਲ ਜੁੜੇ ਹੋਏ ਹਨ। ਜਿਹੜੇ ਕਿ ਸਮੇਂ—ਸਮੇਂ ਅਨੁਸਾਰ ਵਿਸ਼ੇਸ਼ ਦਿਨਾਂ ਤੇ ਆਯੋਜਿਤ ਸਮਾਰੋਹ ਦੌਰਾਨ ਆਪਣਾ ਵਿਸ਼ੇਸ਼ ਯੋਗਦਾਨ ਸੇਵਾ ਦੇ ਰੂਪ ਵਿੱਚ ਜਰੂਰ ਪਾਉਂਦੇ ਹਨ। ਇਸ ਮੌਕੇ ਜਗਦੀਸ਼ ਚੰਦ, ਆਦਿਤਿਆ, ਨਿਖਿਲ, ਚਿਰਾਗ, ਸ਼ਿਵਮ, ਅਨੁਰਾਗ, ਗਗਨ, ਸੂਰਜ, ਵਿਜੇ, ਵਿੱਕੀ, ਅਸ਼ੋਕ ਕੁਮਾਰ ਜ਼ੋਸ਼ੀ, ਰਾਜੇਸ਼ ਮੰਡੋਰਾ, ਬਿੱਲੂ, ਬੋਬੀ, ਭੱਲਾ, ਬਾਦਲ, ਪੱਪੂ, ਕਾਕਾ, ਪਵਨ, ਆਦਿ ਹਾਜਰ ਸਨ।

# ਆਪ ਪਟਿਆਲਾ ਇਕਾਈ ਵੱਲੋਂ ਕਾਂਗਰਸ ਖ਼ਿਲਾਫ਼ ਜ਼ਬਰਦਸਤ ਮੁਜ਼ਾਹਰਾ, ਐਮ.ਪੀ. ਗਾਂਧੀ ਦੀ ਕੋਠੀ ਘੇਰੀ

➢ ਕਾਂਗਰਸੀ ਲੀਡਰ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਵਾ ਕੇ ਆਪਣਾ ਇਲਾਜ ਕਰਵਾਉਣ: ਹਰਪਾਲ ਜੁਨੇਜਾ ➢ ਪੰਜਾਬ 'ਚ ਦਲਿਤ ਵਿਰੋਧੀ ਮਾਨਸਿਕਤਾ ਦੀ ਕੋਈ ਥਾਂ ਨਹੀਂ, ਕਾਂਗਰਸੀਆਂ ਨੂੰ 2027 'ਚ ਲੋਕ ਸਬਕ ਸਿਖਾਉਣਗੇ: ਤੇਜਿੰਦਰ ਮਹਿਤਾ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪਟਿਆਲਾ ਦੀ ਸਮੁੱਚੀ ਲੀਡਰਸ਼ਿਪ ਤੇ ਵੱਡੀ ਗਿਣਤੀ ਆਗੂਆਂ ਤੇ ਵਰਕਰਾਂ ਨੇ ਅੱਜ 'ਦਲਿਤ ਵਿਰੋਧੀ ਕਾਂਗਰਸ: ਪ੍ਰਤਾਪ ਬਾਜਵਾ ਮੁਆਫ਼ੀ ਮੰਗੇ' ਦਾ ਨਾਅਰਾ ਜ਼ੋਰਦਾਰ ਢੰਗ ਨਾਲ ਬੁਲੰਦ ਕਰਦਿਆਂ ਪਟਿਆਲਾ ਦੇ ਐਮਪੀ ਡਾ. ਧਰਮਵੀਰ ਗਾਂਧੀ ਦੇ ਘਰ ਦੇ ਮੂਹਰੇ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ।

ਆਪ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ ਅਤੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਇੰਪਰੂਵਮੈਂਟ ਟਰਸਟ ਹਰਪਾਲ ਸਿੰਘ ਵਿਰਕ ਦੀ ਅਗਵਾਈ ਹੇਠ ਇੱਥੇ ਅਫ਼ਸਰ ਕਲੋਨੀ ਨੇੜੇ ਗਊ ਚੌਕ ਵਿਖੇ ਬੈਂਡ ਵਾਜੇ ਨਾਲ ਪੁੱਜੀ ਆਪ ਲੀਡਰਸ਼ਿਪ ਨੇ ਮੰਗ ਕੀਤੀ ਕਿ ਦਲਿਤ ਵਿਰੋਧੀ ਮਾਨਸਿਕਤਾ ਰੱਖਣ ਵਾਲਾ ਕਾਂਗਰਸੀ ਆਗੂ ਪ੍ਰਤਾਪ ਬਾਜਵਾ ਮੁਆਫ਼ੀ ਮੰਗੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਬਹੁਤ ਹੀ ਸੂਝਵਾਨ ਆਗੂ ਹਨ, ਇਨ੍ਹਾਂ ਵਿਰੁੱਧ ਕੀਤੀ ਗਈ ਮਾੜੀ ਬਿਆਨਬਾਜੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਧਰਨੇ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਕਾਂਗਰਸ ਪਾਰਟੀ ਤੇ ਇਸਦੇ ਆਗੂ ਦਲਿਤ ਵਰਗ ਤੋਂ ਉਠਕੇ ਮੰਤਰੀ ਬਣੇ ਆਪ ਆਗੂ ਸ. ਹਰਭਜਨ ਸਿੰਘ ਨੂੰ ਬਰਦਾਸ਼ਤ ਨਹੀਂ ਕਰ ਰਹੀ, ਜਿਸ ਕਰਕੇ ਪ੍ਰਤਾਪ ਬਾਜਵਾ ਦੀ ਦਲਿਤ ਵਿਰੋਧੀ ਮਾਨਸਿਕਤਾ ਸਾਹਮਣੇ ਆ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸ਼ਮਾਂ ਪੂਰੇ ਦੇਸ਼ ਵਿੱਚ ਬੁਝਣ ਵਾਲੀ ਹੈ ਤੇ ਕਾਂਗਰਸ ਦਾ ਮੱਕੂ ਪੂਰੀ ਤਰ੍ਹਾਂ ਠੱਪਿਆ ਜਾਣਾ ਹੈ। ਵਿਧਾਇਕ ਕੋਹਲੀ ਨੇ ਮੰਗ ਕੀਤੀ ਕਿ ਪ੍ਰਤਾਪ ਬਾਜਵਾ ਤੇ ਕਾਂਗਰਸ ਪਾਰਟੀ ਬਿਨ੍ਹਾਂ ਸ਼ਰਤ ਮੁਆਫ਼ੀ ਮੰਗੇ। ਵਿਧਾਇਕ ਨੇ ਕਾਂਗਰਸ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਬਾਜਵਾ ਨੇ ਬਿਨ੍ਹਾਂ ਸ਼ਰਤ ਮੁਆਫ਼ੀ ਨਾ ਮੰਗੀ ਤਾਂ ਉਸਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਕਰ ਦਿਤਾ ਜਾਵੇਗਾ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਤੋਂ ਜਨਤਾ ਬਹੁਤ ਖੁਸ਼ ਹੈ ਪਰੰਤੂ ਇਹ ਖੁਸ਼ੀ ਇਨ੍ਹਾਂ ਕਾਂਗਰਸੀਆਂ ਤੋਂ ਬਰਦਾਸ਼ਤ ਨਹੀਂ ਹੋ ਰਹੀ, ਜਿਸ ਲਈ ਅਜਿਹੇ ਮਾੜੀ ਸੋਚ ਵਾਲੇ ਆਗੂ ਆਪਣੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰ ਰਹੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਪੀ.ਆਰ.ਟੀ.ਸੀ. ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਇਹ ਬਹੁਤ ਅਫ਼ਸੋਸਨਾਕ ਹੈ ਕਿ ਪ੍ਰਤਾਪ ਬਾਜਵਾ, ਰਾਜਾ ਵੜਿੰਗ ਤੇ ਹੋਰ ਵਿਰੋਧੀ ਆਗੂ ਅੱਜ ਪੂਰੀ ਤਰ੍ਹਾਂ ਹਿੱਲ ਕੇ ਪਾਗਲਪਨ ਕਰਦਿਆਂ ਘਟੀਆ ਹਰਕਤਾਂ 'ਤੇ ਉਤਰ ਆਏ ਹਨ। ਜੁਨੇਜ਼ਾ ਨੇ ਕਿਹਾ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸੀ ਕਿ ਜਿਉਂ-ਜਿਉਂ ਪੰਜਾਬ ਸਰਕਾਰ ਲੋਕਾਂ ਲਈ ਕੰਮ ਕਰਦੀ ਜਾਵੇਗੀ, ਤਿਉਂ-ਤਿਉਂ ਬਾਜਵੇ, ਰਾਜੇ ਤੇ ਹੋਰ ਵਿਰੋਧੀ ਹਿਲਦੇ ਜਾਣਗੇ, ਉਹ ਗੱਲ ਹੁਣ ਸੱਚ ਸਾਬਤ ਹੋ ਰਹੀ ਹੈ।

ਚੇਅਰਮੈਨ ਜੁਨੇਜਾ ਨੇ ਕਿਹਾ ਬਾਜਵਾ ਆਪਣੀ ਸਿਆਣਪ ਪੂਰੀ ਤਰ੍ਹਾਂ ਗੁਆ ਚੁੱਕੇ ਹਨ।

# ਮਾਤਾ ਕੌਸ਼ਲਿਆ ਹਸਪਤਾਲ 'ਚ ਸਾਡੇ ਬਜ਼ੁਰਗ ਸਾਡਾ ਮਾਣ ਤਹਿਤ ਵਿਸ਼ੇਸ਼ ਸਿਹਤ ਕੈਂਪ ਆਯੋਜਿਤ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਅੱਜ ਪਟਿਆਲਾ ਦੇ ਮਾਤਾ ਕੌਸ਼ਲਿਆ ਹਸਪਤਾਲ ਵਿੱਚ ਵਿਸ਼ੇਸ਼ ਸਿਹਤ ਅਤੇ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਉਦੇਸ਼ ਬਜ਼ੁਰਗ ਨਾਗਰਿਕਾਂ ਨੂੰ ਘਰ ਦੇ ਨੇੜੇ ਹੀ ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਨੂੰ ਸਰਕਾਰੀ ਭਲਾਈ ਸਕੀਮਾਂ ਬਾਰੇ ਜਾਗਰੂਕ ਕਰਨਾ ਸੀ।

ਕੈਂਪ ਦੌਰਾਨ ਤਜਰਬੇਕਾਰ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਵਿਸਥਾਰਪੂਰਵਕ ਸਿਹਤ ਜਾਂਚ ਕੀਤੀ ਗਈ। ਇਸ ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ ਲੈਵਲ, ਅੱਖਾਂ ਦੀ ਜਾਂਚ, ਹੱਡੀਆਂ ਅਤੇ ਜੋੜਾਂ ਨਾਲ ਸੰਬੰਧਿਤ ਸਮੱਸਿਆਵਾਂ, ਦਿਲ ਦੀ ਬਿਮਾਰੀਆਂ ਅਤੇ ਹੋਰ ਆਮ ਰੋਗਾਂ ਦੀ ਸਕ੍ਰੀਨਿੰਗ ਸ਼ਾਮਲ ਸੀ।

# ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਵਿਖੇ ਸ਼ੁਕਰਾਨਾ ਸਮਾਗਮ ਆਯ



**ਲੁਧਿਆਣਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ, ਨੇੜੇ ਈਸਾ ਨਗਰੀ ਪੁੱਲੀ, ਲੁਧਿਆਣਾ ਵਿਖੇ ਅੱਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛੱਤਰ ਛਾਇਆ ਹੇਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸ਼ੁਕਰਾਨਾ ਦਿਵਸ ਮਨਾਇਆ ਗਿਆ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਲੁਧਿਆਣਾ ਕੇਂਦਰੀ ਵਿਧਾਨ ਸਭਾ ਹਲਕੇ ਦੇ ਐਮਐਲਏ ਅਸ਼ੋਕ ਪਰਾਸ਼ਰ ਪੱਪੀ ਪਹੁੰਚੇ ਸਨ। ਜਿਨ੍ਹਾਂ ਨੇ ਆਰਟ ਐਂਡ ਕਰਾਫਟ, ਸਾਇੰਸ, ਰੰਗੋਲੀ ਸਣੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

ਅਸ਼ੋਕ ਪਰਾਸ਼ਰ ਪੱਪੀ ਨੇ ਸੰਬੋਧਨ ਕਰਦਿਆਂ, ਕਿਹਾ ਕਿ ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਵੱਲੋਂ ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤਾ ਜਾ ਰਿਹਾ ਉਪਰਾਲਾ ਸ਼ਲਾਘਾ ਦੇ ਯੋਗ ਹੈ। ਉਹਨਾਂ ਨੇ ਖਾਸ ਤੌਰ ਤੇ ਸਕੂਲ ਦੇ ਪ੍ਰਬੰਧਕ ਅਤੇ ਡਾ. ਏ.ਵੀ.ਐਮ ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਰਾਜੀਵ ਕੁਮਾਰ ਲਵਲੀ ਵੱਲੋਂ ਸਮਾਜ ਨੂੰ ਨਵੀਂ ਦਿਸ਼ਾ ਦੇਣ ਲਈ ਕੀਤੇ ਜਾ ਰਹੇ ਕੰਮ ਨੂੰ ਸਰਾਹਿਆ।

ਰਾਜੀਵ ਕੁਮਾਰ ਲਵਲੀ ਨੇ ਪੱਪੀ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਪ੍ਰਗਟਾਉਂਦਿਆਂ, ਕਿਹਾ ਕਿ ਇਹ ਸਕੂਲ ਉਹਨਾਂ ਦੇ ਪਿਤਾ ਸਵ. ਬਾਬੂ ਅਜੀਤ ਕੁਮਾਰ, ਸਾਬਕਾ ਐਮਐਲਏ ਵੱਲੋਂ ਸੰਵਿਧਾਨ ਨਿਰਮਾਤਾ ਡਾ. ਬੀ.ਆਰ ਅੰਬੇਡਕਰ ਦੇ ਵਿਚਾਰਾਂ ਨੂੰ ਅੱਗੇ ਵਧਾਉਣ ਅਤੇ ਸਿੱਖਿਆ ਦੇ ਪ੍ਰਸਾਰ ਲਈ ਸ਼ੁਰੂ ਕੀਤਾ ਗਿਆ ਸੀ।

ਉਨਾਂ ਦੀ ਸੰਸਥਾ ਸਮਾਜ ਦੇ ਲੋੜਵੰਦ ਵਰਗਾਂ ਤੱਕ ਸਿੱਖਿਆ ਤੇ ਪ੍ਰਸਾਰ ਲਈ ਕੰਮ ਕਰਦੀ ਹੈ। ਲਵਲੀ ਨੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਕੀਤੇ ਗਏ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ, ਕਿਹਾ ਕਿ ਇਹ ਸਭ ਪਰਮਾਤਮਾ ਦੀ ਮਿਹਰ ਅਤੇ ਇਹਨਾਂ ਦੇ ਅਧਿਆਪਕਾਂ ਤੇ ਮਾਪਿਆਂ ਵੱਲੋਂ ਕੀਤੀ ਗਈ ਸਖਤ ਮਿਹਨਤ ਦਾ ਨਤੀਜਾ ਹੈ।

ਉਹਨਾਂ ਨੇ ਕਿਹਾ ਕਿ ਅੱਜ ਸਕੂਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਹੇਠ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਵਾਹਿਗੁਰੂ ਨੂੰ ਸ਼ੁਕਰਾਨਾ ਕਰਕੇ ਬੱਚਿਆਂ ਦੇ ਸੁਨਹਿਰੀ ਭਵਿੱਖ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ ਹੈ, ਤਾਂ ਜੋ ਵਿਦਿਆਰਥੀ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਅਤੇ ਭਵਿੱਖ ਵਿੱਚ ਹੋਰ ਤਰੱਕੀ ਕਰਨ ਤੇ ਸਾਡਾ ਪੰਜਾਬ ਅਤੇ ਦੇਸ਼ ਤਰੱਕੀ ਕਰੇ।

ਇਸ ਦੌਰਾਨ ਪੰਜਾਬ ਭਾਜਪਾ ਖਜਾਨਚੀ ਗੁਰਦੇਵ ਸ਼ਰਮਾ ਦੇਬੀ, ਕੌਂਸਲਰ ਨਿੱਕੂ ਭਾਰਤੀ, ਕੌਂਸਲਰ ਰਾਜੂ ਬਾਬਾ, ਅਵਿਨਾਸ਼ ਸਿੱਕਾ, ਰਮੇਸ਼ ਬਾਂਗੜ, ਇੰਦਰਜੀਤ ਸਿੰਘ ਐਡਵੋਕੇਟ, ਜਸਬੀਰ ਸਿੰਘ ਲੁਧਿਆਣਾ, ਸਿਧਾਰਥ ਕੁਮਾਰ ਆਸਟ੍ਰੇਲੀਆ, ਪਵਨ ਕੁਮਾਰ ਹੈਪੀ, ਰਣਜੀਤ ਸਿੰਘ ਲਲਤੋਂ, ਕੁਲਵੰਤ ਸਿੰਘ ਵਿਰਦੀ, ਅਜੇ ਕੁਮਾਰ, ਵੰਸ਼, ਨਿਰਭੈ ਸਿੰਘ, ਬਿੰਨੀ, ਬ੍ਰਿਜੇਸ਼, ਵੇਦਾਂਤ, ਕੋਚ ਜੱਸੀ, ਬਲਵਿੰਦਰ ਗੋਲਡੀ, ਰਾਮਦਾਸ, ਵਿਕਾਸ ਮਲਹੋਤਰਾ, ਜੀਵਨ ਕੁਮਾਰ, ਨਿਹੰਗ ਬਾਬਾ ਬੋਹੜ ਸਿੰਘ ਵੱਲੋਂ ਵੀ ਸ਼ੁਕਰਾਨਾ ਸਮਾਗਮ ਸ਼ਿਰਕਤ ਕੀਤੀ ਗਈ।

# ਕਾਰ-ਮੋਟਰਸਾਈਕਲ ਟੱਕਰ 'ਚ ਮੋਟਰਸਾਈਕਲ ਸਵਾਰ ਦੀ ਮੌਤ



**ਸਮਾਣਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਗਲੋਲੀ ਨੇੜੇ ਕਾਰ ਦੀ ਟੱਕਰ ਕਾਰਨ ਇੱਕ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਜਾਣ 'ਤੇ ਉਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ, ਜਦੋਂਕਿ ਕਾਰ ਚਾਲਕ ਕਾਰ ਸਮੇਤ ਫ਼ਰਾਰ ਹੋ ਗਿਆ।

ਮਾਮਲੇ ਦੇ ਜਾਂਚ ਅਧਿਕਾਰੀ ਠਰੂਆ ਪੁਲਸ ਚੌਕੀ ਦੇ ਇੰਚਾਰਜ ਏ.ਐੱਸ.ਆਈ. ਜੈ ਪ੍ਰਕਾਸ਼ ਨੇ ਦੱਸਿਆ ਕਿ ਮ੍ਰਿਤਕ ਭੁਪਿੰਦਰ ਸਿੰਘ (30) ਪੁੱਤਰ ਸਤਨਾਮ ਸਿੰਘ, ਵਾਸੀ ਪਿੰਡ ਗੁਲਾਹੜ ਦੇ ਭਰਾ ਹਰਜਿੰਦਰ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਬੁੱਧਵਾਰ ਦੁਪਹਿਰ ਤੋਂ ਬਾਅਦ ਉਸ ਦਾ ਭਰਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਗਲੋਲੀ ਨੇੜਿਓਂ ਜਾ ਰਿਹਾ ਸੀ। ਸਾਹਮਣੇ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਦੇ ਚਾਲਕ ਨੇ ਲਾਪਰਵਾਹੀ ਨਾਲ ਆਪਣੀ ਕਾਰ ਮੋਟਰਸਾਈਕਲ ਵਿੱਚ ਮਾਰ ਦਿੱਤੀ। ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਣ ਕਾਰਨ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀ ਅਨੁਸਾਰ, ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ, ਜਦਕਿ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

# ਸ਼ਰਧਾਲੂਆਂ ਦਾ ਜਥਾ ਡਾਕ ਕਾਂਵੜ ਲੈਣ ਲਈ ਹਰਿਦੁਆਰ ਲਈ ਹੋਇਆ ਰਵਾਨਾ



**ਸੁਨਾਮ ਊਧਮ ਸਿੰਘ ਵਾਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼੍ਰੀ ਬਾਲਾ ਜੀ ਖਾਟੂਸ਼ਿਆਮ ਮੰਦਿਰ ਤੋਂ ਸ਼ਰਧਾਲੂਆਂ ਦਾ ਇੱਕ ਜੱਥਾ ÷ਬਮ ਬਮ ਭੋਲੇ÷ ਦੇ ਜੈਕਾਰੇ ਲਗਾਉਂਦੇ ਹੋਏ ਡਾਕ ਕਾਂਵੜ ਲੈਣ ਲਈ ਹਰਿਦੁਆਰ ਲਈ ਰਵਾਨਾ ਹੋਇਆ। ਰੌਵ ਜਨਾਲੀਆ ਨੇ ਦੱਸਿਆ ਕਿ ਕਾਂਸਲ ਫਾਊਂਡੇਸ਼ਨ ਦੇ ਸੰਸਥਾਪਕ ਡਾ. ਅਮਿਤ ਕਾਂਸਲ ਯਾਤਰਾ ਨੂੰ ਰਵਾਨਾ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਝੰਡੀ ਦੇ ਕੇ ਕਾਂਵੜ ਯਾਤਰਾ ਨੂੰ ਰਵਾਨਾ ਕੀਤਾ।

ਯਾਤਰਾ ਤੋਂ ਪਹਿਲਾਂ, ਸ਼ਰਧਾਲੂਆਂ ਨੇ ਸਮੂਹਿਕ ਤੌਰ 'ਤੇ ਹਨੂੰਮਾਨ ਚਾਲੀਸਾ ਜੀ ਦਾ ਪਾਠ ਕੀਤਾ। ਸ਼੍ਰੀ ਬਾਲਾਜੀ ਮਹਾਰਾਜ ਅਤੇ ਭੋਲੇ ਬਾਬਾ ਨੂੰ ਲੱਡੂਆ ਦਾ ਭੋਗ ਲਗਾਇਆ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਸੰਤ ਸ਼ਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾ ਚੈਰੀਟੇਬਲ ਟਰੱਸਟ ਸੁਨਾਮ ਵੱਲੋਂ ਹਰਿਦੁਆਰ ਤੋਂ ਸੁਨਾਮ ਤੱਕ ਦੇ ਰਸਤੇ ਵਿੱਚ ਮੋਬਾਈਲ ਹਸਪਤਾਲ ਵੈਨ ਰਾਹੀਂ ਚਾਰ ਦਿਨਾਂ ਮੈਡੀਕਲ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਫਾਰਮਾਸਿਸਟ ਅਮਨਦੀਪ ਗੋਇਲ ਕਾਵੜੀਆਂ ਅਤੇ ਲੋੜਵੰਦਾਂ ਦਾ ਮੁਫਤ ਚੈੱਕਅਪ ਕਰਨਗੇ। ਸ਼੍ਰੀ ਬਾਲਾਜੀ ਟਰੱਸਟ ਵੱਲੋਂ_ਆਰਾ ਦਵਾਈਆਂ ਅਤੇ ਪਾਣੀ ਦੀਆਂ ਬੋਤਲਾਂ ਮੁਫਤ ਦਿੱਤੀਆ ਜਾਣਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਕਾਵੜੀਏ ਹਰਿਦੁਆਰ ਤੋਂ ਪਵਿੱਤਰ ਗੰਗਾ ਜਲ ਲਿਆਉਣਗੇ ਅਤੇ ਮਹਾਸ਼ਿਵਰਾਤਰੀ 'ਤੇ ਸ਼੍ਰੀ ਬਾਲਾਜੀ ਮੰਦਰ ਵਿਖੇ ਨਰਮਦੇਸ਼ਵਰ ਮਹਾਦੇਵ ਸ਼ਿਵਲਿੰਗ ਦਾ ਜਲਭਿਸ਼ੇਕ ਕਰਨਗੇ।

ਸ਼ਿਵ ਭਗਤ ਭਗਵਾਨ ਸ਼ਿਵ ਨੂੰ ਖੁਸ਼ ਕਰਨ ਲਈ ਕਾਵੜ੍ਹ ਲਿਆਉਂਦੇ ਹਨ ਅਤੇ ਸ਼ਿਵ ਮੰਦਰ ਵਿੱਚ ਗੰਗਾ ਜਲ ਚੜ੍ਹਾਉਣ ਨਾਲ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਇਸ ਮੌਕੇ ਪੰਕਜ ਸ਼ਰਮਾ, ਸ਼ੀਤਲ ਮਿੱਤਲ, ਪ੍ਰਵੇਸ਼ ਅਗਰਵਾਲ, ਕਮਲ ਠੇਕੇਦਾਰ, ਅਜੇ ਗੁਪਤਾ, ਅਨਿਲ ਲੀਲਾ, ਜਤਿਨ ਕੁਮਾਰ, ਲੱਕੀ ਖਿਪਲਾ, ਸਚਿਨ ਗੋਇਲ, ਕੇਸ਼ਵ ਗੁਪਤਾ, ਮਾਧਵ, ਗੌਤਮ, ਚਕਸ਼ੂ ਅਤੇ ਸੋਨੂੰ ਸਿੰਗਲਾ, ਗਗਨ, ਵਿਕਾਸ, ਗੋਲੂ ਆਦਿ ਮੌਜੂਦ ਸਨ।

# ਪ੍ਰੀਖਿਆਵਾਂ ਤੋਂ ਪਹਿਲਾਂ ਸਹੀ ਤਿਆਰੀ ਸਫਲਤਾ ਨੂੰ ਦੁੱਗਣੀ ਕਰ ਦਿੰਦੀ ਹੈ: ਅਨਿਲ ਭਾਰਤੀ

## ਰਿਟਾਇਰਮੈਂਟ ਤੋਂ ਬਾਅਦ ਵੀ ਵਿਦਿਆਰਥੀਆਂ ਨੂੰ ਸਫਲਤਾ ਦੇ ਗੁਰ ਸਿਖਾ ਰਹੇ ਨੇ, ਸਿੱਖਿਆ ਸ਼ਾਸਤਰੀ ਅਨਿਲ ਭਾਰਤੀ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੀ ਸਨਾਤਨ ਧਰਮ ਸਭਾ ਰਜਿਸਟਰਡ ਪਟਿਆਲਾ ਦੁਆਰਾ ਚਲਾਏ ਜਾ ਰਹੇ ਸ਼ਹਿਰ ਦੇ 101 ਸਾਲ ਪੁਰਾਣੇ ਇਤਿਹਾਸਕ ਸਕੂਲ, ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਚੰਗੀ ਤਰ੍ਹਾਂ ਤਿਆਰੀ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਦੇ ਗੁਰ ਸਿਖਾਉਣ ਲਈ ਇੱਕ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ ਗਿਆ। ਸਭਾ ਦੇ ਪ੍ਰਧਾਨ ਸ਼੍ਰੀ ਲਾਲ ਚੰਦ ਜਿੰਦਲ, ਸੀਨੀਅਰ ਉਪ ਪ੍ਰਧਾਨ ਵਿਜੇ ਮੋਹਨ ਗੁਪਤਾ, ਉਪ ਪ੍ਰਧਾਨ ਐਨ.ਕੇ. ਜੈਨ, ਜਨਰਲ ਸਕੱਤਰ ਅਨਿਲ ਗੁਪਤਾ, ਅਤੇ ਸਕੂਲ ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ ਦੀ ਯੋਗ ਅਗਵਾਈ ਹੇਠ ਆਯੋਜਿਤ, ਇਸ ਵਿਸ਼ੇਸ਼ ਸੈਸ਼ਨ ਦੀ ਪ੍ਰਧਾਨਗੀ ਸਕੂਲ ਦੇ ਪ੍ਰਿੰਸੀਪਲ, ਸ਼੍ਰੀ ਰਿਪੁਦਮਨ ਸਿੰਘ ਨੇ ਕੀਤੀ, ਜੋ ਕਿ ਸਕੂਲ ਦੀ ਰਣਨੀਤੀ ਦੇ ਇੱਕ ਹਿੱਸੇ ਵਜੋਂ ਸਾਰੇ ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਅਪਣਾਈ ਗਈ ਹੈ।

ਸੈਸ਼ਨ ਵਿੱਚ ਮੌਜੂਦ 500 ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਇਸੇ ਸਕੂਲ ਤੋਂ ਸੇਵਾਮੁਕਤ ਹੋਏ ਸਮਾਜਿਕ ਵਿਗਿਆਨ ਅਧਿਆਪਕ, ਅਨਿਲ ਕੁਮਾਰ ਭਾਰਤੀ ਨੇ ਦੱਸਿਆ ਕਿ ਸਹੀ ਤਕਨੀਕਾਂ ਨਾਲ ਪ੍ਰੀਖਿਆਵਾਂ ਦੀ ਤਿਆਰੀ ਸਫਲਤਾ ਨੂੰ ਦੁੱਗਣੀ ਕਿਵੇਂ ਕਰ ਸਕਦੀ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਪੜ੍ਹਨਾ ਜਿੰਨਾ ਮਹੱਤਵਪੂਰਨ ਹੈ, ਵਿਸ਼ੇ ਨਾਲ ਸੰਬੰਧਤ ਸਮੱਗਰੀ ਨੂੰ ਯਾਦ ਕਰਨਾ, ਉਸਨੂੰ ਲਿਖਣਾ, ਅਤੇ ਫਿਰ ਗਲਤੀਆਂ ਦੀ ਜਾਂਚ ਆਪ ਕਰਨਾ ਅਤੇ ਖ਼ੁਦ ਹੀ ਸੁਧਾਰ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ। ਉਹਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਆਪਣੀਆਂ ਜ਼ਰੂਰਤਾਂ ਦੇ ਅਧਾਰ ਤੇ ਆਪਣੀ ਸਮਾਂ-ਸਾਰਣੀ ਆਪ ਬਣਾ ਕੇ ਤਿਆਰੀ ਕਰਨ ਦੀ ਸਲਾਹ ਵੀ ਦਿੱਤੀ। ਕਿਉਂਕਿ ਸਾਰੇ ਵਿਦਿਆਰਥੀਆਂ ਦੇ ਬੌਧਿਕ ਪੱਧਰ ਵੱਖ-ਵੱਖ ਹੁੰਦੇ ਹਨ, ਇਸ ਲਈ ਪ੍ਰੀਖਿਆ ਦੀ ਤਿਆਰੀ ਲਈ ਸਭਨਾਂ ਲਈ ਇੱਕ ਸਮਾਨ ਸਮਾਂ-ਸਾਰਣੀ ਢੁਕਵੀਂ ਨਹੀਂ ਹੁੰਦੀ। ਹਰੇਕ ਵਿਦਿਆਰਥੀ ਨੂੰ ਆਪਣੀਆਂ ਜ਼ਰੂਰਤਾਂ ਦੇ ਅਧਾਰ ਤੇ ਆਪਣੀ ਸਮਾਂ-ਸਾਰਣੀ ਆਪ ਬਣਾ ਲੈਣੀ ਚਾਹੀਦੀ ਹੈ। ਵਧੇਰੇ ਔਖੇ ਵਿਸ਼ਿਆਂ ਦੀ ਤਿਆਰੀ ਲਈ ਵਧੇਰਾ ਸਮਾਂ ਅਤੇ ਆਸਾਨ ਵਿਸ਼ਿਆਂ ਦੀ ਤਿਆਰੀ ਲਈ ਘੱਟ ਸਮਾਂ ਦੇਣਾ ਸਲਾਹਿਆ ਜਾਂਦਾ ਹੈ। ਪ੍ਰੀਖਿਆਵਾਂ ਦੀ ਤਿਆਰੀ ਕਰਦੇ ਸਮੇਂ, ਕਿਸੇ ਵੀ ਵਿਸ਼ੇ ਨੂੰ ਆਸਾਨ ਸਮਝ ਕੇ ਕਦੇ ਵੀ ਨਜ਼ਰਅੰਦਾਜ਼ ਕਰਨ ਦੀ ਗਲਤੀ ਨਹੀਂ ਕਰਨੀ ਚਾਹੀਦੀ। ਸਾਰੇ ਵਿਸ਼ੇ ਹੀ ਮਹੱਤਵਪੂਰਨ ਹੁੰਦੇ ਹਨ, ਅਤੇ ਸਾਰੇ ਵਿਸ਼ਿਆਂ ਦੀ ਪੂਰੀ ਤਰ੍ਹਾਂ ਤਿਆਰੀ ਨਾਲ ਹੀ ਪ੍ਰੀਖਿਆ ਦਾ ਨਤੀਜਾ ਵਧੀਆ ਹੁੰਦਾ ਹੈ। ਉਸਨੇ ਸਵੈ-ਅਧਿਐਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ, ਇਹ ਕਹਿੰਦੇ ਹੋਏ ਕਿ ਜੇਕਰ ਤੁਸੀਂ ਪੜ੍ਹਾਈ ਦੌਰਾਨ ਕੋਈ ਸਵਾਲ ਨਹੀਂ ਸਮਝ ਪਾਉਂਦੇ, ਤਾਂ ਸਕੂਲ ਵਿੱਚ ਆਪਣੇ ਅਧਿਆਪਕਾਂ ਨੂੰ ਪੁੱਛਣਾ, ਤਿਆਰੀ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਤਿੰਨ ਪੜਾਵਾਂ ਵਿੱਚ ਰਵੀਜ਼ਨ ਕਰਨ ਦਾ ਇੱਕ ਸਧਾਰਨ, ਪਰ ਪ੍ਰਭਾਵਸ਼ਾਲੀ ਤਰੀਕਾ ਵੀ ਸਿਖਾਇਆ ਗਿਆ। ਇਸ ਵਿਧੀ ਦੇ ਅਨੁਸਾਰ, ਪਹਿਲੇ ਦਿਨ ਵਿਸ਼ੇ ਨੂੰ ਯਾਦ ਕਰਨਾ, ਦੂਜੇ ਦਿਨ ਨਵੀਂ ਸਮੱਗਰੀ ਸਿੱਖਣਾ ਅਤੇ ਫਿਰ ਪਿਛਲੇ ਦਿਨ ਦੇ ਕੰਮ ਨੂੰ ਦੁਹਰਾਉਣਾ ਸਭ ਤੋਂ ਵਧੀਆ ਢੰਗ ਹੈ। ਇਸੇ ਤਰ੍ਹਾਂ, ਜਦੋਂ ਕਿ ਤੀਜੇ ਦਿਨ ਨਵੀਂ ਸਮੱਗਰੀ ਨੂੰ ਯਾਦ ਕਰਨਾ ਚੰਗਾ ਹੁੰਦਾ ਹੈ, ਪਿਛਲੇ ਦੋ ਦਿਨਾਂ ਵਿੱਚ ਸਿੱਖੇ ਗਏ ਕੰਮ ਨੂੰ ਦੁਹਰਾਉਣ ਨਾਲ ਸ਼ਾਨਦਾਰ ਨਤੀਜੇ ਮਿਲਦੇ ਹਨ।

ਇਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ, ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਕਿਹਾ ਕਿ ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਨਾ ਸਿਰਫ਼ ਪਟਿਆਲਾ ਵਿੱਚ ਸਗੋਂ ਪੂਰੇ ਰਾਜ ਵਿੱਚ ਆਪਣੀ ਗੁਣਵੱਤਾ ਵਾਲੀ ਸਿੱਖਿਆ ਅਤੇ ਖੇਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਪ੍ਰਦਰਸ਼ਨ ਲਈ ਜਾਣਿਆ ਜਾਂਦਾ ਹੈ। ਇਹ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਯੋਗ ਮਾਰਗਦਰਸ਼ਨ ਦੇ ਨਾਲ-ਨਾਲ ਸਾਰੇ ਸਮਰਪਿਤ ਅਧਿਆਪਕਾਂ ਦੀ ਸਖ਼ਤ ਮਿਹਨਤ ਕਾਰਨ ਹੀ ਇਸ ਸਕੂਲ ਦਾ ਨਾਂ ਸਿੱਖਿਆ ਦੇ ਖੇਤਰ ਵਿੱਚ ਬਹੁਤ ਸਨਮਾਨ ਨਾਲ ਲਿਆ ਜਾਂਦਾ ਹੈ। ਇਸ ਵਿਸ਼ੇਸ਼ ਸੈਸ਼ਨ ਵਿੱਚ ਮੌਜੂਦ 500 ਤੋਂ ਵੱਧ ਵਿਦਿਆਰਥੀਆਂ ਨੇ ਪ੍ਰੀਖਿਆ ਦੀ ਤਿਆਰੀ ਦੀਆਂ ਪੇਚੀਦਗੀਆਂ ਨੂੰ ਚੰਗੀ ਤਰ੍ਹਾਂ ਸਿੱਖਿਆ ਅਤੇ ਸਫਲਤਾ ਦੇ ਉੱਚ ਪੱਧਰ ਪ੍ਰਾਪਤ ਕਰਨ ਦਾ ਵਾਅਦਾ ਕੀਤਾ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ : ਸਰਲਾ ਭਟਨਾਗਰ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਵਲੋਂ ਵਿਦਿਆਰਥੀਆਂ ਅਧਿਆਪਕਾਂ ਦੀ ਸੁਰੱਖਿਆ ਬਚਾਉ ਮਦਦ ਅਤੇ ਟ੍ਰੇਨਿੰਗ ਹਿੱਤ ਲਾਗੂ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਜਾਗਰੂਕ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਦੱਸਿਆ ਕਿ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ਼੍ਰੀਮਤੀ ਸ਼ਾਇਨਾ ਕਪੂਰ ਵਲੋਂ ਜ਼ਿਲੇ ਦੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਦੀ ਮੀਟਿੰਗ ਦੌਰਾਨ ਸੇਫ ਸਕੂਲ ਵਾਹਨ ਪਾਲਿਸੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਦਸਿਆ ਕਿ ਸਤਿਕਾਰਯੋਗ ਸੁਪਰੀਮ ਕੋਰਟ, ਪੰਜਾਬ ਹਰਿਆਣਾ ਹਾਈਕੋਰਟ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਵਲੋਂ ਵਿਦਿਆਰਥੀਆਂ ਦੀ ਸੁਰੱਖਿਆ ਹਿੱਤ ਚਿੰਤਾ ਪ੍ਰਗਟ ਕਰਦਿਆਂ ਹੁਕਮ ਦਿੱਤੇ ਹਨ ਕਿ 2012 ਵਿੱਚ ਲਾਗੂ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲਾਂ ਵਿਖੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਵਿਸ਼ਾ ਮਾਹਿਰਾਂ ਦੀ ਕਮੇਟੀਆਂ ਬਣਾਕੇ ਹਰ ਮਹੀਨੇ ਮੀਟਿੰਗਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਯੋਗ ਪ੍ਰਬੰਧ ਕੀਤੇ ਜਾਣ। ਸਾਲ ਵਿੱਚ ਦੋ ਵਾਰ ਸਕੂਲਾਂ ਵਿਖੇ ਆਵਾਜਾਈ ਸੁਰੱਖਿਆ, ਫਸਟ ਏਡ, ਸੀ ਪੀ ਆਰ, ਅਤੇ ਫਾਇਰ ਸੇਫਟੀ ਦੀ ਟ੍ਰੇਨਿੰਗਾਂ ਅਤੇ ਮੌਕ ਡਰਿੱਲਾਂ ਕਰਵਾਈਆਂ ਜਾਣ ਤਾਂ ਜ਼ੋ ਵਿਦਿਆਰਥੀਆਂ, ਅਧਿਆਪਕਾਂ ਨੂੰ ਆਵਾਜਾਈ ਹਾਦਸਿਆਂ, ਸਜ਼ਾਵਾਂ ਤੋਂ ਬਚਣ, ਪੀੜਤਾਂ ਦੀ ਸਹਾਇਤਾ ਕਰਨ ਅਤੇ ਅੱਗਾਂ ਲਗਣ, ਗੈਸਾਂ ਲੀਕ ਹੋਣ, ਬਿਜਲੀ ਸ਼ਾਟ ਸਰਕਟ ਸਮੇਂ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਤਿਆਰ ਕੀਤਾ ਜਾਵੇ। ਇਸ ਮੌਕ ਵਿਸ਼ਾ ਮਾਹਰ ਸ਼੍ਰੀ ਕਾਕਾ ਰਾਮ ਵਰਮਾ, ਆਫ਼ਤ ਪ੍ਰਬੰਧਨ, ਫਸਟ ਏਡ, ਫਾਇਰ ਸੇਫਟੀ ਟ੍ਰੇਨਰ ਅਤੇ ਏ ਐਸ ਆਈ ਰਾਮ ਸਰਨ ਟਰੇਫਿਕ ਪੁਲਿਸ ਸਿੱਖਿਆ ਸੈਲ ਨੇ ਸੇਫ ਸਕੂਲ ਵਾਹਨ ਪਾਲਿਸੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ 2009 ਦੇ ਲਾਜ਼ਮੀ ਸਿਖਿਆ ਦੇ ਅਧਿਕਾਰ ਐਕਟ ਤਹਿਤ ਵੀ ਵਿਦਿਆਰਥੀਆਂ ਦੀ ਸੁਰੱਖਿਆ, ਬਚਾਉ, ਮਦਦ ਲਈ ਸਕੂਲਾਂ ਵਿਖੇ ਯੋਗ ਪ੍ਰਬੰਧ ਅਤੇ ਟ੍ਰੇਨਿੰਗਾਂ ਕਰਵਾਉਣ ਦੇ ਕਾਨੂੰਨ ਬਣਾਏ ਹਨ। ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵੀਰ ਹਕੀਕਤ ਰਾਏ ਸਕੂਲ ਵਲੋਂ ਵਿਦਿਆਰਥੀਆਂ, ਅਧਿਆਪਕਾਂ ਦੀ ਜਾਗਰੂਕਤਾ ਹਿੱਤ ਸਮੇਂ ਸਮੇਂ ਆਵਾਜਾਈ ਸੁਰੱਖਿਆ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ, ਨਸ਼ਿਆਂ ਸਾਇਬਰ ਕਰਾਇਮ, ਪੋਸਕੋ ਬਾਰੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਂਦੇ ਹਨ।

# ਅਖਰੋਟ

ਅਖਰੋਟ ਖਾਣਾ ਹਰ ਕਿਸੇ ਨੂੰ ਪਸੰਦ ਹੁੰਦੇ ਹਨ। ਕਈ ਸਾਰੇ ਵਿਟਾਮਿਨ ਹੋਣ ਦੇ ਕਾਰਨ ਇਸ ਨੂੰ ਵਿਟਾਮਿਨਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਅਖਰੋਟ 'ਚ ਪ੍ਰੋਟੀਨ ਦੇ ਇਲਾਵਾ ਕੈਲਸ਼ੀਅਮ, ਮੈਗਨਿਸ਼ੀਅਮ, ਆਇਰਨ ਫਾਸਫੋਰਸ ਆਦਿ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਵਾਲ਼ਾਂ ਤੇ ਚਿਹਰੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਅਖਰੋਟ 'ਚ ਮੌਜੂਦ ਓਮੈਗਾ 3 ਫੈਟ ਐਸਿਡ ਸਰੀਰ ਨੂੰ ਸਵਸਥ, ਸਕੀਨ ਪਰੇਸ਼ਾਨੀ ਆਦਿ ਤੋਂ ਬਚਾਉਂਦਾ ਹੈ। ਇਸ ਦੇ ਇਲਾਵਾ ਵੀ ਅਖਰੋਟ ਖਾਣ ਨਾਲ ਅਨੇਕਾਂ ਫ਼ਾਇਦੇ ਮਿਲਦੇ ਹਨ। ਅੱਜ ਅਸੀਂ ਤੁਹਾਨੂੰ ਇਸ ਦੇ ਉਪਾਅ ਦੇ ਬਾਰੇ 'ਚ ਗੱਲ ਕਰਦੇ ਹਾਂ

### *ਭਾਰ ਘੱਟ ਕਰਨ 'ਚ ਮਦਦਗਾਰ*

*ਅਖਰੋਟ ਭਾਰ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਆਸਾਨੀ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੋ ਲੋਕ ਵੱਧ ਰਹੇ ਭਾਰ ਤੋਂ ਪਰੇਸ਼ਾਨੀ ਹੈ ਉਨ੍ਹਾਂ ਨੂੰ ਹਰ ਰੋਜ਼ ਇਸ ਦਾ ਸੇਵਨ ਕਰਨਾ ਚਾਹੀਦਾ ਹੈ।*

**ਵਧੀਆ ਨੀਂਦ** - ਜਿੰਨ੍ਹਾਂ ਲੋਕਾਂ ਨੂੰ ਪੂਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਨੀਂਦ ਨਹੀਂ ਆਉਂਦੀ। ਉਨ੍ਹਾਂ ਦੇ ਲਈ ਅਖਰੋਟ ਰਾਮ ਬਾਣ ਦਾ ਕੰਮ ਕਰਦੇ ਹਨ। ਰਾਤ ਨੂੰ ਸੌਣ ਤੋਂ ਪਹਿਲਾਂ 1 ਜਾਂ 2 ਅਖਰੋਟ ਖਾਣ ਨਾਲ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ।

**ਦਿਲ ਲਈ ਵਧੀਆ** - ਇਸ 'ਚ ਪਾਏ ਜਾਣ ਵਾਲੇ ਐਂਟੀ ਔਕਸੀਡੈਂਟ ਦਿਲ ਨੂੰ ਤੰਦਰੁਸਤ ਬਣਾਉਣ ਦਾ ਕੰਮ ਕਰਦਾ ਹੈ। ਇਨ੍ਹਾਂ ਦੇ ਸੇਵਨ ਨਾਲ ਦਿਲ ਸੰਬੰਧੀ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ।

**ਡਾਇਬਟੀਜ਼** - ਡਾਇਬਟੀਜ਼ ਵਾਲੇ ਲੋਕਾਂ ਨੂੰ ਰੋਜ਼ ਅਖਰੋਟ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਪਾਏ ਜਾਣ ਵਾਲੇ ਪੋਲੀ ਅਨਸੈਚੁਰੇਟਡ ਤੇ ਮੋਨੋ ਵਸਾ ਸਿਹਤ ਲਈ ਵਧੀਆ ਹੁੰਦੇ ਹਨ।

**ਤਣਾਅ ਤੋਂ ਦੂਰ** - ਅੱਜਕੱਲ੍ਹ ਦੀ ਭੱਜਦੌੜ ਦੀ ਜ਼ਿੰਦਗੀ ਤੋਂ 5-4 ਲੋਕ ਤਣਾਅ ਦੇ ਸ਼ਿਕਾਰ ਹੁੰਦੇ ਹਨ। ਅਖਰੋਟ ਦੇ ਸੇਵਨ ਨਾਲ ਤਣਾਅ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ। ਇਸ ਲਈ ਇਨ੍ਹਾਂ ਦਾ ਸੇਵਨ ਬਹੁਤ ਜ਼ਰੂਰ ਹੈ।

# ਕੋਸਾ ਪਾਣੀ ਪੀਣ ਦੇ ਫ਼ਾਇਦੇ

ਹਰਮਿੰਦਰ ਸਿੰਘ ਭੱਟ



ਪਾਣੀ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੁੰਦਾ ਹੈ। ਦਿਨ 'ਚ ਵੈਸੇ ਤਾਂ 8 ਤੋਂ 10 ਗਲਾਸ ਪਾਣੀ ਕਾਫ਼ੀ ਜ਼ਰੂਰੀ ਹੁੰਦਾ ਹੈ ਪਰ ਜੇ ਇਸ ਦੇ ਨਾਲ ਦਿਨ 'ਚ 3 ਤੋਂ 4 ਵਾਰ ਗਰਮ ਪਾਣੀ ਪੀਣ ਦੀ ਆਦਤ ਪਾ ਲਈ ਜਾਵੇ ਤਾਂ ਤੁਹਾਨੂੰ ਕਈ ਬਿਮਾਰੀਆਂ ਤੋਂ ਬਚਾ ਸਕਦਾ ਹੈ। ਇਹ ਸਰੀਰ 'ਚੋਂ ਅਨੇਕਾਂ ਰੋਗਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਗਰਮ ਪਾਣੀ ਪੀਣ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਹ ਭਾਰ ਘਟਾਉਣ 'ਚ ਕਾਫ਼ੀ ਮਦਦਗਾਰ ਸਾਬਤ ਹੁੰਦਾ ਹੈ। ਇਸ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ। ਆਓ ਜਾਣਦੇ ਹਾਂ ਇਸ ਦੇ ਅਣਗਿਣਤ ਫ਼ਾਇਦਿਆਂ ਬਾਰੇ...

## ਮੋਟਾਪਾ ਕਰੇ ਕੰਟਰੋਲ

ਜੇ ਤੁਸੀਂ ਮੋਟਾਪੇ ਤੋਂ ਪਰੇਸ਼ਾਨ ਹੋ ਅਤੇ ਡਾਈਟਿੰਗ ਅਤੇ ਕਸਰਤ ਨਾਲ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਸਵੇਰੇ ਖ਼ਾਲੀ ਪੇਟ ਕੋਸਾ ਪਾਣੀ ਪੀਣਾ ਸ਼ੁਰੂ ਕਰ ਦਿਓ। ਇਸ ਤੋਂ ਇਲਾਵਾ ਜੇ ਤੁਸੀਂ ਗਰਮ ਪਾਣੀ 'ਚ ਨਿੰਬੂ ਅਤੇ ਸ਼ਹਿਦ ਮਿਲਾ ਕੇ ਪੀਵੋਗੇ ਤਾਂ ਭਾਰ ਘੱਟ ਹੋਣਾ ਸ਼ੁਰੂ ਹੋ ਜਾਵੇਗਾ ਪਰ ਜੇ ਤੁਹਾਨੂੰ ਨਿੰਬੂ ਤੇ ਸ਼ਹਿਦ ਚੰਗਾ ਨਹੀਂ ਲੱਗਦਾ ਤਾਂ ਤੁਸੀਂ 1 ਗਲਾਸ ਸਾਦਾ ਪਾਣੀ ਪੀ ਸਕਦੇ ਹੋ।

## ਕਬਜ਼ ਤੋਂ ਰਾਹਤ

ਕਬਜ਼ ਦੀ ਸਮੱਸਿਆ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਕਬਜ਼ ਦੀ ਪਰੇਸ਼ਾਨੀ ਨੂੰ ਜੜ੍ਹ ਤੋਂ ਖ਼ਤਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਕਿ ਰੋਜ਼ਾਨਾ ਖ਼ਾਲੀ ਪੇਟ ਕੋਸਾ ਪਾਣੀ ਪੀਤਾ ਜਾਵੇ।

## ਖ਼ੂਨ ਸਾਫ਼ ਕਰੇ

ਗਰਮ ਪਾਣੀ ਪੀਣ ਨਾਲ ਸਰੀਰ ਦੇ ਸਾਰੇ ਗੰਦੇ ਪਦਾਰਥ ਪਿਸ਼ਾਬ ਅਤੇ ਪਸੀਨੇ ਰਾਹੀਂ ਬਾਹਰ ਨਿਕਲਦੇ ਹਨ। ਇਸ ਦੇ ਨਾਲ ਇਹ ਖ਼ੂਨ ਦੀ ਸ਼ੁੱਧੀ ਵੀ ਕਰਦਾ ਹੈ।

## ਸਰਦੀ-ਜ਼ੁਕਾਮ ਤੋਂ ਰਾਹਤ

ਜੇ ਬੇਮੌਸਮ ਦੌਰਾਨ ਤੁਹਾਡੀ ਛਾਤੀ 'ਚ ਜਕੜਨ ਅਤੇ ਜ਼ੁਕਾਮ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਗਰਮ ਪਾਣੀ ਪੀਣਾ ਤੁਹਾਡੇ ਲਈ ਰਾਮ ਬਾਣ ਇਲਾਜ ਸਾਬਤ ਹੁੰਦਾ ਹੈ। ਗਰਮ ਪਾਣੀ ਪੀਣ ਨਾਲ ਗਲ਼ਾ ਵੀ ਠੀਕ ਰਹਿੰਦਾ ਹੈ। ਇਸ ਦੀ ਵਰਤੋਂ ਨਾਲ ਆਰਾਮ ਮਿਲਦਾ ਹੈ। ਪੇਟ 'ਚ ਦਰਦ ਦੀ ਸਮੱਸਿਆ ਹੋਣ 'ਤੇ ਗਰਮ ਪਾਣੀ ਪੀਣਾ ਚਾਹੀਦਾ ਹੈ।

## ਸਰੀਰ ਕਰੇ ਡੀਟਾਕਸ

ਗਰਮ ਪਾਣੀ ਪੀਣ ਨਾਲ ਸਰੀਰ ਨੂੰ ਡੀਟਾਕਸ ਕਰਨ 'ਚ ਵੀ ਮਦਦ ਮਿਲਦੀ ਹੈ ਅਤੇ ਇਹ ਸਰੀਰ ਦੀਆਂ ਸਾਰੀਆਂ ਅਸ਼ੁੱਧੀਆਂ ਨੂੰ ਬਹੁਤ ਆਸਾਨੀ ਨਾਲ ਸਾਫ਼ ਕਰ ਦਿੰਦਾ। ਗਰਮ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਵੱਧਣਾ, ਜਿਸ ਨਾਲ ਪਸੀਨਾ ਆਉਂਦਾ ਹੈ ਅਤੇ ਇਸ ਦੇ ਮਾਧਿਅਮ ਨਾਲ ਸਰੀਰ ਦੀਆਂ ਅਸ਼ੁੱਧੀਆਂ ਦੂਰ ਹੋ ਜਾਂਦੀਆਂ ਹਨ।

## ਹਰ ਵੇਲੇ ਨਜ਼ਰ ਆਓ ਜਵਾਨ

ਗਰਮ ਪਾਣੀ ਪੀਣ ਨਾਲ ਸਿਰਫ਼ ਸਿਹਤ ਨਾਲ ਜੁੜੇ ਹੀ ਨਹੀਂ ਸਗੋਂ ਸੁੰਦਰਤਾ ਨਾਲ ਜੁੜੇ ਕਈ ਫ਼ਾਇਦੇ ਵੀ ਹਨ। ਇਸ ਨਾਲ ਚਮੜੀ 'ਚ ਕਸਾਅ ਆਉਣ ਲੱਗਦਾ ਹੈ ਅਤੇ ਚਮੜੀ ਚਮਕਦਾਰ ਹੋਣ ਲੱਗਦੀ ਹੈ। ਚਿਹਰੇ ਦੀਆਂ ਝੁਰੜੀਆਂ ਹੌਲੀ-ਹੌਲੀ ਗ਼ਾਇਬ ਹੋ ਜਾਂਦੀਆਂ ਹਨ।

## ਵਾਲ਼ਾਂ ਲਈ ਫ਼ਾਇਦੇਮੰਦ

ਗਰਮ ਪਾਣੀ ਦੀ ਵਰਤੋਂ ਵਾਲ਼ਾਂ ਲਈ ਬਹੁਤ ਫ਼ਾਇਦੇਮੰਦ ਹੈ। ਇਸ ਨਾਲ ਵਾਲ਼ ਚਮਕਦਾਰ ਹੁੰਦੇ ਹਨ ਅਤੇ ਇਨ੍ਹਾਂ ਦੀ ਗ੍ਰੋਥ ਵੀ ਤੇਜ਼ੀ ਨਾਲ ਵਧਦੀ ਹੈ।

## ਐਨਰਜੀ ਵਧਾਓ

ਡ੍ਰਿੰਕ ਪੀਣ ਦੀ ਥਾਂ ਜੇ ਤੁਸੀਂ ਕੋਸਾ ਪਾਣੀ ਜਾਂ ਨਿੰਬੂ ਪਾਣੀ ਪੀਵੋਗੇ ਤਾਂ ਤੁਹਾਡਾ ਐਨਰਜੀ ਲੈਵਲ ਵਧੇਗਾ ਅਤੇ ਪਾਚਨ ਸ਼ਕਤੀ ਵੀ ਸਹੀ ਰਹੇਗਾ।

09914062205

# ਬੱਚਿਆਂ ਦੇ ਖਾਣ- ਪੀਣ ਤੇ ਪੇਟ ਦੇ ਕੀੜਿਆਂ ਤੋਂ ਰਹੋ ਸਾਵਧਾਨ

ਮਲਕੀਤ ਕੌਰ

ਬੱਚਿਆਂ ਦੀ ਸਿਹਤ ਦਾ ਧਿਆਨ ਰੱਖਣਾ ਹਰ ਮਾਂ-ਬਾਪ ਦਾ ਫ਼ਰਜ਼ ਹੁੰਦਾ ਹੈ ਤਾਂ ਕਿ ਉਨ੍ਹਾਂ ਦੇ ਬੱਚੇ ਤੰਦਰੁਸਤ ਭਾਵ ਅਰੋਗੀ ਤੇ ਰਿਸ਼ਟ-ਪੁਸ਼ਟ ਬਣੇ ਰਹਿਣ। ਬੱਚਿਆਂ ਨੂੰ ਕਈ ਤਰ੍ਹਾਂ ਬਿਮਾਰੀਆਂ ਤੋਂ ਬਚਾਉਣ ਲਈ ਹੋਰ ਵੀ ਕਾਫ਼ੀ ਕੁੱਝ ਜ਼ਰੂਰੀ ਹੈ ਜਿਵੇਂ ਕਿ ਸਮੇਂ ਸਿਰ ਬੱਚਿਆਂ ਦਾ ਸੰਪੂਰਣ ਟੀਕਾਕਰਣ ਕਰਵਾਉਣਾ ਤਾਂ ਜੋ ਫੁੱਲਾਂ ਤੋਂ ਵੀ ਵੱਧ ਕੋਮਲ ਬੱਚੇ ਹਮੇਸ਼ਾ ਆਪਣੀ ਖ਼ੁਸ਼ਬੂ ਬਖੇਰਦੇ ਰਹਿਣ ਤੇ ਨਾਲ ਹੀ ਮਾਰੂ ਛੂਤ ਰੋਗਾਂ ਦੇ ਹਮਲੇ ਤੋਂ ਵੀ ਸਦਾ-ਸਦਾ ਲਈ ਬਚੇ ਰਹਿਣ ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਕਿਸੇ ਵੀ ਦੇਸ਼ ਦੀ ਤਰੱਕੀ ਲਈ ਜ਼ਰੂਰੀ ਹੈ ਉਥੋਂ ਦੇ ਨਾਗਰਿਕ ਚੰਗੀ ਸਿਹਤ ਦੇ ਮਾਲਕ ਹੋਣ। ਚੰਗੀ ਸਿਹਤ ਤੋਂ ਭਾਵ ਹੈ ਸਰੀਰਕ, ਮਾਨਸਿਕ ਤੇ ਸਮਾਜਿਕ ਤੌਰ 'ਤੇ ਤੰਦਰੁਸਤ ਹੋਣਾ। ਆਮ ਤੌਰ 'ਤੇ ਮਾਂ-ਬਾਪ ਬੱਚਿਆਂ ਦੇ ਖਾਣ-ਪੀਣ ਬਾਰੇ ਲੋੜ ਤੋਂ ਵੀ ਵੱਧ ਫਿਕਰਮੰਦ ਹੁੰਦੇ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਖਾਣ-ਪੀਣ ਬਾਰੇ ਸੁਚੱਜੀਆਂ ਆਦਤਾਂ ਬੱਚਿਆਂ 'ਚ ਇਕਦਮ ਵਿਕਸਿਤ ਨਹੀਂ ਹੁੰਦੀਆਂ ਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਸ ਬਾਰੇ ਸੁਚੇਤ ਰਹਿਣ ਦੀ ਜ਼ਰੂਰਤ ਹੈ। ਇਸ ਲਈ ਜ਼ਰੂਰੀ ਹੈ ਕਿ ਪਰਿਵਾਰ ਦੇ ਸਾਰੇ ਮੈਂਬਰ ਸੰਤੁਲਿਤ ਭੋਜਨ ਖਾਣ। ਸੰਤੁਲਿਤ ਖ਼ੁਰਾਕ ਅਜਿਹੀ ਖ਼ੁਰਾਕ ਹੈ ਜਿਸ 'ਚ ਸਰੀਰ ਲਈ ਲੋੜੀਂਦੀ ਤਾਕਤ ਭਾਵ ਪੌਸ਼ਟਿਕ ਤੱਤ ਜਿਵੇਂ ਕਿ ਕਾਰਬੋਜ਼, ਪ੍ਰੋਟੀਨ, ਫੈਟ, ਵਿਟਾਮਿਨ ਤੇ ਖਣਿਜ ਪਦਾਰਥ ਸਹੀ ਮਾਤਰਾ 'ਚ ਪਾਏ ਜਾਂਦੇ ਹਨ। ਭੋਜਨ 'ਚ ਅਨਾਜ, ਦਾਲਾਂ, ਸਬਜ਼ੀਆਂ, ਦੁੱਧ, ਦਹੀਂ, ਲੱਸੀ, ਘਿਓ, ਸ਼ੱਕਰ ਆਦਿ ਵਰਤੋਂ ਨਾਲ ਭੋਜਨ ਨੂੰ ਪੌਸ਼ਟਿਕ ਬਣਾਇਆ ਜਾ ਸਕਦਾ ਹੈ। ਕਈ ਬੱਚੇ ਮੈਗੀ, ਨੂਡਲਜ਼, ਬਰਗਰ, ਪਿਜਾ ਆਦਿ ਖਾਣ ਦੇ ਸ਼ੌਕੀਨ ਹੁੰਦੇ ਹਨ ਤੇ ਘਰ ਦਾ ਖਾਣਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਇਨ੍ਹਾਂ ਭੋਜਨ ਪਦਾਰਥਾਂ 'ਚ ਕਾਰਬੋਜ਼ ਦੀ ਮਾਤਰਾ ਜ਼ਿਆਦਾ ਹੁੰਦੀ ਤੇ ਪ੍ਰੋਟੀਨ ਦੀ ਮਾਤਰਾ ਬਹੁਤ ਹੀ ਘੱਟ ਜਾਂ ਨਾ ਮਾਤਰ ਹੁੰਦੀ ਹੈ। ਜਿਸ ਕਰਕੇ ਬੱਚੇ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ। ਅਕਸਰ ਹੀ ਬੱਚਿਆਂ 'ਚ ਫੌਲਿਕ ਐਸਿਡ, ਲੋਹ ਤੱਤ, ਕੈਲਸ਼ੀਅਮ ਤੇ ਵਿਟਾਮਿਨ ਬੀ ਵਰ ਤੱਤਾਂ ਘਾਟ ਹੁੰਦੀ ਹੈ। ਭਵਿੱਖ 'ਚ ਇਨ੍ਹਾਂ ਤੱਤਾਂ ਦੀ ਘਾਟ ਦਾ ਨਤੀਜਾ ਕਾਫ਼ੀ ਬੁਰਾ ਸਾਬਤ ਹੁੰਦਾ ਹੈ।

- ਛੋਟੇ ਬੱਚਿਆਂ ਦੇ ਪੇਟ 'ਚ ਕੀੜੇ ਪੈਣੇ ਜਾਂ ਪੈਦਾ ਹੋ ਜਾਣ ਇਕ ਮਾਰੂ ਅਲਾਮਤ ਹੀ ਨਹੀਂ ਸਗੋਂ ਇਕ ਬਿਮਾਰੀ ਹੈ। ਇਸ ਤਰ੍ਹਾਂ ਦੀ ਬਿਮਾਰੀ ਤੋਂ ਬੱਚਿਆਂ ਨੂੰ ਬਚਾਇਆ ਜਾਵੇ। ਜੇ ਬੱਚਿਆਂ ਦੇ ਹੋਣ ਤੋਂ ਇਲਾਵਾ ਕੁਪੋਸ਼ਣ ਦਾ ਸ਼ਿਕਾਰ ਵੀ ਹੋ ਸਕਦੇ ਹਨ। ਜਿਸ ਕਰਕੇ ਹੋਰ ਕਈ ਤਰ੍ਹਾਂ ਦੀਆਂ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੇਟ 'ਚ ਦਰਦ, ਉਲਟੀਆਂ ਆਉਣੀਆਂ, ਸਿਰ ਚਕਰਾਉਣਾ ਆਦਿ। ਜਿਹੜੇ ਬੱਚੇ ਦੇ ਪੇਟ 'ਚ ਕੀੜਿਆਂ ਦੀ ਲਾਗ ਹੋਵੇ, ਉਨ੍ਹਾਂ ਦੇ ਪਖਾਨੇ 'ਚ ਇਨ੍ਹਾਂ ਦੇ ਜਗਸੀਮਾ ਦੇ ਆਂਡੇ ਹੁੰਦੇ ਹਨ। ਜਦੋਂ ਅਜਿਹੇ ਬੱਚੇ ਇੱਧਰ-ਉੱਧਰ ਟੱਟੀ ਬੈਠਦੇ ਹਨ ਤਾਂ ਇਹ ਆਂਡੇ ਮਿੱਟੀ 'ਚ ਰਲ ਕੇ ਆਪਣੀ ਹੋਰ ਭਰਮਾਰ ਵਧਾ ਲੈਂਦੇ ਹਨ। ਕਈ ਬੱਚੇ ਨੰਗੇ ਪੈਰੀ ਤੁਰਦੇ ਫਿਰਦੇ ਜਾਂ ਫਿਰ ਗੰਦੇ ਹੱਥਾਂ ਨਾਲ ਰੋਟੀ ਖਾ ਕੇ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਲਾਗ ਨਾਲ ਗ੍ਰਸਤ ਬੱਚਿਆਂ ਦੇ ਪੇਟ ਦੇ ਕੀੜੇ ਜਾਂ ਕੀੜਿਆਂ ਦੇ ਆਂਡੇ ਮੌਜੂਦ ਰਹਿੰਦੇ ਹਨ। ਜੇ ਪੇਟ ਦੇ ਕੀੜਿਆਂ ਦੀ ਲਾਗ ਵਾਲੇ ਬੱਚਿਆਂ ਨੂੰ ਕੀੜੇ ਮਾਰਨ ਵਾਲੀ ਦਵਾਈ ਦਿੱਤੀ ਜਾਵੇ ਤਾਂ ਖ਼ੂਨ ਦੀ ਘਾਟ 'ਚ ਸੁਧਾਰ ਹੀ ਨਹੀਂ ਹੁੰਦਾ ਸਗੋਂ ਅਜਿਹੀ ਘਾਟ ਦੂਰ ਹੋ ਜਾਂਦੀ ਹੈ।
- ਬੱਚਿਆਂ 'ਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵੀ ਆਪਣੇ ਆਪ ਵੱਧ ਜਾਂਦੀ ਹੈ। ਉਨ੍ਹਾਂ ਦਾ ਸਰੀਰਕ ਵਾਧਾ, ਵਿਕਾਸ ਹੋਣ ਦੇ ਨਾਲ-ਨਾਲ ਬੌਧਿਕ ਤੇ ਭਾਵਨਾਤਮਕ ਵਿਕਾਸ ਵੀ ਹੁੰਦਾ ਹੈ। ਅਜਿਹੇ ਬੱਚਿਆਂ ਦੀ ਸਿੱਖਣ ਤੇ ਯਾਦ ਕਰਨ ਦੀ ਸਮਰਥਾ ਵੀ ਵੱਧ ਜਾਂਦੀ ਹੈ।
- ਸਿਰਫ਼ ਇਹ ਹੀ ਨਹੀਂ ਸਾਰੇ ਬੱਚਿਆਂ ਭਾਵ ਪੂਰੇ ਪਿੰਡ, ਨਗਰੀ ਜਾਂ ਫਿਰ ਸ਼ਹਿਰ ਦੇ ਕੀ ਪੂਰੇ ਸਮਾਜ ਦੇ ਬੱਚੇ ਪੇਟ ਦੇ ਕੀੜਿਆਂ ਕਾਰਨ ਹੋਣ ਵਾਲੀਆਂ ਅਲਾਮਤਾਂ ਤੋਂ ਸਦਾ-ਸਦਾ ਲਈ ਬਚੇ ਰਹਿੰਦੇ ਹਨ ਕਿਉਂਕਿ ਵਾਤਾਵਰਨ ਭਾਵ ਸਾਡੇ ਚੌਗਿਰਦੇ ਆਲੇ-ਦੁਆਲੇ 'ਚ ਪੇਟ ਦੇ ਕੀੜੇ ਮਾਰੂ ਦਵਾਈ 'ਅਲਬੈਂਡਾਜੋਲ', ਦੀ ਬਦੌਲਤ ਪੇਟ ਦੇ ਕੀੜਿਆਂ ਦੇ ਜਗਸੀਮਾ ਦੀ ਕਮੀ ਆ ਜਾਂਦੀ ਹੈ।
- ਕੋਈ ਬੱਚਾ ਪੇਟ ਦੇ ਕੀੜਿਆਂ ਦਾ ਸ਼ਿਕਾਰ ਨਾ ਹੋਵੇ ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਸਮੇਤ ਕਿਸੇ ਨੂੰ ਵੀ ਖੁੱਲ੍ਹੀਆਂ ਥਾਵਾਂ 'ਤੇ ਪਖ਼ਾਨਾ ਨਹੀਂ ਕਰਨਾ ਚਾਹੀਦਾ। ਆਪਣੇ ਹੱਥਾਂ ਤੇ ਨਹੁੰਆਂ ਦੀ ਸਾਫ਼-ਸਫ਼ਾਈ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ।
- ਨੰਗੇ ਪੈਰੀ ਕਦੀ ਨਹੀਂ ਰੱਖਣੇ ਚਾਹੀਦੇ।
- ਹਮੇਸ਼ਾ ਪੀਣ ਵਾਲਾ ਪਾਣੀ ਸਾਫ਼ ਹੋਣਾ ਚਾਹੀਦਾ ਹੈ। ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਵਰਤਿਆ ਜਾਵੇ।
- ਹਰ ਕਿਸੇ ਨੂੰ ਆਪਣੀ ਨਿੱਜੀ ਤੇ ਆਲੇ-ਦੁਆਲੇ ਦੀ ਸਫ਼ਾਈ ਰੱਖਣੀ ਚਾਹੀਦੀ ਹੈ। ਜੇ ਫਿਰ ਵੀ ਕਿਸੇ ਬੱਚੇ ਨੂੰ ਕੋਈ ਗੰਭੀਰ ਲੱਛਣ ਖ਼ਤਰੇ ਦੇ ਚਿਨ੍ਹ ਦਿਖਾਈ ਦੇਣ ਤਾਂ ਨੇੜੇ ਦੇ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ।
- ਬੱਚਿਆਂ ਨੂੰ ਭੋਜਨ ਸਹੀਂ ਸਮੇਂ 'ਤੇ ਸੁਖਾਵੇਂ ਵਾਤਾਵਰਨ 'ਚ ਪਰੋਸਣਾ ਚਾਹੀਦਾ ਹੈ। ਦਾਲ, ਰੋਟੀ, ਸਬਜ਼ੀ ਤੇ ਦਹੀਂ ਬਹੁਤ ਹੀ ਸੰਪੂਰਨ ਭੋਜਨ ਹੈ। ਭੁੱਖ ਸਮੇਂ ਬੱਚਾ ਇਹ ਭੋਜਨ ਸੁਆਦ ਨਾਲ ਖਾਂਦਾ ਹੈ।
- ਜੇ ਬੱਚਾ ਕੋਈ ਖ਼ਾਸ ਕਿਸਮ ਦਾ ਭੋਜਨ ਨਹੀਂ ਖਾਂਦਾ ਤਾਂ ਉਸ ਲਈ ਉਸ ਨੂੰ ਝਿੜਕੋ ਨਾ ਤੇ ਨਾ ਹੀ ਕਿਸੇ ਦਾ ਲਾਲਚ ਦਿਓ।
- ਆਮ ਤੌਰ 'ਤੇ ਬੱਚੇ ਮੌਸਮੀ ਸਬਜ਼ੀਆਂ ਸ਼ੌਕ ਨਾਲ ਨਹੀਂ ਖਾਂਦੇ, ਇਸ 'ਚ ਹਰੀਆਂ ਪੱਤੇਦਾਰ ਸਬਜ਼ੀਆਂ ਜਿਵੇਂ ਕਿ ਪਾਲਕ, ਮੇਥੀ ਆਦਿ ਆਟੇ 'ਚ ਗੁੰਨ੍ਹ ਕੇ ਰੋਟੀ ਜਾਂ ਪਰੌਂਠੀ ਦੇ ਰੂਪ 'ਚ ਬੱਚੇ ਨੂੰ ਖੁਆਈ ਜਾ ਸਕਦੀ ਹੈ। ਮਿੱਸੀ ਰੋਟੀ, ਮੱਕੀ ਦੀ ਰੋਟੀ, ਜਵਾਰ, ਬਾਜਰੇ ਦੀ ਰੋਟੀ ਆਦਿ ਦਾ ਸੇਵਨ ਸਿਹਤ ਲਈ ਬਹੁਤ ਹੀ ਲਾਭਕਾਰੀ ਹੁੰਦੀ ਹੈ। ਇਸ ਨਾਲ ਖਾਣੇ 'ਚ ਬੱਚੇ ਦੀ ਰੁਚੀ ਵੀ ਵੱਧ ਜਾਂਦੀ ਹੈ।
- ਤਾਜ਼ੇ ਫਲਾਂ ਦੀ ਚਾਟ ਬੱਚੇ ਸ਼ੌਂਕ ਨਾਲ ਖਾ ਲੈਂਦੇ ਹਨ। ਇਸੇ ਚਾਟ 'ਚ ਥੋੜ੍ਹੀ ਜਿਹੀ ਪੁੰਗਰੀ ਦਾਲ ਮਿਲਾ ਕੇ ਇਸ ਦੀ ਪੌਸ਼ਟਿਕਤਾ ਵਧਾਈ ਜਾ ਸਕਦੀ ਹੈ।
- ਦਿਨ ਵੇਲੇ ਖਾਣੇ ਤੋਂ ਬਾਅਦ ਬੱਚੇ ਨੂੰ ਦੁੱਧ, ਫਲ, ਪਿੰਨੀ, ਸੋਇਆਬੀਨ ਦੇ ਆਟੇ ਤੇ ਮੇਥੀ ਵਾਲੀ ਮੱਠੀ, ਸ਼ੱਕਰ ਪਾ ਕੇ ਭੁੱਜੇ ਹੋਏ ਜਾਣੇ ਆਦਿ ਦਿੱਤੇ ਜਾ ਸਕਦੇ ਹਨ।
- ਬੱਚੇ ਦੀ ਭੁੱਖ ਹਮੇਸ਼ਾ ਇਕੋ ਜਿਹੀ ਨਹੀਂ ਹੁੰਦੀ, ਜੇ ਉਨ੍ਹਾਂ ਨੂੰ ਕਿਸੇ ਸਮੇਂ ਭੁੱਖ ਘੱਟ ਲੱਗਦੀ ਹੈ ਤਾਂ ਉਨ੍ਹਾਂ ਨੂੰ ਧੱਕੇ ਨਾਲ ਨਾ ਖਵਾਓ।
- ਬੱਚੇ ਨੂੰ ਕਦੀ ਵੀ ਟੀਵੀ ਅੱਗੇ ਬਿਠਾ ਕੇ ਖਾਣਾ ਨਾ ਪਰੋਸੋ ਕਿਉਂਕਿ ਉਸ ਸਮੇਂ ਬੱਚੇ ਦਾ ਧਿਆਨ ਖਾਣੇ ਵੱਲ ਘੱਟ ਤੇ ਟੀਵੀ ਵੱਲ ਜ਼ਿਆਦਾ ਹੁੰਦਾ ਹੈ।
- ਬੱਚਿਆਂ ਨੂੰ ਖਾਣਾ ਬਹੁਤ ਹੀ ਵਧੀਆ ਤਰੀਕੇ ਨਾਲ ਪਰੋਸੋ ਜਿਵੇਂ ਸਲਾਦ, ਜੈਮ, ਚਟਨੀ ਤੇ ਧਨੀਏ ਦੀਆਂ ਪੱਤੀਆਂ ਆਦਿ ਨਾਲ। ਇਸ ਤਰ੍ਹਾਂ ਹਰੀਆਂ ਸਬਜ਼ੀਆਂ ਨਾਲ ਸਜਾਇਆ ਖਾਣਾ ਵੇਖ ਕੇ ਬੱਚੇ ਦਾ ਦਿਲ ਅੰਦਰੋਂ ਖ਼ੁਸ਼ ਹੋਵੇਗਾ ਤੇ ਖਾਣਾ ਖਾਣ ਨੂੰ ਜੀ ਕਰੇਗਾ।
- ਬੱਚਿਆਂ ਦੀ ਸੀਮਤ ਪਸੰਦ ਦਾ ਭੋਜਨ ਰੋਜ਼ ਨਹੀਂ ਬਣਾਉਣਾ ਚਾਹੀਦਾ ਜਿਵੇਂ ਕਿ ਹਰ ਰੋਜ਼ ਡਬਲਰੋਟੀ ਤੇ ਮੈਦੇ ਨਾਲ ਸਬੰਧਤ ਭੋਜਨ। ਪੌਸ਼ਟਿਕ ਪੱਖ ਨੂੰ ਧਿਆਨ 'ਚ ਰੱਖਦੇ ਹੋਏ ਖਾਣੇ 'ਚ ਵੰਨ-ਸੁਵੰਨਤਾ ਲਿਆਉਣੀ ਚਾਹੀਦੀ ਹੈ।
- ਮਾਂ ਬਾਪ ਨੂੰ ਵੀ ਇਸ ਸਬੰਧੀ ਇਕਸਾਰਤਾ ਰੱਖਣ ਦੀ ਲੋੜ ਹੈ। ਅਜਿਹਾ ਨਾ ਹੋਵੇ ਕਿ ਮਾਂ ਬੱਚੇ ਨੂੰ ਘਰੇ ਬਣਾਇਆ ਪੌਸ਼ਟਿਕ ਖਾਣ ਲਈ ਕਹੇ ਤੇ ਪਿਤਾ ਬੱਚਿਆਂ ਨੂੰ ਆਈਸਕ੍ਰੀਮ ਤੇ ਚੌਕਲੇਟ ਖਵਾ ਕੇ ਖ਼ੁਸ਼ ਕਰੇ। ਆਸ ਹੈ ਕਿ ਮਾਂ-ਬਾਪ ਇਨ੍ਹਾਂ ਨੁਕਤਿਆਂ ਨੂੰ ਆਪਣਾ ਕੇ ਬੱਚਿਆਂ 'ਚ ਖਾਣ-ਪੀਣ ਦੀਆਂ ਸੁਚੱਜੀਆਂ ਆਦਤਾਂ ਦਾ ਵਿਕਾਸ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਉਜਲਾ ਕਰਨ 'ਚ ਕਾਮਯਾਬ ਹੋਣਗੇ।

98147-88385



### *ਪਰਹੇਜ਼*

*ਬੱਚਿਆਂ ਨੂੰ ਹਮੇਸ਼ਾ ਤਲੀਆਂ ਚੀਜ਼ਾਂ, ਫਾਸਟ ਫੂਡ, ਗੰਦੇ ਹੱਥਾਂ ਨਾਲ ਭੋਜਨ ਕਰਨਾ ਆਦਿ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਬੱਚਿਆਂ ਦੇ ਮਾਂ-ਬਾਪ ਨੂੰ ਚਾਹੀਦਾ ਕਿ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਤੋਂ ਦੂਰ ਰੱਖਣ। ਜਦੋਂ ਬੱਚੇ ਇਸ ਤਰ੍ਹਾਂ ਦੀਆਂ ਚੀਜ਼ਾਂ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਦੰਦਾਂ ਖ਼ਰਾਬ ਹੋਣਾ, ਪੇਟ ਦੇ ਕੀੜੇ ਆਦਿ।*



# ਕਈ ਰੋਗਾਂ ਦੀ ਦਵਾਈ ਅਦਰਕ

ਬਦਲ ਰਹੇ ਮੌਸਮ 'ਚ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਗਲ਼ਾ ਖ਼ਰਾਬ ਹੋਣਾ, ਬਲਗਮ, ਕਬਜ਼, ਅਫਾਰਾ, ਗਠੀਆ ਆਦਿ ਰੋਗਾਂ ਲਈ ਅਦਰਕ ਬਹੁਤ ਗੁਣਕਾਰੀ ਹੈ। ਅਦਰਕ ਇਕ ਪੌਦੇ ਦੀ ਜੜ੍ਹ ਹੈ। ਇਹ ਪੌਦਾ ਦੋ ਕੁ ਫੁੱਟ ਉੱਚਾ ਹੁੰਦਾ ਹੈ। ਅਦਰਕ ਨੂੰ ਜੇ ਸੁਕਾਅ ਕੇ ਰੱਖੀਏ ਤਾਂ ਇਹ ਸੌਂਠ ਕਹਾਉਂਦਾ ਹੈ। ਅਦਰਕ ਭੋਜਨ ਨੂੰ ਪਚਾਉਂਦਾ ਹੈ, ਬਲਗਮ ਨੂੰ ਦੂਰ ਕਰਦਾ ਹੈ ਅਤੇ ਭੁੱਖ ਵਧਾਉਂਦਾ ਹੈ। ਦਾਲ-ਸਬਜ਼ੀ ਤੋਂ ਇਲਾਵਾ ਇਸ ਨੂੰ ਚਾਹ ਆਦਿ ਵਿਚ ਵੀ ਪਾ ਕੇ ਖਾਦਾ ਜਾ ਸਕਦਾ ਹੈ। ਇਸ ਦਾ ਆਚਾਰ ਵੀ ਪੇਟ ਲਈ ਬਹੁਤ ਗੁਣਕਾਰੀ ਹੈ।

## ਗੁਣ

- ਜੇ ਗਲ਼ਾ ਖ਼ਰਾਬ ਹੋਵੇ ਤਾਂ ਨਮਕ ਲਗਾ ਕੇ ਅਦਰਕ ਖਾਣ ਨਾਲ ਗਲ਼ਾ ਠੀਕ ਹੋ ਜਾਂਦਾ ਹੈ। ਕਈ ਵਾਰ ਬੁਖ਼ਾਰ ਜਾਂ ਜ਼ੁਕਾਮ ਹੋ ਜਾਂਦਾ ਹੈ ਤਾਂ ਅਦਰਕ ਵਾਲੀ ਚਾਹ ਪੀ ਸਕਦੇ ਹੋ।
- ਬਲਗਮ, ਖਾਂਸੀ ਅਤੇ ਸਾਹ ਦੇ ਰੋਗੀ ਨੂੰ ਜੇ 10 ਗ੍ਰਾਮ ਅਦਰਕ ਦਾ ਰਸ, ਦੋ ਤੋਲੇ ਸ਼ਹਿਦ ਆਦਿ ਵਿਚ ਮਿਲਾ ਕੇ ਦਿਨ ਵਿਚ ਦੋ ਤੋਂ ਤਿੰਨ ਵਾਰ ਖਾਣ ਨਾਲ ਰੋਗੀ ਠੀਕ ਮਹਿਸੂਸ ਕਰਦਾ ਹੈ।
- ਕਬਜ਼ ਅਤੇ ਅਫਾਰਾ ਲਈ ਅਦਰਕ ਦੇ ਛੋਟੇ-ਛੋਟੇ ਟੁਕੜੇ ਕੱਟ ਕੇ, ਇਨ੍ਹਾਂ ਉੱਪਰ ਨਮਕ ਆਦਿ ਪਾ ਕੇ ਕੁੱਝ ਦਿਨਾਂ ਲਈ ਸੁੱਕਣ ਵਾਸਤੇ ਛੱਡ ਦਿਓ, ਫਿਰ ਨਿਯਮਿਤ ਸੇਵਨ ਕਰਨ ਨਾਲ ਕਬਜ਼ ਦੂਰ ਹੋਵੇਗੀ ਅਤੇ ਭੁੱਖ ਖੁੱਲ੍ਹ ਜਾਵੇਗੀ।
- ਕੰਨ ਆਦਿ ਵਿਚ ਕਿਸੇ ਤਰ੍ਹਾਂ ਦਾ ਵੀ ਦਰਦ ਹੋਵੇ ਤਾਂ ਅਦਰਕ ਅਤੇ ਲਸਣ ਦੇ ਰਸ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਤੇਲ ਵਿਚ ਤਲ਼ ਕੇ ਨਿਯਮਿਤ ਰੂਪ ਵਿਚ ਕੰਨ ਵਿਚ ਪਾਉਣ ਨਾਲ ਦਰਦ ਤੋਂ ਰਾਹਤ ਮਿਲੇਗੀ।



*ਆਇਰਨ, ਕੈਲਸ਼ੀਅਮ, ਵਿਟਾਮਿਨ ਆਦਿ ਨਾਲ ਭਰਪੂਰ ਅਦਰਕ। ਇਸ ਦੇ ਰਸ ਦਾ ਇਸਤੇਮਾਲ ਕਰਨ ਨਾਲ ਦਿਲ ਦੀਆਂ ਕਈ ਬਿਮਾਰੀਆਂ ਤੋਂ ਰਾਹਤ ਪਾਈ ਜਾ ਸਕਦੀ ਹੈ ਤੇ ਇਹ ਕੋਲੈਸਟ੍ਰੋਲ ਨੂੰ ਵੀ ਕੰਟਰੋਲ ਕਰਦਾ ਹੈ। ਇਸ ਦੇ ਸੇਵਨ ਨਾਲ ਚਿਹਰੇ 'ਤੇ ਵੀ ਨਿਖ਼ਾਰ ਆਉਂਦਾ ਹੈ। ਅਦਰਕ ਸਿਹਤ ਲਈ ਬਹੁਤ ਲਾਭਕਾਰੀ ਹੈ।*

# ਕਿਉਂ ਪੈਂਦੀ ਹੈ ਡਾਇਲਸਿਸ ਦੀ ਜ਼ਰੂਰਤ

ਜਦੋਂ ਕਿਡਨੀ ਕਮਜ਼ੋਰ ਹੋ ਜਾਂਦੀ ਹੈ ਤਾਂ ਸਰੀਰ ਦੇ ਵਾਧੂ ਪਦਾਰਥ ਬਾਹਰ ਨਹੀਂ ਨਿਕਲ ਪਾਉਂਦੇ ਜਿਸ ਕਾਰਨ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਫਿਰ ਮਸ਼ੀਨਾਂ ਸਹਾਰੇ ਖ਼ੂਨ ਸਾਫ਼ ਕਰਨ ਦੀ ਪ੍ਰਕਿਰਿਆ ਨੂੰ ਡਾਇਲਸਿਸ ਕਿਹਾ ਜਾਂਦਾ ਹੈ। ਖ਼ੂਨ ਨੂੰ ਬਾਹਰ ਕੱਢਿਆ ਜਾਂਦਾ ਹੈ ਤੇ ਬਾਅਦ 'ਚ ਫਿਰ ਉਸ ਨੂੰ ਵਾਪਿਸ ਅੰਦਰ ਪਾਇਆ ਜਾਂਦਾ ਹੈ।

## ਕਿੰਨੇ ਪ੍ਰਕਾਰ ਦੇ ਡਾਇਲਸਿਸ

### *ਡਾਇਲਸਿਸ ਦੋ ਪ੍ਰਕਾਰ ਦੇ ਹੁੰਦੇ ਹਨ*

**ਹੀਮੋਡਾਇਲਸਿਸ** : ਇਸ 'ਚ ਵਿਸ਼ੇਸ਼ ਪ੍ਰਕਾਰ ਦੀਆਂ ਮਸ਼ੀਨਾਂ ਦੁਆਰਾ ਇਕ ਵਾਰ 'ਚ 250 'ਚ 300 ਮਿ.ਲੀ ਖ਼ੂਨ ਬਾਹਰ ਕੱਢ ਕੇ ਸ਼ੁੱਧ ਕੀਤਾ ਜਾਂਦਾ ਹੈ ਤੇ ਫਿਰ ਸਰੀਰ 'ਚ ਵਾਪਸ ਪਾਇਆ ਜਾਂਦਾ ਹੈ। ਇਹ ਪ੍ਰਕਿਰਿਆ ਸਿਰਫ਼ ਹਸਪਤਾਲ 'ਚ ਹੀ ਕੀਤੀ ਜਾਂਦੀ ਹੈ।

### *ਕਦੋਂ ਜ਼ਰੂਰਤ ਪੈਂਦੀ ਹੈ*

*ਕਰੌਨਿਕ ਰੀਨਲ ਡਿਜ਼ੀਜ ਜਾਂ ਕੌਨਿਕ ਕਿਡਨੀ ਡਿਜ਼ੀਜ ਕਾਰਨ ਕਰੈਟਿਨਿਨ ਕਲੀਅਰੈਂਸ ਰੇਟ 15 ਫ਼ੀਸਦੀ ਜਾਂ ਇਸ ਤੋਂ ਵੀ ਘੱਟ ਹੋ ਜਾਵੇ ਤਾਂ ਡਾਇਲਸਿਸ ਕਰਨਾ ਪੈਂਦਾ ਹੈ। ਕਿਡਨੀ ਦੀ ਸਮੱਸਿਆ ਕਾਰਨ ਸਰੀਰ 'ਚ ਪਾਣੀ ਇਕੱਠਾ ਹੋਣ ਲੱਗੇ ਭਾਵ 'ਫਲੂਡਡ ਔਵਰਲੋਡ' ਦੀ ਸਮੱਸਿਆ ਹੋ ਜਾਵੇ ਤਾਂ ਪਹਿਲਾਂ ਦਵਾਈ ਦੇ ਕੇ ਦੇਖੀ ਜਾਂਦੀ ਹੈ। ਫ਼ਾਇਦਾ ਨਾ ਮਿਲਣ 'ਤੇ ਡਾਇਲਸਿਸ ਕਰਨਾ ਪੈਂਦਾ ਹੈ। ਜੇ ਸਰੀਰ 'ਚ ਪੋਟੈਸ਼ੀਅਮ ਦੀ ਮਾਤਰਾ ਵੱਧ ਜਾਵੇ ਤੇ ਦਿਲ ਦੀ ਧੜਕਣ 'ਚ ਪਰੇਸ਼ਾਨੀ ਆਵੇ ਤਾਂ ਵੱਖਰੀ-ਵੱਖਰੀ ਦਵਾਈ ਦਿੱਤੀ ਜਾਂਦੀ ਹੈ। ਦਵਾਈਆਂ ਦਾ ਅਸਰ ਨਾ ਦਿਖਾਈ ਦੇਵੇ ਤਾਂ ਡਾਇਲਸਿਸ ਮਾਹਿਰ ਦੀ ਸਲਾਹ ਲਈ ਜਾਂਦੀ ਹੈ।*



### *ਕਿਡਨੀ ਡਾਇਲਸਿਸ*

*ਕਈ ਵਾਰ ਸਾਡੇ ਦਿਮਾਗ਼ 'ਚ ਆਉਂਦਾ ਹੈ ਕਿ ਡਾਇਲਸਿਸ ਦੀ ਜ਼ਰੂਰਤ ਕਿਉਂ ਪੈਂਦੀ ਹੈ। ਜਦੋਂ ਕਿਡਨੀ ਕਮਜ਼ੋਰ ਹੋ ਜਾਂਦੀ ਹੈ ਤਾਂ ਉਸ ਸਮੇਂ ਡਾਇਲਸਿਸ ਕੀਤਾ ਜਾਂਦਾ ਹੈ। ਕਿਡਨੀ ਦੀ ਸ਼ਕਤੀ 80- ਤੋਂ 90 ਫ਼ੀਸਦੀ ਘੱਟ ਜਾਂਦੀ ਹੈ ਤਾਂ ਪਿਸ਼ਾਬ ਬਾਹਰ ਨਹੀਂ ਨਿਕਲ ਪਾਉਂਦਾ ਤੇ ਅੰਦਰ ਹੀ ਜਮ੍ਹ ਹੁੰਦਾ ਰਹਿੰਦਾ ਹੈ। ਜਿਸ ਕਰਕੇ ਥਕਾਵਟ, ਸੋਜ, ਉਲਟੀਆਂ, ਸਾਹ ਫੁਲਣਾ , ਖ਼ੂਨ ਦੀ ਘਾਟ , ਹੱਥ ਪੈਰ ਸੌਣੇ, ਸਰੀਰ ਕਮਜ਼ੋਰ ਹੋ ਜਾਣਾ ਆਦਿ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਰਕੇ ਡਾਇਲਸਿਸ ਦੀ ਜ਼ਰੂਰਤ ਪੈਂਦੀ ਹੈ।*

**ਪੈਰਟੋਨੀਅਲ ਡਾਇਲਸਿਸ** : ਇਸ ਡਾਇਲਸਿਸ 'ਚ ਰੋਗੀ ਦੀ ਧੁੰਨੀ ਦੇ ਥੱਲੇ ਆਪਰੇਸ਼ਨ ਦੇ ਮਾਧਿਅਮ ਨਾਲ ਇਕ ਨਾਲੀ ਲਗਾਈ ਜਾਂਦੀ ਹੈ। ਪੇਟ ਦੇ ਅੰਦਰ ਝਿਲੀ ਡਾਏਲਾਈਜਰ ਦਾ ਕੰਮ ਕਰਦੀ ਹੈ ਜੋ ਪੀ.ਡੀ ਫਲੂਡਡ ਦੇ ਵਧੀਆ ਪਦਾਰਥਾਂ ਨੂੰ ਸਰੀਰ 'ਚ ਦਾਖ਼ਲ ਕਰਦੀ ਹੈ ਤੇ ਖ਼ੂਨ 'ਚ ਮੌਜੂਦ ਵਾਧੂ ਪਦਾਰਥਾਂ ਨੂੰ ਬਾਹਰ ਕੱਢਦੀ ਹੈ।

ਇਸ ਨੂੰ ਤਰਲ ਪੇਟ 'ਚ 5-6 ਘੰਟੇ ਤਕ ਰੱਖਣਾ ਪੈਂਦਾ ਹੈ। ਇਸ ਤੋਂ ਬਾਅਦ ਨਾਲੀ ਜ਼ਰੀਏ ਪੀ.ਡੀ ਫਲੂਡਡ ਨੂੰ ਬਾਹਰ ਕੱਢਿਆ ਜਾਂਦਾ ਹੈ। ਇਸ ਪਰੇਸ਼ਾਨੀ ਦਾ ਸਾਹਮਣਾ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਕਰਨਾ ਪੈਂਦਾ ਹੈ ਜੋ ਬਹੁਤ ਜ਼ਿਆਦਾ ਕੰਮ ਕਰਦੇ ਹਨ ਜਾਂ ਜ਼ਿਆਦਾ ਉਮਰ ਦੇ ਹੁੰਦੇ ਹਨ। ਵਿਗਿਆਨ ਦੀ ਭਾਸ਼ਾ 'ਚ ਇਸ ਨੂੰ 'ਅਕਸਟ੍ਰੀਮ ਆਫ਼ ਅਜੇਮ' ਕਹਿੰਦੇ ਹਨ। ਜਿਨ੍ਹਾਂ ਲੋਕਾਂ ਨੂੰ ਦਿਲ ਸਬੰਧੀ ਸਮੱਸਿਆ ਹੈ ਉਨ੍ਹਾਂ ਨੂੰ ਕਈ ਵਾਰ ਇਸ ਰੋਗ ਦਾ ਸਾਹਮਣਾ ਕਰਨਾ ਪੈਂਦਾ ਹੈ।

# ਤੰਦਰੁਸਤੀ ਦਾ ਮੰਤਰ

ਡਾ. ਅਮਰੀਕ ਸਿੰਘ ਕੰਡਾ

'ਆਉਣ ਵਾਲੇ ਸਮੇਂ ਵਿਚ ਰੱਜੇ ਬੰਦੇ ਹੀ ਮਰਿਆ ਕਰਨਗੇ ਤੇ ਭੁੱਖੇ ਬੰਦਿਆਂ ਦੀ ਉਮਰ ਲੰਬੀ ਹੋਵੇਗੀ।' ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦਾਂ ਹਾਂ ਕਿਉਂਕਿ ਅਸੀਂ ਸਭ ਖਾ ਪੀ ਹੀ ਰਹੇ ਹਾਂ। ਕੋਈ ਸਰੀਰਕ ਕਸਰਤ ਜਾਂ ਕੰਮਕਾਰ ਨਹੀਂ ਕਰਦੇ। ਜ਼ਿਆਦਾਤਰ ਲੋਕ ਬੈਠ ਕੇ ਕੰਮ ਕਰਦੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਉਮਰ ਲੰਬੀ ਤੇ ਤੰਦਰੁਸਤ ਰਹੇ ਤਾਂ ਸਾਨੂੰ ਇਨ੍ਹਾਂ ਗੱਲਾਂ 'ਤੇ ਅਮਲ ਕਰਨਾ ਪਵੇਗਾ। ਆਉ ਜਾਣੀਏ ਕਿ ਅਸੀਂ ਆਪਣੇ ਆਪ ਨੂੰ ਤੇ ਆਪਣੇ ਪਰਿਵਾਰਾਂ ਨੂੰ ਬਿਮਾਰੀਆਂ ਤੋਂ ਕਿਵੇਂ ਬਚਾਈਏ ਤੇ ਕਿਵੇਂ ਤਣਾਅ ਮੁਕਤ ਜੀਵਨ ਬਤੀਤ ਕਰੀਏ... ।

## ਭੋਜਨ ਨੂੰ ਸਮਝੀਏ

ਭੋਜਨ ਕਰਨਾ ਮਹੱਤਵਪੂਰਨ ਨਹੀਂ ਸਗੋਂ ਭੋਜਨ ਨੂੰ ਪਚਾਉਣਾ ਮਹੱਤਵਪੂਰਨ ਹੈ। ਜਿਸ ਦੇਸ਼-ਪ੍ਰਦੇਸ਼ ਜਾਂ ਸਥਾਨ 'ਤੇ ਜਿਸ ਪ੍ਰਕਾਰ ਦਾ ਭੋਜਨ ਉਪਲਬਧ ਹੋਵੇ ਉਹੀ ਭੋਜਨ ਕਰਨਾ ਚਾਹੀਦਾ ਹੈ। ਕੁਦਰਤ ਦੇ ਵਿਰੁੱਧ ਭੋਜਨ ਕਦੇ ਨਾ ਕਰੋ।

- ਸਭ ਤੋਂ ਪਹਿਲਾਂ ਇਸ ਗੱਲ ਨੂੰ ਸਮਝੋ ਕਿ ਖਾਣ ਲਈ ਨਾ ਜੀਉ ਸਗੋਂ ਜੀਉਣ ਲਈ ਖਾਉ। ਘੱਟ ਖਾਉ, ਦੇਖ ਪਰਖ ਕੇ ਚੰਗਾ ਖਾਉ। ਚੰਗੀ ਤਰ੍ਹਾਂ ਚਬਾ ਕੇ ਖਾਓ। ਚਬਾ ਕੇ ਖਾਣ ਨਾਲ ਜਲਦੀ ਹੀ ਪਚ ਜਾਂਦਾ ਹੈ।
- ਤੁਸੀਂ ਆਪਣਾ ਢਿੱਡ ਕਦੇ ਨਾ ਭਰੋ। ਸਗੋਂ ਭੁੱਖ ਰੱਖ ਕੇ ਖਾਉ। ਜੇ ਤੁਸੀਂ ਜ਼ਿਆਦਾ ਖਾ ਲਵੋਗੇ ਤਾਂ ਪਚਨ 'ਚ ਕਾਫ਼ੀ ਪਰੇਸ਼ਾਨੀ ਆਵੇਗੀ।
- ਆਪਣੇ ਖਾਣੇ 'ਚ 60 ਫ਼ੀਸਦੀ ਕੱਚਾ ਭੋਜਨ ਸ਼ਾਮਿਲ ਕਰੋ ਜਿਵੇਂ ਮੂਲੀ, ਗਾਜਰ, ਪਾਲਕ, ਖੀਰਾ, ਬਰੋਕਲੀ, ਟਮਾਟਰ, ਸਲਾਦ ਆਦਿ। ਇਸ ਨਾਲ ਸਿਹਤ ਨੂੰ ਬਹੁਤ ਲਾਭ ਮਿਲੇਗਾ।
- ਕੱਚਾ ਭੋਜਨ ਆਕਸੀਜਨ ਦਿੰਦਾ ਹੈ। ਹੁਣ ਅਸੀਂ ਪੱਕੇ ਭੋਜਨ ਦੀ ਗੱਲ ਕਰਦੇ ਹਾਂ। ਪੱਕਿਆ ਭੋਜਨ 48 ਮਿੰਟ ਦੇ ਅੰਦਰ-ਅੰਦਰ ਖਾ ਲਉ। ਇਸ ਤੋਂ ਬਾਅਦ ਭੋਜਨ ਦੇ ਪੌਸ਼ਟਿਕ ਤੱਤ ਘੱਟ ਹੋਣੇ ਸ਼ੁਰੂ ਹੋ ਜਾਂਦੇ ਹਨ।
- ਚੌਵੀ ਘੰਟਿਆਂ ਬਾਅਦ ਇਹ ਭੋਜਨ ਜਾਨਵਰਾਂ ਦੇ ਖਾਣ ਯੋਗ ਵੀ ਨਹੀਂ ਰਹਿੰਦਾ।
- ਫਾਸਟ ਫੂਡ ਤੇ ਮੈਦੇ ਤੋਂ ਬਣੀਆਂ ਚੀਜ਼ਾਂ ਨਾ ਖਾਉ। ਮੈਦਾ ਸਾਡੀਆਂ ਆਂਤੜੀਆਂ 'ਚ ਜਾ ਕੇ ਚਿਪਕ ਜਾਂਦਾ ਹੈ। ਇਸ ਨਾਲ ਸਾਨੂੰ ਕਈ ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ। ਇਸ ਲਈ ਸਾਵਧਾਨ ਰਹੋ।
- ਜ਼ਿਆਦਾ ਕਾਰਬੋਹਾਈਡਰੇਟਸ ਨਾ ਖਾਉ।
- ਪ੍ਰੋਟੀਨ ਜਿਵੇਂ ਦਾਲਾਂ, ਛੋਲੇ, ਹਰੀਆਂ ਸਬਜ਼ੀਆਂ ਖਾਉ। ਪ੍ਰੋਟੀਨ ਨਾਲ ਖੱਟੇ ਦਾ ਮੇਲ ਹੈ ਜਿਵੇਂ ਦਾਲਾਂ, ਛੋਲਿਆਂ ਨਾਲ ਪੁਦੀਨੇ ਅਨਾਰ ਦਾਣੇ ਦੀ ਚਟਨੀ ਜਾਂ ਨਿੰਬੂ ਆਦਿ ਲਉ। ਪ੍ਰੋਟੀਨ ਛੇਤੀ ਪਚ ਜਾਵੇਗਾ।।



## ਭੋਜਨ ਦਾ ਸਮਾਂ

ਨਾਸ਼ਤੇ ਦਾ ਸਮਾਂ ਸਵੇਰ 7 ਤੋਂ 9, ਦੁਪਿਹਰ ਲੰਚ ਦਾ ਸਮਾਂ 1 ਤੋਂ 2 ਤੇ ਡਿਨਰ ਦਾ ਸਮਾਂ 5 ਤੋਂ 6 ਵਜੇ ਤਕ ਦਾ ਰੱਖੋ।

## ਖ਼ੁਰਾਕ 'ਚ ਕਰੋ ਸ਼ਾਮਿਲ

ਆਪਣੀ ਰੋਜ਼ਾਨਾ ਦੀ ਖ਼ੁਰਾਕ 'ਚ ਆਂਵਲਾ, ਹਲਦੀ, ਦਾਲਚੀਨੀ, ਮੋਟੀ ਕਾਲੀ ਇਲਾਇਚੀ, ਭਿੱਜੇ ਹੋਏ ਬਾਦਾਮ, ਅਲਸੀ, ਆਂਡੇ ਦਾ ਵਾਈਟ ਪਾਰਟ, ਕਾਲੀ ਮਿਰਚ, ਸੁੰਢ, ਮਘਾਂ, ਪੁਦੀਨਾ, ਲਸਣ, ਅਦਰਕ, ਪਿਆਜ਼, ਅਨਾਰਦਾਣਾ, ਤੁਲਸੀ, ਗਿਲੋਅ, ਸਬਜ਼ੀਆਂ, ਫਰੂਟ, ਸੌਂਫ, ਮੁਲੱਠੀ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।

98557-35666



# ਤੰਬਾਕੂ, ਜ਼ਰਦਾ, ਸ਼ਰਾਬ, ਸਿਗਰਟਨੋਸ਼ੀ ਤੇ ਗੁਟਕਾ ਆਦਿ ਉਤਪਾਦ ਸਿਹਤ ਲਈ ਮਿੱਠੇ ਜ਼ਹਿਰ ਹਨ ਜਿਨ੍ਹਾਂ ਨਾਲ ਮੂੰਹ ਦਾ ਕੈਂਸਰ, ਦੰਦਾਂ 'ਚ ਦਰਦ, ਦੰਦ ਕਾਲੇ ਤੇ ਪੀਲੇ ਵੀ ਪੈ ਸਕਦੇ ਹਨ। ਇਸ ਲਈ ਇਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ...

# ਜ਼ਰੂਰੀ ਹੈ ਦੰਦਾਂ ਦੀ ਦੇਖਭਾਲ

ਡਾ.ਅਨਿਲ ਕੁਮਾਰ



ਕਈ ਲੋਕਾਂ ਨੂੰ ਦੰਦਾਂ ਪ੍ਰਤੀ ਬਹੁਤ ਸਾਰੀਆਂ ਪਰੇਸ਼ਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਠੰਢਾ-ਤੱਤਾ ਲੱਗਣਾ, ਖੋੜਾਂ, ਦੰਦਾਂ ਨੂੰ ਕੀੜਾ ਲੱਗਣੇ, ਦੰਦਾਂ ਵਿਚ ਖ਼ੂਨ ਆਉਣਾ ਜਾਂ ਫਿਰ ਮਸੂੜਿਆਂ ਵਿਚ ਸੋਜ ਹੋਣੀ, ਦੰਦ ਹਿਲਣੇ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਬਗੈਰ ਜੀਵਨ ਵਿਚ ਨੀਰਸਤਾ ਆ ਜਾਂਦੀ ਹੈ। ਇਸ ਦੀ ਅਸਲ ਅਹਿਮੀਅਤ ਉਦੋਂ ਸਮਝ ਆਉਂਦੀ ਹੈ ਜਦੋਂ ਬੁਢਾਪਾ ਆਉਂਦਾ ਹੈ ਤੇ ਅਸੀਂ ਚਿੱਥ ਕੇ ਕੁੱਝ ਖਾ ਨਹੀਂ ਸਕਦੇ। ਦੰਦਾਂ ਵਾਲੇ ਡਾਕਟਰਾਂ ਦੀ ਰਹਿਮਤ 'ਤੇ ਦੇਖੋ ਇਹ ਦੰਦਾਂ ਦੇ ਨਕਲੀ ਬੀੜ ਬਣਾ ਕੇ ਕੁੱਝ ਖਾਣ ਦੇ ਯੋਗ ਬਣਾਉਂਦੇ ਹਨ ਪਰ ਅਸਲੀ ਤਾਂ ਅਸਲੀ ਹੀ ਹੁੰਦੇ ਹਨ। ਜਿਸ ਦਾ ਮੁੱਲ ਅਸੀਂ ਕਦੇ ਨਹੀਂ ਸਮਝਦੇ।

ਜਿਨ੍ਹਾਂ ਮਰੀਜ਼ਾਂ ਨੂੰ ਦੰਦ ਕਢਵਾਉਣ ਤੋਂ ਡਰ ਲਗਦਾ ਹੈ ਉਨ੍ਹਾਂ ਲਈ ਚੰਗੀ ਖ਼ਬਰ ਇਹ ਹੈ ਕਿ ਅੱਜ ਦੇ ਤਕਨੀਕੀ ਯੁੱਗ ਵਿਚ ਖ਼ਰਾਬ ਹੋਏ ਦੰਦ ਬਿਨ੍ਹਾਂ ਦਰਦ ਤੋਂ ਕੱਢੇ ਜਾਂਦੇ ਹਨ। ਇਸ ਲਈ ਦੰਦਾਂ ਨੂੰ ਠੀਕ ਰੱਖਣ ਲਈ ਡੈਂਟਿਸਟ ਕੋਲ ਜਾਣਾ ਹੀ ਪੈਂਦਾ ਹੈ ਤੇ ਮਰੀਜ਼ ਨੂੰ ਕਈ ਜਟਿਲ ਤੇ ਕਈ ਛੋਟੀਆਂ-ਮੋਟੀਆਂ ਸਰਜਰੀਆਂ ਵਿੱਚੋਂ ਗੁਜਰਨਾ ਪੈਂਦਾ ਹੈ ਜਿਵੇਂ ਕਿ ਦੰਦਾਂ ਦੀ ਫਿਲਿੰਗ, ਰੂਟ ਕੈਨਾਲ ਟਰੀਟਮੈਂਟ, ਫਿਕਸ ਦੰਦ ਲਗਾਉਣਾ, ਅਕਲ-ਜਾੜ ਦੀ ਸਰਜਰੀ ਆਦਿ ਕਰਵਾਉਣਾ ਹੁਣ ਆਮ ਜਿਹੀ ਗੱਲ ਹੋ ਗਈ ਹੈ।

ਜਦੋਂ ਅਸੀ ਇਨ੍ਹਾਂ ਦੰਦਾਂ ਨੂੰ ਅਣਗੋਲਿਆਂ ਕਰਦੇ ਹਾਂ ਕਿ ਜੋ ਆਇਆ ਸੋ ਪਚਾਇਆ ਵਰਗੀ ਸਥਿਤੀ ਅਪਨਾਉਂਦੇ ਹਾਂ ਤਾਂ ਇਹ ਦੰਦ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਲੱਗ ਪੈਂਦੇ ਹਨ। ਅੱਜ ਹਰ ਦੂਜਾ ਵਿਅਕਤੀ ਦੰਦਾਂ ਨਾਲ ਘੋਲ ਕਰ ਰਿਹਾ ਹੈ। ਇਹ ਘੋਲ ਕਰ ਕੇ ਅਸੀਂ ਦੰਦਾਂ ਦੇ ਇਨੇਮਲ ਨੂੰ ਖ਼ਰਾਬ ਕਰ ਲਿਆ ਹੈ। ਘੋਲ ਵੀ ਇਸ ਤਰ੍ਹਾਂ ਦੇ ਕਿ 'ਰਹਿ ਰੱਬ ਦਾ ਨਾਂ', ਬੁਰਸ਼ ਨਾ ਬਦਲਣਾ, ਦੰਦਾਂ ਨਾਲ ਬੋਤਲ ਦਾ ਢੱਕਣ ਖੋਲਣਾ, ਕੋਈ ਭਾਰੀ ਵਹੀਕਲ ਖਿੱਚਣਾ, ਅਖਰੋਟ ਤੋੜਨਾ, ਦੰਦਾਂ ਨੂੰ ਬੁਰਸ਼ ਨਾਲ ਜ਼ੋਰ-ਜ਼ੋਰ ਦੀ ਰਗੜਨਾ ਆਦਿ। ਇਹ ਗ਼ਲਤ ਆਦਤਾਂ ਹਨ ਜਿਸ ਕਰਕੇ ਅਸੀਂ ਦੰਦਾਂ ਦੇ ਇਨੇਮਲ ਨੂੰ ਖ਼ਰਾਬ ਕਰ ਲੈਂਦੇ ਹਾਂ।

ਅਸੀਂ ਲੋਕ ਭੋਜਨ ਨੂੰ ਦੰਦਾਂ ਨਾਲ ਚੰਗੀ ਤਰ੍ਹਾਂ ਚਿੱਥ ਕੇ ਨਹੀਂ ਖਾਂਦੇ ਸਗੋਂ ਨਿਗਲਦੇ ਹਾਂ। ਇਹ ਕੰਮ ਅਸੀਂ ਟੈਲੀਵਿਜ਼ਨ ਦੇਖਣ ਦੌਰਾਨ ਕਰਦੇ ਹਾਂ।

ਦੰਦਾਂ ਦਾ ਇਹ ਚਿੱਥਣ ਵਾਲਾ ਕੰਮ ਪੇਟ ਵਿਚ ਮੌਜੂਦ ਵੱਡੀ ਤੇ ਛੋਟੀ ਪੇਟ ਦੀ ਆਂਤੜੀ ਦੇ ਸਪੁਰਦ ਕਰ ਦਿੰਦੇ ਹਾਂ। ਇੱਥੇ ਹੀ ਬਸ ਨਹੀਂ ਕੈਮੀਕਲਸ ਨਾਲ ਭਰਪੂਰ ਪੇਸਟਾਂ ਵੀ ਸਾਡੇ ਸਰੀਰ, ਦੰਦਾਂ ਤੇ ਮਸੂੜਿਆਂ ਦਾ ਸਤਿਆਨਾਸ਼ ਕਰ ਰਹੀਆਂ ਹਨ। ਸਾਡੇ ਬੱਚਿਆਂ ਦੇ ਦੰਦਾਂ ਦੀ ਸਥਿਤੀ ਉਬੜ-ਖਾਬੜ ਹੋ ਗਈ ਹੈ। ਅਜਿਹੇ ਦੰਦਾਂ 'ਤੇ ਬੁਰਸ਼ ਚਲਾਉਣਾ ਮਸ਼ੀਨ ਨਾਲ ਘਾਹ ਖੋਦਣ ਵਰਗੀ ਸਥਿਤੀ ਹੈ। ਇਸ ਲਈ ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਛੋਟੀ ਉਮਰ ਵਿਚ ਦੰਦਾਂ ਨੂੰ ਠੀਕ ਰੱਖਣ ਲਈ ਦੰਦਾਂ 'ਤੇ ਤਾਰਾਂ ਲਾਉਣੀਆਂ ਪੈਂਦੀਆਂ ਹਨ ਤਾਂ ਕਿ ਦੰਦਾਂ ਨੂੰ ਇਕਸਾਰ ਕੀਤਾ ਜਾ ਸਕੇ।

ਉਹ ਵੀ ਜਦੋਂ ਬੱਚੇ ਦਾ ਜਬਾੜਾ ਪੂਰੀ ਤਰ੍ਹਾਂ ਨਾਲ ਵਿਕਸਿਤ ਹੋ ਚੁੱਕਾ ਹੋਵੇ। ਇਹ ਵੀ ਨਾ ਭੁੱਲੋ ਕਿ ਉਚੇ-ਨੀਵੇ ਦੰਦਾਂ ਦੀ ਬਣਤਰ ਦਾ ਨਾਤਾ ਜੈਨੇਟਿਕ (ਪੀੜ੍ਹੀ ਦਰ ਪੀੜ੍ਹੀ) ਵੀ ਹੋ ਸਕਦਾ ਹੈ। ਇਸ ਲਈ ਵਿੰਗੇ-ਟੇਡੇ ਦੰਦਾਂ ਦਾ ਹੋਣਾ ਬੱਚਿਆਂ ਦਾ ਨਿਰਾ ਦੋਸ਼ ਨਹੀਂ ਹੈ। ਦੰਦਾਂ ਨਾਲ ਚਿਪਕਣ ਵਾਲੇ ਪਦਾਰਥ ਚੌਕਲੇਟ, ਟੌਫੀਆਂ, ਫਾਸਟ ਫੂਡ ਤੇ ਕੈਂਡੀ ਵਰਗੀਆਂ ਮਿੱਠੀਆਂ ਚੀਜ਼ਾਂ ਸਾਡੇ ਦੰਦਾਂ ਨਾਲ ਚਿਪਕ ਜਾਂਦੀਆਂ ਹਨ।

ਨਤੀਜੇ ਵਜੋਂ ਸਾਡੇ ਦੰਦਾਂ ਦੀਆਂ ਬਿਮਾਰੀਆਂ ਵਿਚ ਵਾਧਾ ਕਰਦੀਆਂ ਹਨ। ਕਈ ਮੇਰੇ ਵੀਰ ਦੰਦਾਂ ਵਾਲੇ ਡਾਕਟਰ ਕੋਲ ਉਸ ਸਮੇਂ ਜਾਂਦੇ ਹਨ ਜਦ ਦੰਦਾਂ ਦਾ ਕੀੜਾ ਉਪਰਲੀ ਪਰਤ ਨੂੰ ਖਾ ਕੇ ਨਸਾਂ ਤਕ ਘੁਸਪੈਠ ਕਰ ਚੁੱਕਾ ਹੁੰਦਾ ਹੈ। ਇਸ ਕੀੜੇ ਦੀ ਦਹਿਸ਼ਤ ਨੂੰ ਖ਼ਤਮ ਕਰਨ ਲਈ ਇਲਾਜ ਦੀ ਲੋੜ ਪੈਂਦੀ ਹੈ। ਇਸ ਲਈ ਸਹੀ ਸਮੇਂ 'ਤੇ ਡਾਕਟਰ ਕੋਲ ਜਾਓ। ਐਂਵੇ ਘਰ ਬੈਠੇ ਨੀਮ ਹਕੀਮ ਇਲਾਜ ਨਾ ਕਰੋ। ਦੰਦਾਂ ਨੂੰ ਸਵੱਸਥ ਰੱਖਣ ਲਈ ਬਹੁਤੇ ਵੱਡੇ

ਉਪਰਾਲੇ ਕਰਨ ਦੀ ਲੋੜ ਨਹੀਂ। ਬਸ ਤੁਹਾਨੂੰ ਆਪਣੀਆਂ ਆਦਤਾਂ ਬਦਲਣੀਆਂ ਪੈਣੀਆਂ ਹਨ। ਉਹ ਵੀ ਬਹੁਤੀਆਂ ਔਖੀਆਂ ਨਹੀਂ ਜਿਵੇਂ ਕਿ ਦਿਨ ਵਿਚ ਦੋ ਵਾਰ ਬੁਰਸ਼ ਕਰਨਾ।

ਸਭ ਤੋਂ ਮਹੱਤਵਪੂਰਨ ਇਹ ਹੈ ਕਿ ਬੁਰਸ਼ ਨੂੰ ਠੀਕ ਢੰਗ ਨਾਲ ਕਰਨਾ ਤੇ ਹਰ ਖਾਣਾ-ਖਾਣ ਤੋਂ ਬਾਅਦ ਕੁਰਲੀ ਕਰਨਾ ਜਾਂ ਦੋ ਘੁੱਟ ਪਾਣੀ ਗਟਕ ਲੈਣਾ ਵੀ ਠੀਕ ਹੈ। ਤੰਬਾਕੂ, ਜ਼ਰਦਾ, ਸਿਗਰਟਨੋਸ਼ੀ ਤੇ ਗੁਟਕਾ ਵਰਗੇ ਉਤਪਾਦ ਸਿਹਤ ਲਈ ਮਿੱਠੇ ਜ਼ਹਿਰ ਹਨ। ਜਿਨ੍ਹਾਂ ਨਾਲ ਮੂੰਹ ਦਾ ਕੈਂਸਰ ਤੇ ਦੰਦ ਕਾਲੇ ਤੇ ਪੀਲੇ ਵੀ ਪੈ ਸਕਦੇ ਹਨ। ਇਸ ਲਈ ਇਨ੍ਹਾਂ ਚੀਜ਼ਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ। ਦੰਦਾਂ ਨੂੰ ਸਾਫ਼ ਨਾ ਰੱਖਣ ਦੀ ਸਜਾ ਦੇ ਰੂਪ ਵਿਚ ਦਿਲ ਦੀਆਂ ਬਿਮਾਰੀਆਂ, ਸਾਹ ਦੀ ਪਰੇਸ਼ਾਨੀ ਲਈ ਰਾਹ ਪੱਧਰਾ ਕਰ ਰਹੇ ਹਾਂ। ਸੋ ਅੱਜ ਲੋੜ ਹੈ ਤੁਹਾਨੂੰ ਆਪਣੇ ਦੰਦਾਂ ਦਾ ਸਹੀ ਖ਼ਿਆਲ ਰੱਖਣ ਦੀ ਤਾਂ ਕਿ ਤੁਸੀ ਕਿਸੇ ਸਾਹਮਣੇ ਖੁੱਲ੍ਹ ਕੇ ਹੱਸ ਸਕੋ।

ਜੇ ਦੰਦ ਤੰਦਰੁਸਤ ਨਹੀਂ ਤਾਂ ਫਿਰ ਤੁਹਾਡੀ ਮੁਸਕਰਾਹਟ ਨੂੰ ਗ੍ਰਹਿਣ ਲੱਗਾ ਹੋਇਆ ਹੈ। ਇਸ ਲਈ ਦੰਦਾਂ ਦੀ ਤੰਦਰੁਸਤੀ ਲਈ ਅੱਜ ਤੋਂ ਹੀ ਭੋਜਨ ਵਿਚ ਸਲਾਦ ਸ਼ਾਮਿਲ ਕਰੋ ਤੇ ਜੰਕ ਫੂਡ ਤੋਂ ਤੋਬਾ ਕਰੋ। ਦੰਦਾਂ 'ਤੇ ਚਿਪਕਣ ਵਾਲੇ ਪਦਾਰਥਾਂ ਦਾ ਸੇਵਨ ਨਾ ਕਰੋ ਕਿਉਂਕਿ ਇਨ੍ਹਾਂ ਚੀਜ਼ਾਂ ਦੇ ਸੇਵਨ ਨਾਲ ਦੰਦਾਂ ਨੂੰ ਕਾਫ਼ੀ ਜ਼ਿਆਦਾ ਨੁਕਸਾਨ ਹੁੰਦਾ ਹੈ ਤੇ ਇਸ ਦੇ ਨਾਲ ਹੋਰ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੋ: 9779884393

## ਸੰਪਾਦਕੀ

# ਪ੍ਰਦੂਸ਼ਣ ਵਧਿਆ, ਪਰ ਬਜਟ ਘਟਿਆ

ਜਿੰਨੀ ਤੇਜ਼ੀ ਨਾਲ ਮਨੁੱਖ ਤਰੱਕੀ ਕਰ ਰਿਹਾ ਹੈ, ਉਸੇ ਰਫ਼ਤਾਰ ਨਾਲ ਬਿਮਾਰੀਆਂ ਵੀ ਵਧ ਰਹੀਆਂ ਹਨ। ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਪਾਣੀ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਭਾਵੇਂ ਸਰਕਾਰਾਂ ਵੱਲੋਂ ਇਸ ਨੂੰ ਸ਼ੁੱਧ ਕਰਨ ਲਈ ਕਈ ਤੌਰ-ਤਰੀਕੇ ਵਰਤੇ ਜਾ ਰਹੇ ਹਨ, ਪਰ ਅਸਲ ਗੱਲ ਇਹ ਹੈ ਕਿ ਸਰਕਾਰਾਂ ਸਿਰਫ਼ ਤੇ ਸਿਰਫ਼ ਇਸ਼ਤਿਹਾਰਬਾਜ਼ੀ 'ਤੇ ਜ਼ੋਰ ਦੇ ਰਹੀਆਂ ਨੇ, ਇਸ ਤੋਂ ਇਲਾਵਾ ਅਮਲੀ ਤੌਰ 'ਤੇ ਕੁਝ ਨਜ਼ਰ ਨਹੀਂ ਆਉਂਦਾ।

ਦਿਨ-ਬ-ਦਿਨ ਦੇਸ਼ ਵਿੱਚ ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਸ਼ੋਰ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਪ੍ਰਦੂਸ਼ਣ ਕੰਟਰੋਲ ਕਰਨ ਲਈ ਜਿਹੜੀਆਂ ਸੰਸਥਾਵਾਂ ਬਣਾਈਆਂ ਗਈਆਂ ਹਨ, ਉਹ ਸਿਰਫ਼ ਤੇ ਸਿਰਫ਼ ਖਾਨਾਪੂਰਤੀ ਕਰਕੇ ਹੀ ਡੰਗ ਸਾਰ ਰਹੀਆਂ ਨੇ। ਜੇਕਰ ਇਹ ਸੰਸਥਾਵਾਂ ਕਾਰਗਰ ਢੰਗ ਨਾਲ ਆਪਣਾ ਕੰਮ ਕਰਦੀਆਂ ਹੁੰਦੀਆਂ ਤਾਂ ਅੱਜ ਸਥਿਤੀ ਏਨੀ ਬਦਤਰ ਨਾ ਹੁੰਦੀ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦਾ ਪਾਣੀ ਤਾਂ ਵਿਆਪਕ ਪੱਧਰ ਉੱਤੇ ਦੂਸ਼ਿਤ ਹੁੰਦਾ ਜਾ ਰਿਹਾ ਹੈ।

ਇਸ ਕਾਰਨ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਮਨੁੱਖ ਨੂੰ ਖਾ ਰਹੀਆਂ ਹਨ। ਪੰਜਾਬ ਵਿੱਚ ਰੋਜ਼ਾਨਾ ਹੀ ਦਰਜਨਾਂ ਲੋਕ ਅਜਿਹੀਆਂ ਭਿਆਨਕ ਬਿਮਾਰੀਆਂ ਨਾਲ ਮਰਦੇ ਹਨ। ਹਾਲਾਂਕਿ ਇਨ੍ਹਾਂ ਬਿਮਾਰੀਆਂ ਦਾ ਇਲਾਜ ਮੌਜੂਦ ਹੈ, ਪਰ ਇਲਾਜ ਕਰਾਉਣ ਲਈ ਲੋਕ ਆਰਥਿਕ ਪੱਖੋਂ ਸਮਰੱਥ ਨਹੀਂ ਹਨ।

ਖ਼ੈਰ, ਪ੍ਰਦੂਸ਼ਣ ਦਾ ਮਸਲਾ ਬਹੁਤ ਵੱਡਾ ਹੈ। ਪਿਛਲੇ ਦਿਨੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਬਜਟ ਪੇਸ਼ ਕੀਤਾ ਗਿਆ। ਭਾਵੇਂ ਕਿ ਬਜਟ ਵਿੱਚ ਕੋਈ ਬਹੁਤਾ ਵੱਡਾ ਐਲਾਨ ਨਹੀਂ ਹੋਇਆ, ਪਿਛਲੇ ਸਾਲ ਦਾ ਬਜਟ ਹੀ ਦੁਹਰਾਇਆ ਗਿਆ ਅਤੇ ਕਈ ਚੀਜ਼ਾਂ ਤਾਂ ਪਿਛਲੇ ਸਾਲ ਨਾਲੋਂ ਵੀ ਘਟਾ ਦਿੱਤੀਆਂ ਗਈਆਂ ਜਾਂ ਮੰਨ ਕੇ ਚੱਲੋ ਕਿ ਕਟੌਤੀ ਕਰ ਦਿੱਤੀ ਗਈ ਹੈ। ਸਿੱਖਿਆ ਤੇ ਸਿਹਤ ਬਜਟ ਵਿੱਚ ਕੋਈ ਬਹੁਤਾ ਵਾਧਾ ਨਹੀਂ ਹੋਇਆ। ਅੱਜ ਦੇਸ਼ ਵਿੱਚ ਪ੍ਰਦੂਸ਼ਣ ਇੱਕ ਵੱਡੀ ਸਮੱਸਿਆ ਬਣ ਚੁੱਕਾ ਹੈ। ਭਾਵੇਂ ਵਿਰੋਧੀ ਧਿਰਾਂ ਸਰਕਾਰ ਨੂੰ ਪ੍ਰਦੂਸ਼ਣ ਦੇ ਮਸਲੇ 'ਤੇ ਲੋਕ ਸਭਾ ਅਤੇ ਰਾਜ ਸਭਾ ਦੇ ਅੰਦਰ ਅਤੇ ਬਾਹਰ ਦੋਵਾਂ ਥਾਵਾਂ 'ਤੇ ਘੇਰ ਰਹੀਆਂ ਹਨ, ਪਰ ਅਸਲ ਗੱਲ ਇਹ ਹੈ ਕਿ ਵਿਰੋਧੀ ਧਿਰਾਂ ਵੱਲੋਂ ਬਜਟ ਵਿੱਚ ਪ੍ਰਦੂਸ਼ਣ ਕੰਟਰੋਲ 'ਤੇ ਇੱਕ ਸ਼ਬਦ ਤੱਕ ਨਹੀਂ ਬੋਲਿਆ ਗਿਆ। ਜਾਣਕਾਰੀ ਮੁਤਾਬਿਕ, ਇਸ ਵਿੱਤੀ ਸਾਲ ਵਿੱਚ ਪ੍ਰਦੂਸ਼ਣ ਕੰਟਰੋਲ ਕਰਨ ਵਾਸਤੇ 1,091 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਪਿਛਲੇ ਸਾਲ ਨਾਲੋਂ ਕਾਫ਼ੀ ਘੱਟ ਹਨ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਲੰਘੇ ਸਾਲ ਇਹ ਬਜਟ 1,300 ਕਰੋੜ ਰੁਪਏ ਸੀ।

ਇਸ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਸਰਕਾਰ ਪ੍ਰਦੂਸ਼ਣ ਕੰਟਰੋਲ ਕਰਨ ਲਈ ਕਿੰਨੀ ਕੁ ਸੁਹਿਰਦ ਹੈ। ਬੇਸ਼ੱਕ, ਲੋਕ ਵੀ ਪ੍ਰਦੂਸ਼ਣ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਨੇ, ਪਰ ਲੋਕਾਂ ਨੂੰ ਜਾਗਰੂਕ ਕਰਨਾ ਤੇ ਹਿੱਤਧਾਰਕਾਂ ਨਾਲ ਸਹਿਮਤੀ ਬਣਾਉਣਾ ਸਰਕਾਰ ਦਾ ਕੰਮ ਹੈ। ਵਾਤਾਵਰਨ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਥਿਤੀ ਦੇਸ਼ ਵਾਸੀਆਂ ਲਈ 'ਦੋਹਰਾ ਝਟਕਾ' ਹੈ। ਇੱਕ ਪਾਸੇ, ਬਜਟ ਵਿੱਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ, ਸਰਕਾਰੀ ਮਸ਼ੀਨਰੀ ਉਪਲਬਧ ਫੰਡਾਂ ਦੀ ਵਰਤੋਂ ਕਰਨ ਵਿੱਚ ਪੂਰੀ ਤਰ੍ਹਾਂ ਬੇਅਸਰ ਸਾਬਤ ਹੋ ਰਹੀ ਹੈ।

ਮਾਹਿਰਾਂ ਅਨੁਸਾਰ ਇਹ ਬਜਟ ਕਟੌਤੀ ਅਜਿਹੇ ਸਮੇਂ ਆਈ ਹੈ, ਜਦੋਂ ਪ੍ਰਦੂਸ਼ਣ ਨਾਲ ਸਬੰਧਿਤ ਬਿਮਾਰੀਆਂ ਅਤੇ ਮੌਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਪ੍ਰਦੂਸ਼ਣ ਹਾਲ ਹੀ ਵਿੱਚ ਲੋਕਾਂ ਦੇ ਜੀਵਨ ਅਤੇ ਰੋਜ਼ੀ-ਰੋਟੀ ਲਈ ਇੱਕ ਵੱਡੇ ਖ਼ਤਰੇ ਵਜੋਂ ਉੱਭਰਿਆ ਹੈ। ਦੇਸ਼ ਅੰਦਰ ਲਗਾਤਾਰ ਵਧ ਰਹੇ ਪ੍ਰਦੂਸ਼ਣ ਕਾਰਨ ਜਿੱਥੇ ਕਈ ਥਾਵਾਂ 'ਤੇ ਕੰਮਕਾਜੀ ਥਾਵਾਂ ਨੂੰ ਬੰਦ ਕਰਨ ਦੀ ਨੌਬਤ ਆ ਚੁੱਕੀ ਹੈ, ਉੱਥੇ ਹੀ ਦੂਜੇ ਪਾਸੇ ਵਿੱਦਿਅਕ ਅਦਾਰੇ ਵੀ ਬੰਦ ਰਹੇ ਹਨ।

ਹਵਾ ਵਿੱਚ ਮੌਜੂਦ ਜ਼ਹਿਰੀਲੇ ਤੱਤ ਹੌਲੀ-ਹੌਲੀ ਨਾ ਸਿਰਫ਼ ਫੇਫੜਿਆਂ ਅਤੇ ਦਿਲ ਨੂੰ, ਸਗੋਂ ਦਿਮਾਗ਼ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਨ। ਸਵੀਡਨ ਦੇ ਕੈਰੋਲਿੰਸਕਾ ਇੰਸਟੀਚਿਊਟ ਦੇ ਵਿਗਿਆਨੀਆਂ ਦੁਆਰਾ ਕੀਤੇ ਗਏ ਇੱਕ ਨਵੇਂ ਅਧਿਐਨ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਪ੍ਰਦੂਸ਼ਿਤ ਹਵਾ ਦੇ ਲੰਮੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਦਿਮਾਗ਼ ਅਤੇ ਨਸਾਂ ਨਾਲ ਸਬੰਧਿਤ ਗੰਭੀਰ ਬਿਮਾਰੀਆਂ ਦਾ ਖ਼ਤਰਾ ਵਧ ਸਕਦਾ ਹੈ। ਇਸ ਅਧਿਐਨ ਦੇ ਨਤੀਜੇ ਵੱਕਾਰੀ ਮੈਡੀਕਲ ਜਰਨਲ 'ਜਾਮਾ ਨਿਊਰੋਲੋਜੀ' ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਆਪਣੇ ਅਧਿਐਨ ਵਿੱਚ ਖੋਜਕਰਤਾਵਾਂ ਨੇ ਹਵਾ ਪ੍ਰਦੂਸ਼ਣ ਅਤੇ ਐਮੀਓਟ੍ਰੌਫਿਕ ਲੈਟਰਲ ਸਕਲੇਰੋਸਿਸ ਵਰਗੀਆਂ ਬਿਮਾਰੀਆਂ ਵਿਚਾਲੇ ਇੱਕ ਖ਼ਤਰਨਾਕ ਸਬੰਧ ਦਾ ਪਤਾ ਲਾਇਆ ਹੈ।

ਜ਼ਿਕਰਯੋਗ ਹੈ ਕਿ ਐਮੀਓਟ੍ਰੌਫਿਕ ਲੈਟਰਲ ਸਕਲੇਰੋਸਿਸ ਮੋਟਰ ਨਿਊਰੋਨ ਬਿਮਾਰੀ ਦਾ ਸਭ ਤੋਂ ਭਿਆਨਕ ਰੂਪ ਹੈ, ਜੋ ਕਿ ਲਗਭਗ 85 ਤੋਂ 90 ਪ੍ਰਤੀਸ਼ਤ ਮਾਮਲਿਆਂ ਵਿੱਚ ਹੁੰਦਾ ਹੈ। ਹਵਾ ਪ੍ਰਦੂਸ਼ਣ ਦੇ ਨਾਲ ਫੈਲਣ ਵਾਲੀ ਇਸ ਬਿਮਾਰੀ ਕਾਰਨ ਮਾਸਪੇਸ਼ੀਆਂ ਸੁੰਗੜਨ ਲੱਗਦੀਆਂ ਹਨ, ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਇਹ ਅਧਰੰਗ ਦਾ ਕਾਰਨ ਵੀ ਬਣ ਸਕਦੀ ਹੈ।

ਹਵਾ ਪ੍ਰਦੂਸ਼ਣ ਕਾਰਨ ਫੈਲਦੀਆਂ ਬਿਮਾਰੀਆਂ ਵੱਲ ਧਿਆਨ ਦੇਣ ਦੀ ਬਜਾਏ ਕਿਸਾਨਾਂ ਨੂੰ ਭੰਡਿਆ ਜਾਂਦਾ ਹੈ। ਰਾਜਨੀਤਕ ਧਿਰਾਂ ਪਰਾਲੀ ਦੀ ਰਹਿੰਦ-ਖੂੰਹਦ ਉੱਤੇ ਸਿਆਸਤ ਕਰਦੀਆਂ ਹਨ। ਜਦੋਂਕਿ ਸਰਕਾਰ ਦੀ ਇਹ ਤਰਜੀਹ ਹੋਣੀ ਚਾਹੀਦੀ ਹੈ ਕਿ ਪ੍ਰਦੂਸ਼ਣ ਦੇ ਮੁੱਖ ਸਰੋਤਾਂ ਨੂੰ ਕੰਟਰੋਲ ਕਰਨ ਲਈ ਬਜਟ ਵਿੱਚ ਢੁੱਕਵਾਂ ਪ੍ਰਬੰਧ ਕਰੇ ਤਾਂ ਜੋ ਇਸ ਨਾਲ ਹੁੰਦਾ ਨੁਕਸਾਨ ਰੋਕਿਆ ਜਾ ਸਕੇ।

# 10 ਗੈਰ-ਕਾਨੂੰਨੀ ਇਮੀਗ੍ਰੇਸ਼ਨ ਸੈਂਟਰਾਂ 'ਤੇ ਛਾਪੇਮਾਰੀ; ਭਾਰੀ ਮਾਤਰਾ 'ਚ ਪਾਸਪੋਰਟ ਤੇ ਦਸਤਾਵੇਜ਼ ਬਰਾਮਦ

**ਖੰਨਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਵੱਲੋਂ ਜਾਰੀ ਆਪ੍ਰੇਸ਼ਨ ਪ੍ਰਹਾਰ-2 ਦੌਰਾਨ ਮਿਲੇ ਅਹਿਮ ਇਨਪੁੱਟ ਮਗਰੋਂ ਖੰਨਾ ਪੁਲਿਸ ਨੇ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਧੰਦੇ ਖ਼ਿਲਾਫ਼ ਵੱਡੀ ਤੇ ਸਖ਼ਤ ਕਾਰਵਾਈ ਕਰਦਿਆਂ 10 ਗੈਰਕਾਨੂੰਨੀ ਇਮੀਗ੍ਰੇਸ਼ਨ ਸੈਂਟਰਾਂ 'ਤੇ ਇਕਸਾਰ ਛਾਪੇਮਾਰੀ ਕੀਤੀ। ਇਹ ਪੂਰੀ ਕਾਰਵਾਈ ਐਸ.ਐਸ.ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਦੇ ਸਪੱਸ਼ਟ ਹੁਕਮਾਂ ਅਤੇ ਮਜ਼ਬੂਤ ਅਗਵਾਈ ਹੇਠ ਅੰਜਾਮ ਦਿੱਤੀ ਗਈ। ਇਸ ਵੱਡੀ ਕਾਰਵਾਈ ਨਾਲ ਗੈਰਕਾਨੂੰਨੀ ਤਰੀਕਿਆਂ ਨਾਲ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲੇ ਗਿਰੋਹਾਂ ਵਿੱਚ ਹੜਕੰਪ ਮਚ ਗਿਆ ਹੈ।

ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 10 ਪੁਲਿਸ ਟੀਮਾਂ ਦਾ ਗਠਨ ਕਰਕੇ ਖੰਨਾ ਦੇ ਪ੍ਰਸਿੱਧ ਐਜੂਕੇਸ਼ਨ ਹੱਬ ਜੀ.ਟੀ.ਬੀ ਮਾਰਕੀਟ ਵਿੱਚ ਇਕਸਾਰ ਕਈ ਇਮੀਗ੍ਰੇਸ਼ਨ ਸੈਂਟਰਾਂ 'ਤੇ ਛਾਪੇ ਮਾਰੇ ਗਏ।

ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਖੰਨਾ ਪੁਲਿਸ ਨੇ ਆਪ੍ਰੇਸ਼ਨ ਪ੍ਰਹਾਰ-2 ਦੌਰਾਨ ਅਹਿਮ ਇਨਪੁੱਟ ਮਿਲੀ ਸੀ ਜਿਸ ਮਗਰੋਂ ਇਹ ਮੁਹਿੰਮ ਛੇੜੀ ਗਈ। ਸ਼ੁਰੂਆਤੀ ਜਾਂਚ ਦੌਰਾਨ 10 ਇਮੀਗ੍ਰੇਸ਼ਨ ਸੈਂਟਰਾਂ ਨੂੰ ਪੂਰੀ ਤਰ੍ਹਾਂ ਗੈਰਕਾਨੂੰਨੀ ਪਾਇਆ ਗਿਆ ਹੈ, ਜਿਨ੍ਹਾਂ ਖ਼ਿਲਾਫ਼ ਮਾਮਲੇ ਦਰਜ ਕਰ ਲਏ ਗਏ ਹਨ। ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਗੁਪਤ ਜਾਣਕਾਰੀ ਮਿਲੀ ਸੀ ਕਿ ਕੁੱਝ ਇਮੀਗ੍ਰੇਸ਼ਨ ਸੈਂਟਰ ਚਲਾਉਣ ਵਾਲੇ ਗੈਂਗਸਟਰਾਂ ਅਤੇ ਅਪਰਾਧੀ ਤੱਤਾਂ ਨਾਲ ਮਿਲੀਭਗਤ ਕਰਕੇ ਨਕਲੀ ਪਾਸਪੋਰਟ ਤਿਆਰ ਕਰਵਾਉਂਦੇ ਹਨ ਅਤੇ ਨੌਜਵਾਨਾਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਵਿਦੇਸ਼ ਭੇਜਣ ਵਿੱਚ ਮਦਦ ਕਰਦੇ ਹਨ। ਇਸ ਗੰਭੀਰ ਸੂਚਨਾ ਦੇ ਆਧਾਰ 'ਤੇ ਹੀ ਇਹ ਵਿਸ਼ਾਲ ਮੁਹਿੰਮ ਚਲਾਈ ਗਈ।

ਰੇਡ ਦੌਰਾਨ ਪੁਲਿਸ ਨੂੰ ਹੈਰਾਨ ਕਰਨ ਵਾਲੀ ਮਾਤਰਾ ਵਿੱਚ ਸ਼ੱਕੀ ਸਮਾਨ ਬਰਾਮਦ ਹੋਇਆ। ਪੁਲਿਸ ਨੇ ਮੌਕੇ ਤੋਂ 30 ਪਾਸਪੋਰਟ, 34 ਕੰਪਿਊਟਰ, ਲੈਪਟਾਪ ਅਤੇ ਟੈਬ, 15 ਏ.ਟੀ.ਐਮ ਕਾਰਡ ਅਤੇ 175 ਚੈਕ ਬੁੱਕਾਂ ਕਬਜ਼ੇ ਵਿੱਚ ਲਈਆਂ, ਜਿਨ੍ਹਾਂ ਵਿੱਚੋਂ ਕਈ ਚੈਕ ਬੁੱਕਾਂ ਪਹਿਲਾਂ ਤੋਂ ਸਾਈਨ ਕੀਤੀਆਂ ਹੋਈਆਂ ਸਨ। ਇਹ ਸਾਰਾ ਸਮਾਨ ਗੈਰਕਾਨੂੰਨੀ ਲੈਣ-ਦੇਣ ਅਤੇ ਵਿੱਤੀ ਧੋਖਾਧੜੀ ਵੱਲ ਸਪਸ਼ਟ ਇਸ਼ਾਰਾ ਕਰਦਾ ਹੈ। ਇਸ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਅਹਿਮ ਦਸਤਾਵੇਜ਼ ਅਤੇ ਡਿਜੀਟਲ ਡਾਟਾ ਵੀ ਬਰਾਮਦ ਕੀਤਾ ਗਿਆ ਹੈ, ਜਿਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

ਇਸ ਮੁਹਿੰਮ ਦੌਰਾਨ ਕਈ ਅਜਿਹੇ ਪੀੜਤ ਵੀ ਸਾਹਮਣੇ ਆਏ, ਜੋ ਇਨ੍ਹਾਂ ਫਰਜ਼ੀ ਇਮੀਗ੍ਰੇਸ਼ਨ ਸੈਂਟਰਾਂ ਦੇ ਝਾਂਸੇ ਵਿੱਚ ਆ ਕੇ ਆਪਣੀ ਜ਼ਿੰਦਗੀ ਦੀ ਕਮਾਈ ਗੁਆ ਬੈਠੇ ਹਨ। ਪੁਲਿਸ ਵੱਲੋਂ ਉਨ੍ਹਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਪੂਰਾ ਕਾਨੂੰਨੀ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ਗਿਆ ਹੈ। ਸ਼ੁਰੂਆਤੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਕੁਝ ਇਮੀਗ੍ਰੇਸ਼ਨ ਸੈਂਟਰ ਚਲਾਉਣ ਵਾਲਿਆਂ ਖ਼ਿਲਾਫ਼ ਪਹਿਲਾਂ ਹੀ ਖੰਨਾ, ਨਵਾਂ ਸ਼ਹਿਰ ਅਤੇ ਨਵੀਂ ਦਿੱਲੀ ਵਿੱਚ ਕੇਸ ਦਰਜ ਹਨ।

ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਸਪਸ਼ਟ ਕੀਤਾ ਕਿ ਵਿਦੇਸ਼ ਭੇਜਣ ਦੇ ਨਾਂਅ ਉਪਰ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਿਸ ਜ਼ਿਲ੍ਹਾ ਖੰਨਾ ਨੂੰ ਅਪਰਾਧ ਮੁਕਤ ਬਣਾਉਣ ਅਤੇ ਗੈਰਕਾਨੂੰਨੀ ਸਰਗਰਮੀਆਂ 'ਤੇ ਪੂਰੀ ਤਰ੍ਹਾਂ ਨੱਥ ਪਾਉਣ ਲਈ ਪੁਲਿਸ ਦ੍ਰਿੜ ਨਿਸ਼ਚੇ ਨਾਲ ਕੰਮ ਕਰ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਵੀ ਅਜਿਹੀਆਂ ਸਖ਼ਤ ਮੁਹਿੰਮਾਂ ਜਾਰੀ ਰਹਿਣਗੀਆਂ।

# 'ਸੀ.ਐਮ. ਦੀ ਯੋਗਸ਼ਾਲਾ' ਮੁਹਿੰਮ ਤਹਿਤ ਜ਼ਿਲ੍ਹੇ 'ਚ ਲਗਾਈਆਂ ਜਾ ਰਹੀਆਂ ਹਨ 349 ਯੋਗਾ ਕਲਾਸਾਂ : ਡਿਪਟੀ ਕਮਿਸ਼ਨਰ ਆਸ਼ਿਕਾ ਜੈਨ




**ਹੁਸ਼ਿਆਰਪੁਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 'ਸੀ.ਐਮ. ਦੀ ਯੋਗਸ਼ਾਲਾ' ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿਚ ਮੁਫ਼ਤ ਯੋਗਾ ਕਲਾਸਾਂ ਸਫਲਤਾਪੂਰਵਕ ਲਗਾਈਆਂ ਜਾ ਰਹੀਆਂ ਹਨ। ਇਸ ਮੁਹਿੰਮ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਯੋਗ ਰਾਹੀਂ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ।

ਉਨ੍ਹਾਂ ਕਿਹਾ ਕਿ ਇਸ ਵੇਲੇ ਜ਼ਿਲ੍ਹੇ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕੁੱਲ 349 ਯੋਗਾ ਕਲਾਸਾਂ ਨਿਯਮਿਤ ਤੌਰ 'ਤੇ ਸਵੇਰੇ ਅਤੇ ਸ਼ਾਮ ਨੂੰ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ਕਲਾਸਾਂ ਵਿਚ ਵੱਡੀ ਗਿਣਤੀ ਵਿੱਚ ਲੋਕ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ ਅਤੇ ਸਰੀਰਕ ਤੇ ਮਾਨਸਿਕ ਸਿਹਤ ਦੇ ਲਾਭ ਪ੍ਰਾਪਤ ਕਰ ਰਹੇ ਹਨ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਯੋਗਾ ਨਾ ਸਿਰਫ ਸਰੀਰ ਨੂੰ ਸਿਹਤਮੰਦ ਰੱਖਣ ਵਿਚ ਸਹਾਈ ਹੈ, ਬਲਕਿ ਮਾਨਸਿਕ ਤਣਾਅ ਨੂੰ ਦੂਰ ਕਰਨ ਅਤੇ ਜੀਵਨਸ਼ੈਲੀ ਸਬੰਧੀ ਬੀਮਾਰੀਆਂ ਤੋਂ ਬਚਾਅ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਿਯਮਿਤ ਤੌਰ 'ਤੇ ਯੋਗ ਅਭਿਆਸ ਅਪਣਾਉਣ ਅਤੇ ਸਿਹਤਮੰਦ ਜੀਵਨ ਵੱਲ ਵਧਣ।

ਮੁਹਿੰਮ ਦੇ ਸੁਚਾਰੂ ਅਤੇ ਪ੍ਰਭਾਵਸ਼ਾਲੀ ਸੰਚਾਲਨ ਲਈ ਜ਼ਿਲ੍ਹਾ ਕੋਆਰਡੀਨੇਟਰ ਕਿਰਨ ਬਾਲਾ ਵੱਲੋਂ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਖੇਤਰਾਂ ਵਿੱਚ ਨਵੀਆਂ ਯੋਗਾ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ ਉੱਥੇ ਢੁਕਵੀਂ ਜਗ੍ਹਾ ਉਪਲਬਧ ਹੋਵੇ ਅਤੇ ਘੱਟੋ-ਘੱਟ 25 ਲੋਕਾਂ ਦਾ ਸਮੂਹ ਤਿਆਰ ਹੋਣਾ ਜ਼ਰੂਰੀ ਹੈ॥

ਉਨ੍ਹਾਂ ਦੱਸਿਆ ਕਿ ਯੋਗਾ ਕਲਾਸਾਂ ਦਾ ਲਾਭ ਲੈਣ ਦੇ ਚਾਹਵਾਨ ਵਿਅਕਤੀ ਟੋਲ ਫਰੀ ਨੰਬਰ 7669400500 / 7888840161 'ਤੇ ਸੰਪਰਕ ਕਰ ਸਕਦੇ ਹਨ ਜਾਂ ਆਨਲਾਈਨ ਰਜਿਸਟ੍ਰੇਸ਼ਨ ਦੇ ਸਬੰਧਤ ਪੋਰਟਲ 'ਤੇ ਲੌਗਇਨ ਕਰ ਸਕਦੇ ਹਨ।

# ਵਿਧਾਇਕ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਅੰਦਰ ਵਿਕਾਸ ਕਾਰਜ ਜਾਰੀ



**ਬਟਾਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਅੰਦਰ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਬਣਾਉਣ ਦੇ ਨੀਂਹ ਪੱਥਰ ਰੱਖੇ ਗਏ ਹਨ। ਇਨ੍ਹਾਂ ਗਲੀਆਂ ਦੇ ਬਣਨ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਇਸ ਮੌਕੇ ਵਾਰਡ ਨੰਬਰ 3 ਅਤੇ ਮੁਰਗੀ ਮੁਹੱਲਾ ਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਥੋਂ ਦੇ ਵਾਸੀਆਂ ਨੂੰ ਗਲੀ ਨਾ ਬਣਨ ਕਰਕੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਹੁਣ ਲੋਕਾਂ ਦੀ ਮੁਸ਼ਕਿਲ ਹੱਲ ਕਰਦਿਆਂ ਗਲੀ ਦਾ ਨਿਰਮਾਣ ਕੰਮ ਸ਼ੁਰੂ ਕਰਵਾਇਆ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਮੇਰੀ ਹਮੇਸ਼ਾਂ ਕੋਸ਼ਿਸ਼ ਹੁੰਦੀ ਹੈ ਕਿ ਹਲਕਾ ਵਾਸੀਆਂ ਦੀ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ, ਜਿਸ ਤਹਿਤ ਉਹ 24 ਘੰਟੇ ਲੋਕਾਂ ਦੇ ਸੰਪਰਕ ਵਿੱਚ ਰਹਿ ਕੇ ਉਨਾਂ ਦੀਆਂ ਸਮੱਸਿਆਵਾਂ ਦੂਰ ਕਰ ਰਹੇ ਹਨ।

ਬਟਾਲਾ ਸ਼ਹਿਰ ਅੰਦਰ ਲੋਕਹਿੱਤ ਵਿੱਚ ਕਰਵਾਏ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਸ਼ੈਰੀ ਕਲਸੀ ਨੇ ਦੱਸਿਆ ਕਿ ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੋੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਬਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਸ਼ਹਿਰ ਵਿੱਚ ਖੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਂਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ।

# 'ਸਾਡੇ ਬਜ਼ੁਰਗ-ਸਾਡਾ ਮਾਣ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ



**ਹੁਸ਼ਿਆਰਪੁਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਸਾਡੇ ਬਜ਼ੁਰਗ-ਸਾਡਾ ਮਾਣ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਡਾ. ਅੰਬੇਡਕਰ ਭਵਨ, ਰਾਮ ਕਲੋਨੀ, ਕੈਂਪ ਵਿਚ ਇਕ ਜ਼ਿਲ੍ਹਾ ਪੱਧਰੀ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਬਜ਼ੁਰਗ ਨਾਗਰਿਕਾਂ ਦੀ ਭਲਾਈ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਇਸ ਦੌਰਾਨ ਉਨ੍ਹਾਂ ਨਾਲ ਪੀ.ਸੀ.ਐਸ. (ਅੰਡਰ ਟ੍ਰੇਨਿੰਗ) ਗੁਰਪ੍ਰੀਤ ਕੌਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਰੇਸ਼ ਕੁਮਾਰ, ਸਿਵਲ ਸਰਜਨ ਡਾ. ਬਲਵਿੰਦਰ ਕੁਮਾਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਇਸ ਮੌਕੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਸਮਾਜ ਦੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਦੀ ਦੇਖ-ਭਾਲ ਕਰਨਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗ ਨਾਗਰਿਕਾਂ ਨੂੰ ਬਿਹਤਰ ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਸਨਮਾਨਜਨਕ ਜੀਵਨ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਅਜਿਹੇ ਕੈਂਪ ਬਜ਼ੁਰਗਾਂ ਨੂੰ ਇੱਕੋ ਥਾਂ 'ਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਿੱਚ ਮਦਦਗਾਰ ਸਾਬਤ ਹੁੰਦੇ ਹਨ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਏ ਗਏ ਇਸ ਕੈਂਪ ਵਿੱਚ ਸੀਨੀਅਰ ਨਾਗਰਿਕਾਂ ਲਈ ਵੱਖ-ਵੱਖ ਮੈਡੀਕਲ ਕੈਂਪ ਲਗਾਏ ਗਏ। ਮਾਹਿਰ ਡਾਕਟਰਾਂ ਦੀ ਟੀਮ ਵੱਲੋਂ 67 ਬਜ਼ੁਰਗਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦਾਂ ਨੂੰ ਮੁਫ਼ਤ ਐਨਕਾਂ ਵੰਡੀਆਂ ਗਈਆਂ। ਇਸ ਤੋਂ ਇਲਾਵਾ 40 ਬਜ਼ੁਰਗਾਂ ਦੇ ਨੱਕ, ਕੰਨ ਅਤੇ ਗਲੇ ਦੀ ਜਾਂਚ ਕੀਤੀ ਗਈ। 431 ਬਜ਼ੁਰਗ ਨਾਗਰਿਕਾਂ ਦੀ ਆਮ ਸਿਹਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫਤ ਆਯੁਰਵੈਦਿਕ, ਹੋਮਿਓਪੈਥਿਕ ਅਤੇ ਆਮ ਦਵਾਈਆਂ ਦਿੱਤੀਆਂ ਗਈਆਂ।

ਇਸ ਦੇ ਨਾਲ ਹੀ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਬਜ਼ੁਰਗਾਂ ਲਈ ਬੁਢਾਪਾ ਪੈਨਸ਼ਨ ਅਤੇ ਸੀਨੀਅਰ ਸਿਟੀਜ਼ਨ ਕਾਰਡ ਨਾਲ ਸਬੰਧਤ ਵਿਸ਼ੇਸ਼ ਕਾਊਂਟਰ ਵੀ ਸਥਾਪਤ ਕੀਤੇ ਗਏ ਸਨ। ਇਸ ਸਮੇਂ ਦੌਰਾਨ 12 ਬਜ਼ੁਰਗ ਨਾਗਰਿਕਾਂ ਲਈ ਬੁਢਾਪਾ ਪੈਨਸ਼ਨ ਅਤੇ ਸੀਨੀਅਰ ਸਿਟੀਜ਼ਨ ਕਾਰਡ ਲਈ ਅਰਜ਼ੀਆਂ ਦਿੱਤੀਆਂ ਗਈਆਂ।

ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਾਰੇ ਵਿਭਾਗਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਯਤਨ ਬਜ਼ੁਰਗਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਵੰਦਨਾ ਦੇਵੀ ਤੇ ਰਾਮ ਮੂਰਤੀ ਧਾਮੀ ਨੇ ਸਾਂਝੀ ਰਸੋਈ 'ਚ ਪਾਇਆ 5100 ਰੁਪਏ ਦਾ ਯੋਗਦਾਨ



**ਹੁਸ਼ਿਆਰਪੁਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ, ਜਿਸ ਦਾ ਰੋਜ਼ਾਨਾ 450 ਤੋਂ 500 ਗ਼ਰੀਬ ਅਤੇ ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਵੰਦਨਾ ਦੇਵੀ ਅਤੇ ਰਾਮ ਮੂਰਤੀ ਧਾਮੀ ਦੁਆਰਾ ਆਪਣੇ ਪੁੱਤਰ ਲੇਟ ਦਲੀਪ ਕੁਮਾਰ ਧਾਮੀ ਦੀ ਯਾਦ ਵਿੱਚ 5,100 ਰੁਪਏ ਦੀ ਰਾਸ਼ੀ ਸਾਂਝੀ ਰਸੋਈ ਵਿਖੇ ਦਿੱਤੀ ਗਈ ਹੈ। ਇਸ ਮੌਕੇ ਰੈੱਡ ਕਰਾਸ ਲੇਖਾਕਾਰ ਸਰਬਜੀਤ ਮੌਜੂਦ ਸਨ। ਇਸ ਮੌਕੇ 'ਤੇ ਮੰਗੇਸ਼ ਸੂਦ ਨੇ ਇਹ ਵੀ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਵੱਲੋਂ ਜਿੱਥੇ ਬੁੱਕ-ਏ-ਡੇਅ ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ/ਸ਼ਾਦੀ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ ਵਿਖੇ ਮਨਾਉਣ ਸਬੰਧੀ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ਼-ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਹੈ।

# ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਪਾਰਕ ਵਾਹਨਾਂ ਵਿਰੁੱਧ ਕੀਤੀ ਸਖ਼ਤ ਕਾਰਵਾਈ

**ਹੁਸ਼ਿਆਰਪੁਰ, 16 ਫਰਵਰੀ/-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੇ ਹੁਕਮਾਂ ਤਹਿਤ ਆਰ.ਟੀ.ਓ. ਅਮਨਦੀਪ ਕੌਰ ਵੱਲੋਂ ਜ਼ਿਲ੍ਹੇ ਵਿਚ ਰਾਤ ਦੇ ਸਮੇਂ ਵਿਸ਼ੇਸ਼ ਜਾਚ ਮੁਹਿੰਮ ਚਲਾਈ ਗਈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਸੜਕਾਂ 'ਤੇ ਚੱਲ ਰਹੇ ਵਪਾਰਕ ਵਾਹਨਾਂ ਦੀ ਜਾਂਚ ਕਰਕੇ ਟ੍ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣਾ ਅਤੇ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ।ਉਨ੍ਹਾਂ ਦੱਸਿਆ ਕਿ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਵੀ ਇਸ ਸਬੰਧੀ ਨਿਰਦੇਸ਼ ਦਿੱਤੇ ਗਏ ਸਨ।ਆਰ.ਟੀ.ਓ ਨੇ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਤਹਿਤ ਸਾਂਝੀਆਂ ਟੀਮਾਂ ਨੇ ਵੱਖ-ਵੱਖ ਪ੍ਰਮੁੱਖ ਰੂਟਾਂ, ਚੌਂਕ- ਚੌਰਾਇਆਂ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਨਾਕਾਬੰਦੀ ਕਰਕੇ ਵਾਹਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ।

# ਬਕਾਇਆ ਵੈਟ-ਸੀਐਸਟੀ ਦੀ ਵਸੂਲੀ ਲਈ ਵਿਭਾਗ ਦੀ ਸਖ਼ਤ ਕਾਰਵਾਈ, ਕੁਰਕ ਜਾਇਦਾਦ ਦੀ ਨਿਲਾਮੀ 16 ਫਰਵਰੀ ਨੂੰ

**ਹੁਸ਼ਿਆਰਪੁਰ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਕਮਿਸ਼ਨਰ ਸਟੇਟ ਟੈਕਸ, ਹੁਸ਼ਿਆਰਪੁਰ ਪਰਮਜੀਤ ਸਿੰਘ ਨੇ ਦੱਸਿਆ ਕਿ ਬਕਾਇਆ ਟੈਕਸਾਂ ਦੀ ਵਸੂਲੀ ਲਈ ਰਾਜ ਕਰ ਵਿਭਾਗ ਵੱਲੋਂ ਸਖ਼ਤ ਅਤੇ ਨਿਰੰਤਰ ਕਾਰਵਾਈ ਕੀਤੀ ਜਾ ਰਹੀ ਹੈ, ਜੋ ਕਿ ਭਵਿੱਖ ਵਿੱਚ ਵੀ ਪੂਰੀ ਸਖ਼ਤੀ ਨਾਲ ਜਾਰੀ ਰਹੇਗੀ। ਇਸੇ ਲੜੀ ਵਿਚ ਰੇਕਮ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ, ਪਿੰਡ ਬੱਸੀ ਕਾਲੇ ਖਾਂ, ਡਾਕਖਾਨਾ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ (ਟੀਆਈਅਨ 03481070863) ਤੋਂ ਪੈਂਡਿੰਗ ਪਏ ਵੈਟ/ਸੀ.ਐਸ.ਟੀ. ਦੇ 7 ਕਰੋੜ 85 ਲੱਖ 4 ਹਜ਼ਾਰ 313 ਰੁਪਏ ਦੀ ਬਕਾਇਆ ਰਾਸ਼ੀ ਵਸੂਲੀ ਲਈ ਪੰਜਾਬ ਲੈਂਡ ਰੈਵਿਨੀਊ ਐਕਟ ਅਧੀਨ ਕੁਰਕ ਕੀਤੀ ਗਈ ਜਾਇਦਾਦ ਦੀ ਨਿਲਾਮੀ 16 ਫਰਵਰੀ 2026 ਨੂੰ ਸਵੇਰੇ 11 ਵਜੇ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਹ ਨਿਲਾਮੀ ਮੈਸਰਜ਼ ਰੇਚਮ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ, ਪਿੰਡ ਬਸੀ ਕਾਲੇ ਖਾਂ, ਹੁਸ਼ਿਆਰਪੁਰ ਦੇ ਕੰਪਲੈਕਸ ਵਿੱਚ ਕੀਤੀ ਜਾਵੇਗੀ। ਨਿਲਾਮੀ ਵਿੱਚ ਹਿੱਸਾ ਲੈਣ ਦੇ ਇੱਛੁਕ ਖਰੀਦਦਾਰ ਆਪਣੇ ਪਛਾਣ ਪੱਤਰਾਂ ਨਾਲ ਨਿਰਧਾਰਤ ਸਮੇਂ 'ਤੇ ਮੌਕੇ 'ਤੇ ਹਾਜ਼ਰ ਹੋ ਸਕਦੇ ਹਨ।

ਸਹਾਇਕ ਕਮਿਸ਼ਨਰ ਰਾਜ ਕਰ ਨੇ ਸਪੱਸ਼ਟ ਕੀਤਾ ਕਿ ਜਾਇਦਾਦ 'ਜਿਥੇ ਹੈ, ਜਿਵੇਂ ਹੈ' ਦੀ ਸਥਿਤੀ ਦੇ ਆਧਾਰ 'ਤੇ ਨਿਲਾਮ ਕੀਤੀ ਜਾਵੇਗੀ। ਨਿਲਾਮੀ ਦੀ ਪੂਰੀ ਪ੍ਰਕ੍ਰਿਆ ਉਪ ਕਮਿਸ਼ਨਰ ਰਾਜ ਕਰ, ਜਲੰਧਰ ਮੰਡਲ ਦਰਵੀਰ ਰਾਜ ਅਤੇ ਸਹਾਇਕ ਕਮਿਸ਼ਨਰ ਰਾਜ ਕਰ, ਹੁਸ਼ਿਆਰਪਰ ਦੀ ਦੇਖ-ਰੇਖ ਵਿਚ ਪੂਰੀ ਪਾਰਦਰਸ਼ਤਾ ਨਾਲ ਨੇਪਰੇ ਚਾੜ੍ਹੀ ਜਾਵੇਗੀ।

# ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਧਰਮ ਪ੍ਰਚਾਰ ਕਮੇਟੀ ਦੀ ਅਹਿਮ ਇਕੱਤਰਤਾ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਦੀ ਯੋਗ ਅਗਵਾਈ 'ਚ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਵੱਡਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਅੱਜ ਧਰਮ ਪ੍ਰਚਾਰ ਕਮੇਟੀ ਦੀ ਅਹਿਮ ਇਕੱਤਰਤਾ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਦੀ ਯੋਗ ਅਗਵਾਈ ਵਿਚ ਕੀਤੀ ਗਈ। ਇਕੱਤਰਤਾ ਦੌਰਾਨ ਮੀਤ ਸਕੱਤਰ ਸੁਖਬੀਰ ਸਿੰਘ, ਇੰਚਾਰਜ ਭੋਲਾ ਸਿੰਘ ਸਬ ਆਫਿਸ ਧਰਮ ਪ੍ਰਚਾਰ ਕਮੇਟੀ ਤਲਵੰਡੀ ਸਾਬੋ, ਜਗਜੀਤ ਸਿੰਘ ਇੰਚਾਰਜ ਮਾਲਵਾ ਜ਼ੋਨ, ਸ੍ਰੀ ਸਹਿਜ ਪਾਠ ਸੇਵਾ ਸੁਸਾਇਟੀ ਦੇ ਸੰਚਾਲਕ ਸਤਨਾਮ ਸਿੰਘ ਸਲੋਪੁਰੀ, ਪ੍ਰਚਾਰਕ ਸਰਬਜੀਤ ਸਿੰਘ ਢੋਟੀਆਂ, ਮੈਨੇਜਰ ਭਾਗ ਸਿੰਘ ਆਦਿ ਨੇ ਸ਼ਿਰਕਤ ਕੀਤੀ ਗਈ। ਇਸ ਦੌਰਾਨ ਦੀਰਘ ਵਿਚਾਰਾਂ ਉਪਰੰਤ ਫੈਸਲਾ ਕੀਤਾ ਗਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਸਹਿਜ ਪਾਠ ਸੇਵਾ ਸੁਸਾਇਟੀ ਨਾਲ ਸਹਿਯੋਗ ਕਰਕੇ ਜਿਥੇ ਸੰਗਤਾ ਨੂੰ ਸਹਿਜ ਪਾਠ ਦ੍ਰਿੜ ਕਰਵਾਏਗੀ, ਉਥੇ ਹੀ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਵੀ ਪ੍ਰਚੰਡ ਰੂਪ ਵਿਚ ਚਲਾਇਆ ਜਾਵੇਗਾ। ਇਸ ਦੌਰਾਨ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਲਹਿਰ ਨੂੰ ਜਿਥੇ ਸ਼ਤਾਬਦੀਆਂ ਅਤੇ ਨਿਰੰਤਰ ਚੱਲਦੇ ਧਾਰਮਕ ਸਮਾਗਮਾਂ, ਸੈਮੀਨਾਰਾਂ ਵਿਚ ਪ੍ਰਚੰਡ ਕਰ ਰਹੀ ਹੈ, ਉਥੇ ਹੀ ਇਸ ਲਹਿਰ ਨੂੰ ਪਿੰਡ ਪੱਧਰ ਤੱਕ ਵੀ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਲਹਿਰ ਦੌਰਾਨ ਸ੍ਰੀ ਸਹਿਜ ਪਾਠ ਸੇਵਾ ਸੁਸਾਇਟੀ ਦਾ ਅਹਿਮ ਸਹਿਯੋਗ ਲਿਆ ਜਾਵੇਗਾ, ਜੋ ਪਹਿਲਾਂ ਹੀ ਇਸ ਕਾਰਜ ਵਿਚ ਜੁਟੇ ਹੋਏ ਹਨ। ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਅੱਜ ਦੀ ਇਕੱਤਰਤਾ ਵਿਚ ਫੈਸਲਾ ਕੀਤਾ ਗਿਆ ਜਿਥੇ ਧਾਰਮਕ ਸਮਾਗਮ ਕਰਵਾਏ ਜਾਣਗੇ, ਉਨ੍ਹਾਂ ਧਾਰਮਕ ਅਸਥਾਨਾਂ ਦੀ ਚੋਣ ਕੀਤੀ ਗਈ, ਜਿਸ ਵਿਚ ਗੁਰਦੁਆਰਾ ਬਹਿਰ ਸਾਹਿਬ ਪਾਤਸ਼ਾਹੀ ਨੌਵੀਂ, ਗੁਰਦੁਆਰਾ ਮਿਲਾਪਸਰ ਸਾਹਿਬ ਘੜਾਮ, ਗੁਰਦੁਆਰਾ ਸਿੰਘ ਸਭਾ ਭਾਖਰ, ਗੁਰਦੁਆਰਾ ਸਿੰਘ ਸਭਾ ਘੱਗਾ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਹਿਬ ਵਿਖੇ ਸਹਿਜ ਪਾਠ ਸੰਗਤਾਂ ਨੂੰ ਦ੍ਰਿੜ ਕਰਵਾਇਆ ਜਾਵੇਗਾ।

ਅਤੇ ਬਾਣੀ ਅਤੇ ਬਾਣੇ ਦਾ ਧਾਰਨੀ ਬਣਾਉਣ ਲਈ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਅਹਿਮ ਉਪਰਾਲਿਆਂ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਫਲਸਫੇ ਨਾਲ ਜੋੜਨ ਦੇ ਵੱਡੇ ਉਪਰਾਲੇ ਕਰ ਰਹੀ ਹੈ।

ਇਸ ਮੌਕੇ ਸ੍ਰੀ ਸਹਿਜ ਪਾਠ ਸੇਵਾ ਸੁਸਾਇਟੀ ਦੇ ਸੰਚਾਲਕ ਸਤਨਾਮ ਸਿੰਘ ਸਲੋਪੁਰੀ ਨੇ ਕਿਹਾ ਕਿ ਸਾਡੇ ਵੱਲੋਂ ਸਹਿਜ ਪਾਠ ਸੇਵਾ ਲਹਿਰ ਨੂੰ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਨਿਤਨੇਮੀ ਕਿਵੇਂ ਬਣੀਏ? ਸੰਥਿਆ ਕਰਵਾਉਣ ਦਾ ਉਪਰਾਲਾ, ਆਨਲਾਈਨ ਸੰਖਿਆ, ਮੁਹਾਰਣੀ, ਗੁਰਬਾਣੀ ਦਾ ਸੰਕਲਪ ਕਿਵੇਂ ਪੈਦਾ ਹੋਵੇ ਵਰਗੇ ਵਿਸ਼ਿਆਂ ਨੂੰ ਲੈ ਕੇ ਸਕੂਲਾਂ ਵਿਚ ਵਰਕਸ਼ਾਪ, ਕਾਲਜਾਂ ਤੇ ਯੂਨੀਵਸਿਟੀ ਵਿਚ ਪਹੁੰਚ ਕਰਕੇ ਸਹਿਜ ਪਾਠ ਦ੍ਰਿੜ ਕਰਵਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਇਸ ਮਹਾਨ ਉਪਰਾਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਲਿਜਾਣ ਦਾ ਸੰਕਲਪ ਕੀਤਾ ਗਿਆ ਹੈ। ਇਕੱਤਰਤਾ ਦੌਰਾਨ ਮੀਤ ਸਕੱਤਰ ਸੁਖਬੀਰ ਸਿੰਘ ਨੇ ਪੁੱਜੇ ਪ੍ਰਚਾਰਕ ਤੇ ਢਾਡੀ ਕਵੀਸ਼ਰ ਸਾਹਿਬਾਨ ਤੇ ਗੁਰਦੁਆਰਾ ਪ੍ਰਬੰਧਕਾਂ ਦਾ ਵੀ ਧੰਨਵਾਦ ਕੀਤਾ।

ਇਸ ਮੌਕੇ ਸਾਬਕਾ ਸਕੱਤਰ ਪਰਮਜੀਤ ਸਿੰਘ ਸਰੋਆ, ਐਡੀਸ਼ਨਲ ਮੈਨੇਜਰ ਮਨਦੀਪ ਸਿੰਘ ਭਲਵਾਨ, ਮੀਤ ਮੈਨੇਜਰ ਨਵਜਿੰਦਰ ਸਿੰਘ, ਸਰਬਜੀਤ ਸਿੰਘ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜਾ, ਗੁਰਪਿਆਰ ਸਿੰਘ ਜੌਹਰ, ਪਰਵਿੰਦਰ ਸਿੰਘ ਰਿਓਂਦ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ਼ ਮੈਂਬਰ ਆਦਿ ਵੀ ਸ਼ਾਮਲ ਸਨ।

# ਡਾਕ ਕਾਵੜ ਯਾਤਰਾ ਨੂੰ ਬਾਕਸਰ ਸੰਦੀਪ ਸ਼ਰਮਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ



**ਸੁਨਾਮ ਊਧਮ ਸਿੰਘ ਵਾਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਿਵ ਕੁਟੀ ਮੰਦਿਰ ਵਿਖੇ ਪਵਿੱਤਰ ਡਾਕ ਕਾਵੜ ਯਾਤਰਾ ਸ਼ਰਧਾ ਅਤੇ ਉਤਸ਼ਾਹ ਨਾਲ ਰਵਾਨਾ ਕੀਤੀ ਗਈ। ਸੰਦੀਪ ਸ਼ਰਮਾ (ਬਾਕਸਰ) ਪ੍ਰਧਾਨ ਬਰਾਦਰੀ ਬ੍ਰਾਹਮਣ ਵਰਤਫ਼ ਉਬਰਾਓ ਸੁਨਾਮ ਨੇ ਹਰੀ ਝੰਡੀ ਦਿਖਾ ਕੇ ਯਾਤਰਾ ਨੂੰ ਰਵਾਨਾ ਕੀਤਾ। ਜਾਣਕਾਰੀ ਦਿੰਦੇ ਹੋਏ ਸੰਦੀਪ ਸ਼ਰਮਾ (ਬਾਕਸਰ) ਨੇ ਦੱਸਿਆ ਕਿ ਇਹ ਡਾਕ ਕਾਵੜ ਯਾਤਰਾ ਪਵਿੱਤਰ ਗੰਗਾ ਜਲ ਨੂੰ ਹਰਿਦੁਆਰ ਤੋਂ ਸੁਨਾਮ ਤੱਕ ਲੈ ਕੇ ਆਵੇਗੀ, ਜਿੱਥੇ ਭਗਵਾਨ ਸ਼ਿਵ ਨੂੰ ਮੰਦਰ ਵਿੱਚ ਪਵਿੱਤਰ ਗੰਗਾ ਜਲ ਨਾਲ ਅਭਿਸ਼ੇਕ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸ਼ਿਵਰਾਤਰੀ ਦੇ ਮੌਕੇ 'ਤੇ ਕਾਵੜ ਯਾਤਰਾ ਦਾ ਵਿਸ਼ੇਸ਼ ਧਾਰਮਿਕ ਮਹੱਤਵ ਹੈ ਅਤੇ ਹਰ ਸਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਸ ਯਾਤਰਾ ਵਿੱਚ ਹਿੱਸਾ ਲੈਂਦੇ ਹਨ।

ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਸਹੂਲਤ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਯਾਤਰਾ ਵਿੱਚ ਹਿੱਸਾ ਲੈਣ ਵਾਲੇ ਭਗਤਾ ਲਈ ਸ਼ਰਧਾਲੂਆ ਵੱਲੋਂ ਰਸਤੇ ਵਿੱਚ ਜ਼ਰੂਰੀ ਪ੍ਰਬੰਧ ਵੀ ਕੀਤੇ ਗਏ ਹਨ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ, ਸਮਾਜ ਸੇਵੀ ਅਤੇ ਪਤਵੰਤੇ ਹਾਜ਼ਰ ਸਨ ਅਤੇ ਯਾਤਰਾ ਦੇ ਸਫਲ ਆਯੋਜਨ ਦੀ ਕਾਮਨਾ ਕੀਤੀ। "ਬਮ ਬਮ ਬੋਲੇ" ਅਤੇ "ਹਰ-ਹਰ ਮਹਾਦੇਵ" ਦੇ ਜੈਕਾਰਿਆਂ ਨਾਲ ਮਾਹੌਲ ਗੂੰਜ ਗਿਆ।

ਇਸ ਮੌਕੇ ਪ੍ਰਧਾਨ ਸੰਦੀਪ ਸ਼ਰਮਾ (ਬਾਕਸਰ), ਜਗਮੋਹਨ ਸ਼ਰਮਾ, ਮੁਨੀਸ਼ ਜੋਸ਼ੀ, ਹਰਵਿੰਦਰ ਜੋਸ਼ੀ, ਰਾਜੇਸ਼ ਕੁਮਾਰ, ਭੂਸ਼ਨ ਸ਼ਰਮਾ, ਅਸ਼ੋਕ ਕੁਮਾਰ, ਪਿੰਕੀ, ਵਿੱਕੀ ਜੋਸ਼ੀ, ਟਿੰਕੂ ਜੋਸ਼ੀ, ਰਿਸ਼ੂ ਸ਼ਰਮਾ, ਪੰਕਜ ਕੁਮਾਰ, ਰਵੀ, ਅਬਦੁਲ, ਨਰੇਸ਼ ਸ਼ਰਮਾ, ਹਰਦੀਪ ਗਿਰ (ਸੰਨੀ), ਮੰਗੀ ਗਿਰ, ਮਨੀ ਧਾਲੀਵਾਲ, ਸੋਨੂੰ ਸ਼ਰਮਾ, ਕਰਨ ਧੀਮਾਨ, ਟਵਿੰਕਲ ਜੀਤ, ਲਵੀ ਗੋਇਲ, ਡੀ. ਨਿਖਿਲ, ਮਨੀਸ਼, ਚਿਰਾਗ, ਵੰਸ਼, ਦੀਪੂ (ਬਿੱਲਾ) ਆਦਿ ਹਾਜ਼ਰ ਸਨ।

## ਮਾਂ ਮੇਰਾ ਬਾਪੂ ਕਦੋਂ ਮਰੇਗਾ?

ਮਿਨੀ ਕਹਾਣੀਆਂ



• ਹਾਕਮ ਸਿੰਘ ਮੀਤ

ਇਕ ਪਿੰਡ ਬਹੁਤ ਹੀ ਗਰੀਬ ਪਰਿਵਾਰ ਰਹਿੰਦਾ ਸੀ ਜੋ ਰੋਟੀ ਤੋਂ ਮਤਾਜ਼ ਸੀ। ਇਕ ਲੰਬੀ ਬਿਮਾਰੀ ਕਾਰਨ ਘਰ ਦਾ ਮੁੱਖੀਆ ਮੰਜੇ 'ਤੇ ਪਿਆ ਸੀ, ਘਰ ਵਿਚ ਤਿੰਨ ਜੀਅ ਸਨ, ਦੋ ਆਪ ਇਕ ਚਾਰ ਸਾਲ ਦੀ ਬੱਚੀ। ਘਰ ਦਾ ਮੁੱਖੀਆ ਬਿਮਾਰ ਹੋਣ ਕਰਕੇ ਉਨ੍ਹਾਂ ਦਾ ਹੋਰ ਕੋਈ ਕਮਾਈ ਤੇ ਦੁਆ-ਦਾਰੂ ਦਾ ਸਾਧਨ ਨਹੀਂ ਸੀ। ਘਰ ਵਿਚ ਰੋਟੀ ਵੀ ਨਹੀਂ ਪੱਕਦੀ ਸੀ।

ਇਕ ਦਿਨ ਉਨ੍ਹਾਂ ਦਾ ਗੁਆਂਢੀ ਬਜ਼ੁਰਗ ਚੱਲ ਵੱਸਿਆ ਤਾਂ ਬੱਚੀ ਕੀ ਦੇਖਦੀ ਹੈ ਪਿੰਡ ਦੇ ਲੋਕ ਰੀਤੀ ਰਿਵਾਜ ਅਨੁਸਾਰ ਉਨ੍ਹਾਂ ਦੇ ਘਰ ਨੂੰ ਰੋਟੀ ਲੈ ਕੇ ਆ ਰਹੇ ਨੇ, ਚਾਰ ਸਾਲ ਦੀ ਬੱਚੀ ਰੋਟੀ ਖਾਣ ਗੁਆਂਢੀਆਂ ਦੇ ਘਰ ਗਈ ਪਰ ਉੱਥੋਂ ਕਿਸੇ ਨੇ ਝਿੜਕ ਮੋੜ ਦਿੱਤੀ। ਬੱਚੀ ਲੰਮਾਂ ਹੌਕਾਂ ਲੈ ਕੇ ਘਰ ਪਰਤੀ ਤੇ ਮਾਂ ਦੇ ਗਲ਼ ਲੱਗ ਕੇ ਭੁੱਬੀ ਰੋਣ ਲੱਗ ਪਈ ਕਿਉਂਕਿ ਬੱਚੀ ਤੋਂ ਭੁੱਖ ਸਹਾਰ ਨਹੀਂ ਹੋ ਹਰੀ ਸੀ। ਮਾਂ ਨੇ ਘਰ ਵਿੱਚੋਂ ਵੇਚਣ ਜੋਗ ਸਮਾਨ ਵੇਚ ਕੇ ਇਕ ਡੰਗ ਦੀ ਰੋਟੀ ਬਣਾ ਕੇ ਬੱਚੀ ਨੂੰ ਖਵਾ ਦਿੱਤੀ ਉਸ ਤੋਂ ਬਾਅਦ ਫਿਰ ਰੋਟੀ ਨਸੀਬ ਨਾ ਹੋਈ।

ਇਕ ਦਿਨ ਬੱਚੀ ਦੀ ਮਾਂ ਉਸ ਦੇ ਬਾਪ ਦੀਆਂ ਲੱਤਾਂ ਘੁੱਟ ਰਹੀ ਸੀ ਬੱਚੀ ਆਪਣੇ ਬਾਪ ਦੇ ਸਿਰ ਵਿਚ ਹੱਥ ਫੇਰ ਰਹੀ ਸੀ, ਅਚਾਨਕ ਬੱਚੀ ਮਾਂ ਨੂੰ ਪੁੱਛਣ ਲੱਗੀ, 'ਮਾਂ ਮੇਰਾ ਬਾਪੂ ਕਦੋਂ ਮਰੇਗਾ'। ਮਾਂ ਨੇ ਬੱਚੀ ਦੀਆਂ ਅੱਖਾਂ ਨਾਲ ਅੱਖਾਂ ਨਾਲ ਮਲਾਈਆ ਤੇ ਪੁੱਛਣ ਲੱਗੀ, 'ਬੇਟਾ ਤੂੰ ਐਦਾਂ ਕਿਉਂ ਕਹਿ ਰਹੀ ਐਂ'। 'ਬੱਚੀ ਦਾ ਜਵਾਬ ਸੀ ਕਿ ਆਪਣੇ ਗੁਆਂਢੀਆਂ ਦਾ ਬੁੜਾ ਮਰਿਆ ਸੀ ਤਾਂ ਪਿੰਡ ਦੇ ਲੋਕ ਉਨ੍ਹਾਂ ਦੇ ਘਰ ਰੋਟੀਆਂ ਲੈ ਕੇ ਆਏ ਸਨ, ਜਦੋਂ ਬਾਪੂ ਮਰੇਗਾ ਤੇ ਫਿਰ ਪਿੰਡ ਦੇ ਲੋਕ ਆਪਣੇ ਘਰ ਨੂੰ ਵੀ ਰੋਟੀਆਂ ਲੈ ਕੇ ਆਉਣਗੇ। ਬੱਚੀ ਦਾ ਜਵਾਬ ਸੁਣ ਕੇ ਮਾਂ ਪੱਥਰ ਬਣੀ ਉਸ ਵੱਲ ਵੇਖ ਰਹੀ ਸੀ। •

## ਅੰਤਮ ਅਰਦਾਸ

ਕੁਝ ਦਿਨ ਪਹਿਲਾਂ ਮੇਰੀ ਪਤਨੀ ਦੇ ਤਾਏ ਦੇ ਮੁੰਡੇ ਦੀ ਕੁਝ ਸਮਾਂ ਬੀਮਾਰ ਰਹਿਣ ਪਿੱਛੋਂ ਮੌਤ ਹੋ ਗਈ। ਉਹ ਮੇਰੀ ਪਤਨੀ ਤੋਂ 15 ਸਾਲ ਵੱਡਾ ਸੀ। ਅੱਜ ਮੈਂ ਆਪਣੀ ਪਤਨੀ ਨਾਲ ਉਸ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣ ਲਈ ਆਪਣੇ ਸਹੁਰਾ ਪਿੰਡ ਜਾ ਰਿਹਾ ਸਾਂ। ਮੇਰੀ ਪਤਨੀ ਦੇ ਤਾਏ ਦੇ ਮੁੰਡੇ ਨੇ ਸਾਰੀ ਉਮਰ ਚੱਜ ਨਾਲ ਕੰਮ ਕਰ ਕੇ ਨਹੀਂ ਸੀ ਦੇਖਿਆ।

ਮੈਂ ਜਦ ਵੀ ਉਸ ਦੇ ਘਰ ਜਾਂਦਾ, ਉਹ ਆਪਣੇ ਘਰ ਤੋਂ ਬਾਹਰ ਤਿੰਨ, ਚਾਰ ਸਾਥੀਆਂ ਨਾਲ ਤਾਸ਼ ਖੇਡਦਾ ਨਜ਼ਰ ਆਉਂਦਾ। ਉਸ ਦੇ ਘਰ ਨੂੰ ਉਸ ਦੇ ਦੋ ਮੁੰਡੇ ਹੀ ਮਜ਼ਦੂਰੀ ਕਰ ਕੇ ਚਲਾਉਂਦੇ ਸਨ। ਉਸ ਦੇ ਘਰ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਜਦ ਮੈਂ ਉਸ ਦੇ ਘਰ ਦੇ ਲਾਗੇ ਪਹੁੰਚਿਆ ਤਾਂ ਦੇਖਿਆ ਗਲੀ ਵਿਚ ਟੈਂਟ ਲੱਗਾ ਹੋਇਆ ਸੀ। ਮੇਜ਼ਾਂ 'ਤੇ ਗੁਲਾਬ ਜਾਮਨ, ਰਸ ਗੁੱਲੇ, ਬਰਫ਼ੀ ਤੇ ਪਕੌੜੇ ਡੂਰਿਆਂ ਵਿਚ ਪਾ ਕੇ ਰੱਖੇ ਹੋਏ ਸਨ। ਅੰਤਮ ਅਰਦਾਸ ਵਿਚ ਸ਼ਾਮਲ ਹੋਣ ਵਾਲੇ ਬੰਦੇ ਤੇ ਤੀਵੀਆਂ ਨੂੰ ਚਾਹ ਪੀਣ ਲਈ ਕਿਹਾ ਜਾ ਰਿਹਾ ਸੀ। ਇਹ ਦੇਖ ਕੇ ਮੈਂ ਅੰਦਾਜ਼ਾ ਲਾਇਆ ਕਿ ਰੋਟੀ ਦਾ ਪ੍ਰਬੰਧ ਵੀ ਇਸੇ ਤਰ੍ਹਾਂ ਦਾ ਹੋਵੇਗਾ।

ਮੈਂ ਸੋਚਣ ਲੱਗ ਪਿਆ ਕਿ ਇੰਨਾਂ ਖ਼ਰਚ ਕੀਤੇ ਬਿਨਾਂ ਵੀ ਲੋਕਾਂ ਨੇ ਅੰਤਿਮ ਅਰਦਾਸ ਵਿਚ ਸ਼ਾਮਿਲ ਹੋ ਜਾਣਾ ਸੀ। ਅੰਤਿਮ ਅਰਦਾਸ ਨਾਲ ਮੇਰੀ ਪਤਨੀ ਦੇ ਤਾਏ ਦੇ ਮੁੰਡਿਆਂ ਸਿਰ ਚਾਲੀ-ਪੰਜਾਹ ਹਜ਼ਾਰ ਦਾ ਕਰਜ਼ਾ ਚੜ੍ਹ ਗਿਆ ਹੋਣਾ। ਇਹ ਸੋਚਦਾ, ਸੋਚਦਾ ਮੈਂ ਚਾਹ ਪੀਤੇ ਬਗ਼ੈਰ ਹੀ ਉਸ ਪੰਡਾਲ ਵਿਚ ਪਹੁੰਚ ਗਿਆ, ਜਿੱਥੇ ਸੁਖਮਨੀ ਸਾਹਿਬ ਦਾ ਪਾਠ ਹੋ ਰਿਹਾ ਸੀ।

• **ਮਹਿੰਦਰ ਸਿੰਘ ਮਾਨ**, 99158-03554

## ਗ਼ਜ਼ਲਾਂ

ਇਕ ਮੇਰੀ ਅਧਖੜ ਜਿਹੀ ਆਵਾਜ਼ ਹੈ।
ਦੂਸਰੇ ਹੈ ਨਜ਼ਮ ਜੋ ਨਾਰਾਜ਼ ਹੈ।

ਇਹ ਹੈ ਮੇਰੀ ਨਜ਼ਮ ਦੀ ਨਾਰਾਜ਼ਗੀ,
ਪਿੰਜਰਾ ਹਾਂ ਮੈਂ ਤੇ ਉਹ ਪਰਵਾਜ਼ ਹੈ।

ਕੁਛ ਨਾ ਕਹਿ ਖ਼ਾਮੋਸ਼ ਰਹਿ ਓ ਸ਼ਾਇਰਾ,
ਸਭ ਨੂੰ ਤੇਰੇ ਕਹਿਣ 'ਤੇ ਇਤਰਾਜ਼ ਹੈ।

ਸੁਣ ਤੇਰੀ ਆਵਾਜ਼ ਉਹ ਆ ਜਾਣਗੇ,
ਹੱਥ ਜਿਨ੍ਹਾਂ ਦੇ ਸੀਨੇ-ਵਿੰਨ੍ਹਵਾਂ ਸਾਜ਼ ਹੈ।

ਗੀਤ ਤੇਰੇ ਮੁਖ਼ਬਰੀ ਕਰ ਦੇਣਗੇ,
ਤੇਰੀ ਹਿਕ ਵਿਚ ਰੋਸ਼ਨੀ ਦਾ ਰਾਜ਼ ਹੈ।

ਜੋ ਜਗੇ ਉਸ ਦਾ ਨਿਸ਼ਾਨਾ ਬੰਨ੍ਹ ਦਾ,
ਰਾਤ ਦਾ ਹਾਕਮ ਨਿਸ਼ਾਨੇ ਬਾਜ਼ ਹੈ।

ਉਹ ਕਿ ਜਿਸ ਦੀ ਜਾਨ ਹੀ ਨ੍ਹੇਰੇ 'ਚ ਹੈ,
ਉਸ ਨੂੰ ਸਾਡੇ ਜਗਣ 'ਤੇ ਇਤਰਾਜ਼ ਹੈ।

ਤਗ਼ਮਿਆਂ ਦੀ ਥਾਂ 'ਤੇ ਹਿਕ ਵਿਚ ਗੋਲ਼ੀਆਂ,
ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ।

ਇਹ ਨਹੀਂ ਅਕਾਸ਼ਵਾਣੀ ਦੋਸਤੋ,
ਇਹ ਤਾਂ ਧੁਖ਼ਦੀ ਧਰਤ ਦੀ ਆਵਾਜ਼ ਹੈ



**ਸੁਰਜੀਤ ਪਾਤਰ**
98145-04272

ਬੜਾ ਨਾਦਾਨ ਸਾਂ, ਤੈਨੂੰ ਸਹਾਰਾ
ਸਮਝਦਾ ਸਾਂ ਮੈਂ।
ਕਿ ਇਕ ਡੋਬੂ ਲਹਿਰ ਨੂੰ ਹੀ, ਕਿਨਾਰਾ
ਸਮਝਦਾ ਸਾਂ ਮੈਂ।

ਇਹ ਜੋ ਪੱਛਮ ਦੀ ਲਾਲੀ ਹੈ,
ਇਹ ਦਿਨ ਦਾ ਖ਼ੂਨ ਹੈ ਯਾਰੋ,
ਲਹੂ ਦੀ ਝੀਲ ਨੂੰ ਦਿਲ-ਕਸ਼ ਨਜ਼ਾਰਾ
ਸਮਝਦਾ ਸਾਂ ਮੈਂ।

ਭਰੀ ਮਹਿਫ਼ਿਲ 'ਚ ਤੂੰ ਮੇਰੇ 'ਤੇ
ਗੁੱਝੇ ਵਾਰ ਕੀਤੇ ਸਨ,
ਮੈਂ ਭਾਵੇਂ ਚੁਪ ਰਿਹਾਂ, ਫਿਰ ਵੀ ਇਸ਼ਾਰਾ
ਸਮਝਦਾ ਸਾਂ ਮੈਂ।

ਮੈਂ ਹਰ ਪਲ ਦੋਸਤੀ ਤੇ ਦੁਸ਼ਮਣੀ ਨੂੰ
ਮਾਣਿਐਂ ਰੱਜ ਕੇ,
ਗਿਆ ਵੇਲਾ ਨਹੀਂ ਆਉਣਾ ਦੁਬਾਰਾ,
ਸਮਝਦਾ ਸਾਂ ਮੈਂ।

ਮੈਂ ਦੁਨੀਆ ਭਰ ਦੇ ਗ਼ਮ ਨੂੰ ਤਾਂ ਹੀ
ਸੀ ਦਿਲ ਵਿਚ ਜਗ੍ਹਾ ਦਿੱਤੀ,
ਬਹੁਤ ਭਟਕੇਗਾ ਥਾਂ-ਥਾਂ 'ਤੇ ਵਿਚਾਰਾ,
ਸਮਝਦਾ ਸਾਂ ਮੈਂ।

ਇਸੇ ਦੀ ਹੀ ਕਸ਼ਸ਼ ਨੇ ਖਿੱਚ ਲਿਆਂਦੇ ਨੇ
ਸਜਨ ਮੇਰੇ,
ਕਿ ਜਿਸ ਟੁੱਟੇ ਜਿਹੇ ਦਿਲ ਨੂੰ, ਨਿਕਾਰਾ
ਸਮਝਦਾ ਸਾਂ ਮੈਂ।

ਉਨ੍ਹਾਂ ਹੰਝੂ-ਤਰ੍ਹਾਂ ਮੈਨੂੰ
ਹੈ ਮਿੱਟੀ ਵਿਚ ਮਿਲਾ ਦਿੱਤਾ,
ਜਿਨ੍ਹਾਂ ਨੂੰ ਅਪਣੀ ਕਿਸਮਤ ਦਾ ਸਿਤਾਰਾ
ਸਮਝਦਾ ਸਾਂ ਮੈਂ।

ਤੁਸੀਂ ਜੋ ਸਾਜ਼ਸ਼ਾਂ ਰਚਦੇ ਸੀ
ਅੰਦਰ ਵੜ ਕੇ, ਉਹਨਾਂ ਦਾ
ਕਿਸੇ ਦਿਨ ਚੌਂਕ ਵਿਚ ਹੋਊ ਨਿਤਾਰਾ
ਸਮਝਦਾ ਸਾਂ ਮੈਂ।

ਮੇਰਾ ਦਿਲ ਤੰਗ ਸੀ,
'ਸੰਧੂ' ਬੜੀ ਖੁੱਲ੍ਹੀ ਜਿਹੀ ਛੈਅ ਸੀ,
ਉਦ੍ਹਾ ਏਥੇ ਨਹੀਂ ਹੋਣਾ ਗੁਜ਼ਾਰਾ
ਸਮਝਦਾ ਸਾਂ ਮੈਂ।



**ਅਮਰਜੀਤ ਸਿੰਘ ਸੰਧੂ**
94636-13528

ਮੈਂ ਜਿਉਣਾ ਸਿੱਖਿਆ ਮਰ-ਮਰ ਕੇ, ਜ਼ਾਲਿਮ ਨੂੰ ਸਬਕ ਸਿਖਾਉਣ ਲਈ।
ਖ਼ੁਦ ਬੇੜੀ ਖ਼ੁਦ ਮਲਾਹ ਬਣ ਗਈ, ਤੂਫ਼ਾਨਾਂ ਸੰਗ ਟਕਰਾਉਣ ਲਈ।

ਇਕ ਪਲ ਵੀ ਉਹ ਦਿਲ ਤੋਂ ਭੁੱਲਿਆ ਨਾ, ਮੈਂ ਯਤਨ ਬਥੇਰੇ ਕਰ ਵੇਖੇ,
ਜਗ ਸਾਰੇ ਨੂੰ ਵਿਸਾਰ ਦਿੱਤਾ, ਇਕ ਉਹਦੀ ਯਾਦ ਭੁਲਾਉਣ ਲਈ।

ਦਿਲ ਕਰਦਾ ਸੀ ਇਸ ਜਿੰਦੜੀ ਨੂੰ, ਹੱਥੀਂ ਹੀ ਲਗਾ ਦੇਵਾਂ ਲਾਂਬੂ,
ਪਰ ਅੱਗ ਨੇ ਹੀ ਨਾਂਹ ਕਰ ਦਿੱਤੀ, ਦਿਲ ਜਲ਼ਿਆਂ ਨੂੰ ਜਲਾਉਣ ਲਈ।

ਸਭ ਹੱਸਦਿਆਂ ਨਾਲ ਹੱਸਦੇ ਨੇ, ਕੋਈ ਰੋਂਦਿਆਂ ਨਾਲ ਨਹੀਂ ਰੋਂਦਾ,
ਝੱਟ ਸਾਰੇ ਹੰਝੂ ਡੀਕ ਲਏ ਅਸੀਂ, ਉਨ੍ਹਾਂ ਤਾਈਂ ਹਸਾਉਣ ਲਈ।

ਇਸ ਗੱਲ ਦੀ ਤਾਂ ਕੋਈ ਖ਼ਬਰ ਨਾ ਸੀ, ਕੁਝ ਪਲਾਂ ਦੇ ਵਸਲ ਦਾ ਇਹ ਹਾਸਲ,
ਬਿਰਹੋਂ ਦੀ ਭੱਠੀ ਝੋਕ ਗਿਓਂ, ਸਾਨੂੰ ਸਾਰੀ ਉਮਰ ਤਪਾਉਣ ਲਈ।

ਐ ਦਿਲਬਰ, ਦਿਲ ਨੂੰ ਤੂੰ ਵੀ, ਡੂੰਘੇ ਤੋਂ ਡੂੰਘਾ ਜ਼ਖ਼ਮ ਦਿੱਤਾ,
ਦੁਨੀਆ ਕਿਹੜਾ ਥੋੜ੍ਹੀ ਸੀ, ਸੱਜਣਾ ਵੇ ਸਾਨੂੰ ਸਤਾਉਣ ਲਈ।



**ਪਰਮਜੀਤ ਕੌਰ ਸਰਹਿੰਦ**
98728-98599

# ਨਾਰੀ ਸੰਵੇਦਨਾ ਨੂੰ ਸ਼ਕਤੀ ਵਜੋਂ ਉਭਾਰਨ ਵਾਲੀ ਅੰਮ੍ਰਿਤਾ ਪ੍ਰੀਤਮ



**ਪ੍ਰੋ. ਅਮਨਦੀਪ ਕੌਰ**
94641-05388

*ਅੰਮ੍ਰਿਤਾ ਪ੍ਰੀਤਮ ਨੇ ਮਰਦ ਪ੍ਰਧਾਨ ਸਮਾਜ ਤੋਂ ਉੱਪਰ ਉੱਠ ਕੇ ਔਰਤਾਂ ਦੀਆਂ ਮਜਬੂਰੀਆਂ, ਅਧੂਰੇ ਸੁਪਨਿਆਂ, ਪੀੜਾਂ ਅਤੇ ਅਬਲਾ ਦੀਆਂ ਦਰਦਨਾਕ ਪੀੜਾਂ ਦੀ ਪ੍ਰਤੀਨਿਧਤਾ ਕੀਤੀ ਹੈ...*

ਅੰਮ੍ਰਿਤਾ ਪ੍ਰੀਤਮ ਕਿਸੇ ਜਾਣ-ਪਛਾਣ ਦੀ ਮੁਥਤਾਜ ਨਹੀਂ। ਪੰਜਾਬ ਦੀ ਉਹ ਪਹਿਲੀ ਕਵਿੱਤਰੀ ਸੀ ਜਿਸ ਨੇ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ ਅਤੇ ਨਾਲ ਹੀ ਇਸਤਰੀ ਜਾਤੀ ਵਿਚ ਇਕ ਅਜਿਹੀ ਜਾਗ੍ਰਿਤੀ ਵੀ ਪੈਦਾ ਕੀਤੀ ਕਿ ਔਰਤ ਮਰਦ ਦੀ ਜੁੱਤੀ ਨਹੀਂ ਤੇ ਨਾ ਹੀ ਕੋਈ ਘਰ ਨੂੰ ਸਜਾਉਣ ਵਾਲਾ ਗਹਿਣਾ ਹੈ। ਉਸ ਨੇ ਔਰਤਾਂ ਦੇ ਹਰ ਦਰਦ ਨੂੰ ਆਮ ਲੋਕਾਂ ਦੇ ਸਾਹਮਣੇ ਆਪਣੀਆਂ ਰਚਨਾਵਾਂ ਦੁਆਰਾ ਲਿਆਉਣ ਦਾ ਯਤਨ ਕੀਤਾ ਹੈ। ਉਹ ਇੱਕੋ ਪੰਜਾਬੀ ਸਾਹਿਤਕਾਰ ਹੈ ਜਿਸ ਨੂੰ ਪੰਜਾਬੀ ਖੇਤਰ ਤੋਂ ਬਾਹਰ ਇੰਨਾਂ ਮਾਣ-ਸਨਮਾਨ ਤੇ ਪ੍ਰਸਿਧੀ ਪ੍ਰਾਪਤ ਹੋਈ ਹੈ। ਪ੍ਰਿੰਸੀਪਲ ਤੇਜਾ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਨੂੰ 'ਪੰਜਾਬ ਦੀ ਆਵਾਜ਼' ਕਹਿ ਕੇ ਸਤਿਕਾਰਿਆ ਹੈ।

ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਨੂੰ ਗੁਜਰਾਂਵਾਲਾ ਜੋ ਕਿ ਹੁਣ ਪਾਕਿਸਤਾਨ ਵਿਚ ਹੈ ਵਿਖੇ ਮਾਤਾ ਰਾਜ ਕੌਰ ਅਤੇ ਪਿਤਾ ਕਰਤਾਰ ਸਿੰਘ ਹਿਤਕਾਰੀ ਦੇ ਘਰ ਹੋਇਆ। ਇਹ ਉਹ ਸਮਾਂ ਸੀ ਜਦੋਂ ਔਰਤਾਂ ਨੂੰ ਅੱਜ ਦੇ ਮੁਕਾਬਲੇ ਆਜ਼ਾਦੀ ਤੇ ਖੁੱਲ੍ਹ ਨਾ ਮਾਤਰ ਦੀ ਮਿਲਦੀ ਸੀ ਪਰ ਫਿਰ ਵੀ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਹਿੰਮਤ ਸਦਕਾ ਔਰਤਾਂ ਨੂੰ ਸਮਾਜ ਅੰਦਰ ਵਿਸ਼ੇਸ਼ ਸਥਾਨ ਦਿਵਾਉਣ ਦੀ ਕੋਸ਼ਿਸ਼ ਕੀਤੀ। ਅੰਮ੍ਰਿਤਾ ਪ੍ਰੀਤਮ ਜਦੋਂ 10 ਸਾਲ ਦੀ ਸੀ ਤਾਂ ਮਾਤਾ ਦਾ ਦਿਹਾਂਤ ਹੋ ਗਿਆ। ਉਸ ਦਾ ਪਾਲਣ ਪੋਸ਼ਣ ਉਸ ਦੇ ਪਿਤਾ ਨੇ ਹੀ ਕੀਤਾ। ਅੰਮ੍ਰਿਤਾ ਪ੍ਰੀਤਮ ਜਦੋਂ ਤੇਰਾਂ-ਚੌਦਾਂ ਸਾਲਾਂ ਦੀ ਸੀ ਉਸ ਦੀ ਸਾਹਿਤ ਵਿਚ ਰੁਚੀ ਪੈਦਾ ਹੋ ਗਈ ਜਿਸ ਨੇ ਉਸ ਦਾ ਪੰਜਾਬੀ ਸਾਹਿਤ ਨਾਲ ਨਾਤਾ ਜੁੜ ਗਿਆ।

ਪੰਜਾਬੀ ਸਾਹਿਤ ਵਿਚ ਨਾਰੀ ਸੰਵੇਦਨਾ ਨੂੰ ਸ਼ਕਤੀ ਵਜੋਂ ਉਭਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਹੀ ਸੀ। ਉਹ ਪੰਜਾਬ ਦੀ ਹਰੇਕ ਇਸਤਰੀ ਦਾ ਦਰਦ ਪਾਠਕਾਂ ਸਾਹਮਣੇ ਪੇਸ਼ ਕਰਦੀ, ਵਾਰਸ਼ ਸ਼ਾਹ ਨੂੰ ਬੁਲਾਉਂਦੀ ਹੈ ਕਿ ਦੇਖ ਅੱਜ ਭਾਰਤ ਦੀਆਂ ਕਿੰਨੀਆਂ ਔਰਤਾਂ ਨਾਲ ਬੇਇਨਸਾਫ਼ੀ ਵਾਪਰ ਰਹੀ ਹੈ। ਅਸਲ ਵਿਚ ਉਹ ਸਮਾਜ ਨੂੰ ਜਗਾਉਣਾ ਚਾਹੁੰਦੀ ਸੀ। ਉਸ ਨੇ 1947 ਦੇ ਦੁਖਾਂਤ ਨੂੰ ਇਕ ਨਜ਼ਮ ਦੇ ਰੂਪ ਵਿਚ ਪੇਸ਼ ਕਰ ਕੇ ਪੰਜਾਬੀਆਂ ਦੀਆਂ ਰੂਹਾਂ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਉਹ ਪੰਜਾਬੀਆਂ ਦੇ ਰੂਹਾਂ ਦੀ ਕਵਿੱਤਰੀ ਬਣ ਗਈ। ਉਸ ਦੁਆਰਾ ਲਿਖੀ ਕਵਿਤਾ 'ਆਖਾਂ ਵਾਰਿਸ ਸ਼ਾਹ ਨੂੰ' ਪੰਜਾਬੀ ਸਾਹਿਤ ਵਿਚ ਮੀਲ ਪੱਥਰ ਸਾਬਤ ਹੋਈ। ਉਸ ਦੀ ਕਵਿਤਾ ਦਾ ਅੱਖਰ ਅੱਖਰ ਭਾਰਤ-ਪਾਕਿ ਦੀ ਵੰਡ ਦੇ ਦਰਦ ਨੂੰ ਪੇਸ਼ ਕਰ ਰਿਹਾ ਸੀ :

*ਅੱਜ ਆਖਾਂ ਵਾਰਿਸ਼ ਸ਼ਾਹ ਨੂੰ*
*ਕਿਤੋਂ ਕਬਰਾਂ ਵਿੱਚੋਂ ਬੋਲ।*
*ਤੇ ਅੱਜ ਕਿਤਾਬੇ ਇਸ਼ਕ ਦਾ*
*ਕੋਈ ਅਗਲਾ ਵਰਕਾ ਫੋਲ...*

ਅੰਮ੍ਰਿਤਾ ਪ੍ਰੀਤਮ ਨੇ 1947 ਤੋਂ ਪਹਿਲਾਂ 8 ਕਾਵਿ-ਸੰਗ੍ਰਹਿ ਜਿਵੇਂ ਅੰਮ੍ਰਿਤ ਲਹਿਰਾਂ, ਜੀਉਂਦਾ ਜੀਵਨ, ਤ੍ਰੇਲ ਧੋਤੇ ਫੁੱਲ, ਓ ਗੀਤਾਂ ਵਾਲਿਓ, ਬੱਦਲਾਂ ਦੇ ਪੱਲੇ ਵਿਚ, ਸੰਝ ਦੀ ਲਾਲੀ, ਪੀੜ, ਪੱਥਰ ਗੀਟੇ ਛਪੇ ਅਤੇ 1947 ਤੋਂ ਬਾਅਦ ਲੰਮੀਆਂ ਵਾਟਾਂ, ਮੈਂ ਤਵਾਰੀਖ ਹਾਂ ਹਿੰਦ ਦੀ, ਸਰਘੀ ਵੇਲਾ, ਸੁਨੇਹੜੇ, ਅਸ਼ੋਕਾ ਚੇਤੀ, ਕਸਤੂਰੀ, ਨਾਗਮਣੀ, ਕਾਗ਼ਜ਼ ਤੇ ਕੈਨਵਸ ਆਦਿ ਕਾਵਿ ਸੰਗ੍ਰਹਿ ਛਪ ਚੁੱਕੇ ਹਨ।

ਇਸ ਤੋਂ ਇਲਾਵਾ ਉਸ ਨੇ ਨਾਵਲ ਵਿਚ ਵੀ ਹੱਥ ਅਜਮਾਇਆ। 'ਪਿੰਜਰ' ਨਾਵਲ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਇਸ ਨਾਵਲ ਵਿਚ ਇਕ ਅਜਿਹੀ ਖਿੱਚ ਹੈ, ਜੋ ਪਾਠਕ ਨੂੰ ਵਾਰ-ਵਾਰ ਪੜ੍ਹਨ ਨੂੰ ਮਜ਼ਬੂਰ ਕਰਦੀ ਹੈ ਅਤੇ ਨਾਲ ਹੀ ਇਕ ਦ੍ਰਿੜ ਸੰਕਲਪ ਵੀ ਪੈਦਾ ਕਰਦੀ ਹੈ ਕਿ ਔਰਤਾਂ ਨਾਲ ਹੋ ਰਹੇ ਅਨਿਆਏ ਦੇ ਖਿਲਾਫ਼ ਔਰਤਾਂ ਹੋਰ ਵੀ ਜਾਗਰੂਕ ਹੋਣ। ਇਸ ਨਾਵਲ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਬੜਾ ਪ੍ਰਭਾਵਸ਼ਾਲੀ ਮੁਲਾਂਕਣ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਉਸ ਨੇ ਕਈ ਕਹਾਣੀ ਦੀ ਰਚਨਾ ਵੀ ਕੀਤੀ, ਪਰ ਪੰਜਾਬੀ ਸਾਹਿਤ ਆਲੋਚਨਾ ਨੇ ਅੰਮ੍ਰਿਤਾ ਪ੍ਰੀਤਮ ਨੂੰ ਇਕ ਕਵਿਤਰੀ ਦੇ ਰੂਪ ਵਿਚ ਹੀ ਵਧੇਰੇ ਸਵੀਕਾਰ ਕੀਤਾ।



ਅੰਮ੍ਰਿਤਾ ਪ੍ਰੀਤਮ ਜਿਸ ਦੌਰ ਵਿਚ ਕਾਵਿ ਸਿਰਜਣਾ ਕਰਦੀ ਹੈ। ਉਹ ਦੌਰ ਔਰਤ ਦੀ ਸਮਾਜਿਕ ਬੇਹੁਰਮਤੀ, ਅਮਨੁੱਖੀ ਲੁੱਟ, ਪਿਆਰ ਦੀ ਅਪੂਰਤੀ ਆਦਿ ਦਾ ਸੀ। ਅੰਮ੍ਰਿਤਾ ਪ੍ਰੀਤਮ ਇਸ ਸਮੇਂ ਪ੍ਰਗਤੀਵਾਦੀ ਕਾਵਿ ਧਾਰਾ ਨਾਲ ਜੁੜਦੀ ਹੋਈ ਲਿਖਦੀ ਹੈ :

*ਅੰਨ ਦਾਤਾ*
*ਮੈਂ ਚੰਮ ਦੀ ਗੁੱਡੀ*
*ਖੇਡ ਲੈ ਖਿਡਾ ਲੈ*
*ਲਹੂ ਦਾ ਪਿਆਲਾ*
*ਪੀ ਲੈ ਪਿਲਾ ਲੈ...*

ਇਹ ਦੌਰ ਮਰਦ ਪ੍ਰਧਾਨ ਹੋਣ ਦੇ ਬਾਵਜੂਦ ਵੀ ਉਸ ਨੇ ਨਿਰਸੰਕੋਚ ਆਪਣਾ ਕਾਵਿਕ ਸਫ਼ਰ ਦ੍ਰਿੜ ਇਰਾਦੇ ਨਾਲ ਜਾਰੀ ਰੱਖਿਆ ਅਤੇ ਔਰਤਾਂ ਲਈ ਰਾਹ ਦੁਸੇਰਾ ਬਣੀ ਰਹੀ।

ਅਸਲ ਵਿਚ ਅੰਮ੍ਰਿਤਾ ਪ੍ਰੀਤਮ ਦਾ ਕਾਵਿ, ਨਾਰੀਵਾਦੀ ਕਾਵਿ ਹੈ। ਅੰਮ੍ਰਿਤਾ ਪ੍ਰੀਤਮ ਨੇ ਮੱਧਵਰਗ ਦੀ ਇਸਤਰੀ ਦੇ ਹਿਰਦੇ ਦੀ ਪੀੜ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਉਹ ਇਕ ਕਵਿਤਰੀ ਸੀ, ਪਰ ਕਵਿਤਰੀ ਨਾਲੋਂ ਜ਼ਿਆਦਾ ਇਸਤਰੀ। ਉਹ ਇਸਤਰੀ ਜਿਸ ਨੂੰ ਸਮਾਜ ਇਕ ਭੋਗ ਵਿਲਾਸ ਦੀ ਵਸਤੂ ਤੋਂ ਬਿਨ੍ਹਾਂ ਕੁਝ ਨਹੀਂ ਸਮਝਦਾ। ਉਹ ਇਸਤਰੀਆਂ ਦੀ ਬੇਵਸੀ, ਮਜ਼ਬੂਰੀ ਨੂੰ ਦੇਖ ਕੇ ਕੁਰਲਾ ਉੱਠਦੀ ਹੈ ਅਤੇ ਸਮਾਜ ਦੀ ਕਰੜੀ ਅਲੋਚਨਾ ਕਰਦੀ ਹੈ। ਪੁਰਾਤਨ ਸਮੇਂ ਤੋਂ ਹੀ ਸਮਾਜ ਮਰਦ ਪ੍ਰਧਾਨ ਰਿਹਾ ਹੈ ਪਰ ਅੰਮ੍ਰਿਤਾ ਪ੍ਰੀਤਮ ਨੇ ਮਰਦ ਪ੍ਰਧਾਨ ਸਮਾਜ ਤੋਂ ਉੱਪਰ ਉੱਠ ਕੇ ਔਰਤਾਂ ਦੀਆਂ ਮਜ਼ਬੂਰੀਆਂ, ਅਧੂਰੇ ਸੁਪਨਿਆਂ, ਪੀੜਾਂ ਅਤੇ ਅਬਲਾ ਦੀਆਂ ਦਰਦਨਾਕ ਪੀੜਾਂ ਦੀ ਪ੍ਰਤੀਨਿਧਤਾ ਕੀਤੀ ਹੈ। ਅੰਮ੍ਰਿਤਾ ਪ੍ਰੀਤਮ ਦੀ ਆਖਰੀ ਨਜ਼ਮ ਜਿਸ ਵਿਚ ਉਹ ਲਿਖਦੀ ਹੈ :

*ਮੈਂ ਤੈਨੂੰ ਫੇਰ ਮਿਲਾਂਗੀ*
*ਕਿੱਥੇ?*
*ਕਿਸ ਤਰ੍ਹਾਂ?*
*ਪਤਾ ਨਹੀਂ*
*ਤੇਰੀ ਕੈਨਵਸ ਤੇ ਉਤਰਾਂਗੀ*
*ਜਾਂ ਖੌਰੇ ਤੇਰੀ ਕੈਨਵਸ ਦੇ ਉੱਤੇ*
*ਇਕ ਰਹੱਸਮਈ*
*ਲਕੀਰ ਬਣ ਕੇ*
*ਖਾਮੋਸ਼ ਤੈਨੂੰ ਤੱਕ ਦੀ ਰਵਾਂਗੀ...*

ਅੰਮ੍ਰਿਤਾ ਪ੍ਰੀਤਮ ਪੰਜਾਬ ਦੀ ਉਹ ਕਵਿਤਰੀ ਸੀ, ਜਿਸ ਨੇ ਲਗਪਗ ਹਰ ਵਿਸ਼ੇ 'ਤੇ ਆਪਣਾ ਹੱਥ ਅਜਮਾਇਆ ਹੈ। ਅੰਮ੍ਰਿਤਾ ਪ੍ਰੀਤਮ ਨੂੰ ਵੱਡਮੁੱਲੀ ਸਾਹਿਤ ਰਚਨਾ ਲਈ ਕਈ ਪੁਰਸਕਾਰਾਂ ਨਾਲ ਨਿਵਾਜ਼ਿਆ ਗਿਆ।।

31 ਅਕਤੂਬਰ 2005 ਨੂੰ ਦਿੱਲੀ 'ਚ ਆਪਣੀਆਂ ਅਮਿੱਟ ਪੈੜਾਂ ਛੱਡਦੀ ਹੋਈ ਇਸ ਦੁਨੀਆ ਤੋਂ ਰੁਖ਼ਸਤ ਹੋ ਗਈ। ਅੰਮ੍ਰਿਤਾ ਪ੍ਰੀਤਮ ਪੰਜਾਬੀ ਔਰਤ ਲੇਖਕਾਵਾਂ ਵਿੱਚੋਂ ਹੀ ਨਹੀਂ ਬਲਕਿ ਸਮੁੱਚੇ ਕਾਵਿ ਜਗਤ ਵਿਚ ਇਕ ਪ੍ਰਸਿੱਧ ਕਵਿਤਰੀ ਦੇ ਤੌਰ 'ਤੇ ਉੱਭਰੀ। ਅੰਮ੍ਰਿਤਾ ਪ੍ਰੀਤਮ ਇਕ ਬਹੁਤ ਸ਼ਕਤੀਸ਼ਾਲੀ ਵਿਅਕਤੀਤਵ ਦੀ ਮਾਲਕ ਸੀ ਅਤੇ ਉਸ ਨੇ ਪੰਜਾਬੀ ਸਾਹਿਤ ਦੀ ਵਿਲੱਖਣ ਸੇਵਾ ਕੀਤੀ। •

## ਕਵਿਤਾਵਾਂ

### ਕੁੜੀਆਂ ਤੇ ਚਿੜੀਆਂ



**ਡਾ. ਬਖ਼ੀ ਸਿੰਘ**
96465-66540

ਖ਼ਤਰੇ ਵਿਚ ਹਨ
ਕੁੜੀਆਂ ਤੇ ਚਿੜੀਆਂ,
ਬਾਜਾਂ ਨੇ ਹੈ ਘੇਰਾ ਪਾਇਆ।
ਕਾਂ ਨੇ ਚੁੱਕਿਆ ਬੋਟ ਚਿੜੀ ਦਾ,
ਧੀ ਨੂੰ ਕੁੱਖ ਵਿਚ
ਮਾਰ ਮੁਕਾਇਆ।

ਨਸਲ ਚਿੜੀਆਂ ਦੀ
ਮੁੱਕਣ 'ਤੇ ਆਈ,
ਕੁੜੀਆਂ ਨੂੰ ਵੀ
ਏਸੇ ਰਾਹ ਪਾਇਆ।
ਚਿੜੀ ਨਾ ਚੂਕੇ ਸੰਝ-ਸਵੇਰੇ,
ਕੁੜੀਆਂ ਨੇ ਨਾ ਚਰਖਾ ਡਾਹਿਆ।

ਚਿੜੀਆਂ ਉੱਡ-ਪੁਡ ਗਈਆਂ ਏਥੋਂ,
ਬੰਦਿਆਂ ਚੋਗਾ ਜ਼ਹਿਰ ਚੁਗਾਇਆ।
ਮਾਰ ਉਡਾਰੀ ਚਿੜੀਆਂ ਗਈਆਂ,
ਮੁੜ ਨਾ ਵਤਨੀ ਫੇਰਾ ਪਾਇਆ।

ਕੁੜੀਆਂ ਵੀ ਏਸੇ ਰਾਹ ਗਈਆ,
ਐਸਾ ਯੁੱਗ ਮਸ਼ੀਨੀ ਆਇਆ।
ਨੂੰਹ ਰਾਣੀ ਨੂੰ ਤਰਸ ਜਾਓਗੇ,
ਜੇ ਨਾ ਧੀ ਨੂੰ ਡੋਲੀ ਪਾਇਆ।

ਵਾਰਿਸ ਸ਼ਾਹ ਨੂੰ
ਕੋਈ ਆਖੋ ਜਾ ਕੇ,
ਧੀਆਂ ਤੇ ਫਿਰ ਖੰਜਰ ਚਲਾਇਆ।
ਘਰ 'ਚੋਂ ਮਾਂ ਨੂੰ
ਜਦ ਕੱਢਿਆ ਪੁੱਤ ਨੇ,
ਧੀ ਨੇ ਮਾਂ ਨੂੰ ਗਲ਼ੇ ਲਗਾਇਆ।

### ਨਜ਼ਮ



**ਡਾ. ਇੰਦਰਜੀਤ ਸਿੰਘ ਸੰਧੂ**
95011-05656

ਅਜੇ ਕਲਮਾਂ ਨੇ ਮੁੜਣਾ ਏ
ਅਜੇ ਲਫਜ਼ਾ ਨੇ ਜੁੜਣਾ ਏ
ਅਜੇ ਤਾਂ ਸਾਰ ਲਿਖਿਆ ਏ
ਅਜੇ ਇਤਿਹਾਸ ਬਾਕੀ ਏ।

ਤੇਰੀ ਸੁੱਕ ਦੀ ਸਿਆਹੀ ਨਾਲ
ਪਿਘਲਣਾ ਅਜੇ ਹੋਰ ਬਾਕੀ ਏ
ਕਿਉਂ ਗੱਲ ਹੀਰਾਂ ਦੀ ਕਰਦਾ ਏ
ਟੁੱਟੀਆਂ ਤਕਦੀਰਾਂ ਗੰਢਦਾ ਏ

ਅਜੇ ਕੈਦੋਂ ਵੀ ਜਿਉਂਦਾ ਏ
ਸੈਦੇ ਦਾ ਢੁੱਕਣਾ ਬਾਕੀ ਏ
ਗੋਰਖ ਦੇ ਸਿਦਕੀ ਜ਼ੋਗੀ ਦਾ
ਆਖਰ ਅੰਜ਼ਾਮ ਬਾਕੀ ਏ।

ਇਹ ਕਿਸ ਦੇ ਤੀਰ ਭੜਕੇ ਨੇ
ਕਿਸ ਦੀ ਸ਼ਮਸ਼ੀਰ ਲਸ਼ਕੀ ਏ
ਅਜੇ ਮਜ਼ਹਬਾਂ ਦਾ ਰੌਲ਼ਾ ਏ
ਸਿਆਸਤ ਦਾ ਵਾਰ ਬਾਕੀ ਏ।

ਤੀਖੇ ਸ਼ਬਦਾਂ ਦੀ ਹਨੇਰੀ ਵਿਚ
ਖੰਭਾਂ ਦੀ ਉਡਾਰ ਬਾਕੀ ਏ।
ਆਖਰ ਸੂਰਜ ਨੇ ਚੜ੍ਹਨਾ ਏ
ਹਨੇਰਾ ਕਦ ਤਕ ਅੜਨਾ ਏ।

ਅਜੇ ਤੂੰ ਹੋਰ ਜਲਣਾ ਏ
ਹਲੇ ਕੁਝ ਰਾਤ ਬਾਕੀ ਏ
ਸਮੇਂ ਦੇ ਰਾਗ ਵਿਚ ਕਹਿਣੀ
ਅਜੇ ਇਕ ਬਾਤ ਬਾਕੀ ਏ।

### ਦਰਦ

ਜੇ ਕੋਈ ਸੜਕ 'ਤੇ
ਪਈ ਔਰਤ
ਬਿਲਕ ਰਹੀ ਹੈ।
ਤੁਸੀਂ ਇਕ ਵਾਰ
ਓਹਦੇ ਵਿੱਚੋਂ
ਆਪਣੀ ਮਾਂ, ਭੈਣ ਜਾਂ ਧੀ ਨੂੰ
ਮਹਿਸੂਸ ਕਰੋ।
ਇਨਸਾਨੀਅਤ
ਜਿੱਥੇ ਮਰਜ਼ੀ ਸੁੱਤੀ ਪਈ ਹੋਵੇ।
ਉਹ ਮੱਲੋ-ਮੱਲੀ
ਜਾਗ ਕੇ ਉਸ ਦਾ
ਦਰਦ ਵੰਡਾਉਂਗੀ।



• **ਰੌਕੀ (ਰਤੀਆ)**
99962-63814

## ਕਹਾਣੀ

# ਭੂਆ ਦੀਆਂ ਵਾਲੀਆਂ



**ਰਣਦੀਪ ਕੌਰ ਪੰਧੇਰ**

*ਬੀਬੋ ਨੂੰ ਸੱਸ ਤੇ ਦਰਾਣੀਆਂ ਬਾਂਝ ਹੋਣ ਦਾ ਮਿਹਣਾ ਦਿੰਦੀਆਂ। ਇਕ ਦਿਨ ਦਰਾਣੀ ਦਾ ਛੋਟਾ ਮੁੰਡਾ ਬਿਮਾਰ ਹੋ ਗਿਆ ਤਾਂ ਸਾਰਾ ਇਲਜ਼ਾਮ ਬੀਬੋ 'ਤੇ ਆ ਗਿਆ ਕਿਉਂਕਿ ਉਹ ਹਰ ਸਮੇਂ ਬਾਂਝ ਔਰਤ ਨਾਲ ਫਿਰਦਾ ਸੀ। ਉਨ੍ਹਾਂ ਬੀਬੋ ਨੂੰ ਅਲੱਗ ਕਰ ਦਿੱਤਾ। ਇਕੱਲੀ ਬੀਬੋ ਦਾ ਮਨ ਨਾ ਲੱਗਦਾ ...*



ਬਚਪਨ ਤੋਂ ਹੀ ਬੀਬੋ ਆਪਣੇ ਪਿਓ ਦੀ ਲਾਡਲੀ ਸੀ ਤੇ ਇਕ ਵੱਡਾ ਭਰਾ ਸੀ ਬੀਬੋ ਦਾ ਬਲਵੀਰ ਪਰ ਬੀਬੋ ਹਰ ਸਮੇਂ ਬੀਰ ਬੀਰ ਕਹਿੰਦੀ ਫਿਰਦੀ। ਬੀਬੋ ਦੀ ਮਾਂ ਨੂੰ ਦਮੇ ਦੀ ਬਿਮਾਰੀ ਸੀ ਵਾਢੀਆਂ ਦੇ ਦਿਨਾਂ 'ਚ ਤਾਂ ਬੀਬੋ ਦੀ ਮਾਂ ਦਾ ਦਮੇ ਦੀ ਬੀਮਾਰੀ ਨਾਲ ਬੁਰਾ ਹਾਲ ਹੋ ਜਾਂਦਾ। ਉਦੋਂ ਇਲਾਜ ਵੀ ਨਹੀਂ ਸਨ ਬਹੁਤੇ, ਝਾੜ ਫ਼ੂੰਬ ਦੇ ਗਰਦੀ ਵਾਲਾ ਕੰਮ ਵੀ ਤਾਂ ਨਹੀਂ ਕਰ ਸਕਦੀ ਸੀ।

ਮਾਂ ਦੀ ਬੀਮਾਰੀ ਤੋਂ ਡਰਦਿਆਂ ਛੇਤੀ ਨਿੱਕੀ ਉਮਰੇ ਘਰ ਦਾ ਸਾਰਾ ਕੰਮ ਸੰਭਾਲ ਲਿਆ ਬੀਬੋ ਨੇ। ਮਾਂ ਨਿੱਕੀ ਜਿਹੀ ਬੀਬੋ ਨੂੰ ਵੱਡੀਆਂ ਵੱਡੀਆਂ ਰੋਟੀਆਂ ਪਕਾਉਂਦੇ ਵੇਖ ਝੁਰਦੀ ਰਹਿੰਦੀ ਪਰ ਬਿਮਾਰੀ ਹੱਥੋਂ ਤੰਗ ਸੀ, ਕੁਝ ਨਹੀਂ ਸੀ ਕਰ ਸਕਦੀ। ਛੇਵੀਂ ਜਮਾਤ 'ਚ ਬੀਬੋ ਫੇਲ੍ਹ ਹੋ ਗਈ।

ਘਰ ਦੇ ਕੰਮਾਂ ਕਾਰਨ ਬਹੁਤਾ ਪੜ੍ਹ ਨਹੀਂ ਸਕੀ ਤੇ ਹੌਲੀ ਹੌਲੀ ਪੜ੍ਹਾਈ ਤੋਂ ਉਹਦਾ ਮਨ ਚੁੱਕਿਆ ਗਿਆ। ਅੱਗੇ ਪੜ੍ਹਨ ਨਾ ਲੱਗੀ ਉਹ। ਹੌਲੀ ਹੌਲੀ ਸਮਾਂ ਬੀਤ ਦਾ ਗਿਆ। ਬੀਬੋ ਤੇ ਵੀਰ ਵੱਡੇ ਹੋ ਗਏ। ਬਲਬੀਰ ਨੇ ਪਿਓ ਵਾਲੀ ਸਾਰੀ ਜ਼ਿੰਮੇਵਾਰੀ ਸਾਂਭ ਲਈ।

ਦੋਵਾਂ ਦੇ ਲਈ ਸਾਕ ਆਉਣ ਲੱਗੇ ਪਰ ਮਾਂ ਦੀ ਬੀਮਾਰੀ ਤੋਂ ਡਰਦਿਆਂ ਉਹਦੇ ਪਿਓ ਨੇ ਉਹਦਾ ਵਿਆਹ ਪਹਿਲਾਂ ਕਰ ਦਿੱਤਾ ਤਾਂ ਕਿ ਮਾਂ ਦੇ ਰਹਿੰਦੇ ਧੀ ਦੇ ਵਿਆਹ ਤੋਂ ਸੁਰਖ਼ਰੂ ਹੋਇਆ ਜਾ ਸਕੇ। ਬੀਬੋ ਦਾ ਵਿਆਹ ਹੋ ਗਿਆ।

ਵਿਆਹ ਸਮੇਂ ਬੀਬੋ ਦੀ ਮਾਂ ਨੇ ਆਪਣੇ ਵਿਆਹ ਦੀਆਂ ਵਾਲੀਆਂ ਬੀਬੋ ਨੂੰ ਦਹੇਜ ਵਿਚ ਦਿੱਤੀਆਂ ਹਰ ਮਾਂ ਆਪਣੀ ਧੀ ਦੇ ਵਿਆਹ ਸਮੇਂ ਆਪਣੇ ਗਹਿਣੇ ਨੂੰ ਦਹੇਜ 'ਚ ਦਿੰਦੀ ਹੈ ਵਿਆਹ ਤੋਂ ਬਾਅਦ ਪਤਾ ਲੱਗਿਆ ਕਿ ਬੀਬੋ ਦਾ ਘਰ ਵਾਲਾ ਨਿੱਤ ਦਾ ਸ਼ਰਾਬੀ ਸੀ ਔਲਾਦ ਵੱਲੋਂ ਵੀ ਝੋਲੀ ਸੱਖਣੀ ਰਹੀ ਬੀਬੋ ਦੀ ਬੀਬੋ ਦੇ ਘਰ ਵਾਲੇ ਦਾ ਜਦੋਂ ਦਿਲ ਕਰਦਾ ਉਹ ਨੂੰ ਕੁੱਟ ਕੇ ਘਰੋਂ ਕੱਢ ਦਿੰਦਾ ਥੋੜ੍ਹੇ ਸਮੇਂ ਬਾਅਦ ਬਲਵੀਰ ਦਾ ਵੀ ਵਿਆਹ ਹੋ ਗਿਆ ਪਰ ਉਹਦੀ ਭਰਜਾਈ ਸੁਭਾਅ ਦੀ ਕੁਪੱਤੀ ਸੀ ਸ਼ਾਂਤੀ ਹਰ ਵਿਹੜੇ ਖਿਝੀ ਰਹਿੰਦੀ ਤੇ ਲੜਨ ਦੇ ਬਹਾਨੇ ਲੱਭਦੀ ਰਹਿੰਦੀ।

ਬੁੱਢਾ ਪਿਓ ਖੇਤੀ ਬਹਾਨੇ ਬਾਹਰ ਚਲਾ ਜਾਂਦਾ ਪਰ ਬੀਬੋ ਦੀ ਮਾਂ ਬਿਮਾਰੀ ਕਾਰਨ ਕਾਫ਼ੀ ਕਮਜ਼ੋਰ ਹੋ ਚੁੱਕੀ ਸੀ। ਹਰ ਸਮੇਂ ਘਰ ਦਾ ਕਲੇਸ਼ ਉਹਨੂੰ ਖਾਈ ਜਾਂਦਾ। ਸ਼ਾਂਤੀ ਬਿਮਾਰ ਸੱਸ ਦੀਆਂ ਦੋ ਰੋਟੀਆਂ ਤੋਂ ਵੀ ਔਖੀ ਸੀ। ਕੁਝ ਆਪਣੀ ਬਿਮਾਰੀ ਤੇ ਕੁਝ ਧੀ ਵੱਲੋਂ ਵੀ। ਇਸੇ ਦੁੱਖ ਨੇ ਬੀਬੋ ਦੀ ਮਾਂ ਦੀ ਜਾਨ ਲੈ ਲਈ ਬਲਵੀਰ ਦੇ ਵਿਆਹ ਤੋਂ ਦੋ ਸਾਲਾਂ ਬਾਅਦ ਹੀ ਬੀਬੋ ਦੀ ਮਾਂ ਮਰ ਗਈ ਬੀਬੀ ਲਈ ਅੱਧਾ ਜਹਾਨ ਸੁੰਨਾ ਹੋ ਗਿਆ ਪਰ ਮਾਵਾਂ ਵਰਗਾ ਭਰਾ ਸੀ ਉਹਦੇ ਨਾਲ ਪਹਿਲਾਂ ਜਦੋਂ ਬੀਬੋ ਪੇਕੇ ਆਉਂਦੀ ਤਾਂ ਮਾਂ ਨਾਲ ਗੱਲਾਂ ਕਰ ਕੇ ਉਹਦਾ ਦਾ ਬੋਝ ਹਲਕਾ ਹੋ ਜਾਂਦਾ ਪਰ ਹੁਣ ਬੀਬੋ ਪੇਕੇ ਵੀ ਘੱਟ ਹੀ ਆਉਂਦੀ।

ਭਰਜਾਈ ਨੂੰ ਵੀ ਕੋਈ ਬਹੁਤਾ ਮੋਹ ਨਹੀਂ ਸੀ ਬੀਬੋ ਦਾ। ਉਹ ਸੋਚ ਦੀ ਕਿ ਜੇ ਕੋਈ ਔਲਾਦ ਹੋ ਗਈ ਉਹਦੇ ਤਾਂ ਪਤੀ ਨੂੰ ਆਪੇ ਪਿਆਰ ਪੈ ਜਾਣਾ ਤੇ ਹੌਲੀ ਹੌਲੀ ਘੱਟ ਜਾਓ ਨਸ਼ੇ ਕਰਨਾ ਪਰ ਵਿਆਹ ਤੋਂ ਦਸ ਸਾਲਾਂ ਬਾਅਦ ਵੀ ਬੀਬੋ ਦੀ ਝੋਲੀ ਔਲਾਦ ਵੱਲੋਂ ਸੱਖਣੀ ਹੀ ਰਹੀ।

ਥੋੜ੍ਹਾ ਬਹੁਤਾ ਡਾਕਟਰੀ ਇਲਾਜ ਵੀ ਕਰਵਾਇਆ। ਬੀਬੋ 'ਚ ਕੋਈ ਕਮੀ ਨਹੀਂ ਸੀ ਪਰ ਡਾਕਟਰਾਂ ਮੁਤਾਬਕ ਬਹੁਤੇ ਨਸ਼ਿਆਂ ਨੇ ਉਹਦੇ ਪਤੀ ਦੀ ਮਰਦਾਨਾ ਤਾਕਤ ਨੂੰ ਖ਼ਤਮ ਕਰ ਦਿੱਤਾ ਸੀ ਮਰਦ ਪ੍ਰਧਾਨ ਸਮਾਜ ਵਿਚ ਮਰਦ ਦੀ ਹਰ ਗ਼ਲਤੀ ਦੀ ਸਜ਼ਾ ਵੀ ਔਰਤ ਨੂੰ ਹੀ ਮਿਲਦੀ ਹੈ। ਬੀਬੋ ਦੀਆਂ ਦਰਾਣੀਆਂ ਦੇ ਉਸ ਤੋਂ ਬਾਅਦ ਜਾ ਕੇ ਬੱਚੇ ਹੋ ਗਏ।

ਬੀਬੋ ਹਰ ਸਮੇਂ ਆਪਣੇ ਆਪ ਨੂੰ ਉਨ੍ਹਾਂ ਦੇ ਬੱਚਿਆਂ 'ਚ ਪਰਚਾਈ ਰੱਖਦੀ ਪਰ ਸੱਸ ਤੇ ਦਰਾਣੀਆਂ ਬਾਂਝ ਹੋਣ ਦਾ ਮਿਹਣਾ ਦਿੰਦੀਆਂ। ਦਰਾਣੀ ਦਾ ਛੋਟਾ ਮੁੰਡਾ ਬਿਮਾਰ ਹੋ ਗਿਆ ਤਾਂ ਸਾਰਾ ਇਲਜ਼ਾਮ ਵੀ ਬੀਬੋ 'ਤੇ ਆ ਗਿਆ ਕਿਉਂਕਿ ਉਹ ਹਰ ਸਮੇਂ ਬਾਂਝ ਔਰਤ ਨਾਲ ਫਿਰਦਾ ਸੀ ਉਨ੍ਹਾਂ ਨੇ ਬੀਬੋ ਨੂੰ ਅਲੱਗ ਕਰ ਦਿੱਤਾ ਇਕੱਲੀ ਬੀਬੋ ਦਾ ਮਨ ਨਾ ਲੱਗਦਾ ਪਰ ਫੇਰ ਉਹਨੇ ਆਪਣੇ ਆਪ ਨੂੰ ਆਂਢ ਗੁਆਂਢ ਦੇ ਕੰਮਾਂ ਵਿਚ ਪਰਚਾ ਲਿਆ। ਕਿਸੇ ਦਾ ਕੋਈ ਕੰਮ ਹੋਵੇ ਉਹ ਆਪ ਮੂਹਰੇ ਹੋ ਕੇ ਕਰਾਉਂਦੀ। ਕਿਸੇ ਦੇ ਘਰ 'ਚ ਵਿਆਹ ਹੁੰਦਾ ਜਾਂ ਸੋਗ ਜਾਂ ਫਿਰ ਜਣੇਪੇ ਦਾ ਘਰ ਹੁੰਦਾ, ਕੋਈ ਵੀ ਕੰਮ ਬੀਬੋ ਤੋਂ ਬਿਨਾਂ ਨਹੀਂ ਸੀ ਹੁੰਦਾ।

ਸਾਰੇ ਸ਼ਰੀਕੇ 'ਚ ਬੀਬੋ ਬੀਬੋ ਹੁੰਦੀ। ਉਹ ਲੋਕਾਂ ਦੇ ਘਰੀਂ ਬੈਠੀ ਗੱਲਾਂ ਕਰਦੀ ਰਹਿੰਦੀ। ਫਿਰ ਇਕ ਦਿਨ ਪਿਓ ਵੀ ਮਰ ਗਿਆ ਬੀਬੋ ਦਾ। ਉਦੋਂ ਸੰਤੀ ਦੇ ਘਰ ਬੱਚਾ ਹੋਣ ਵਾਲਾ ਸੀ। ਬੀਬੋ ਤਿੰਨ ਮਹੀਨੇ ਪੇਕੇ ਹੀ ਰਹੀ ਪਿਓ ਦੇ ਜਾਣ ਦਾ ਗ਼ਮ ਭਤੀਜੇ ਦੇ ਆਉਣ ਦੀ ਖ਼ੁਸ਼ੀ ਵਿਚ ਬਦਲ ਗਿਆ ਪਰ ਇਕ ਦਿਨ ਪੇਕੇ ਵੱਡਾ ਕਲੇਸ਼ ਪੈ ਗਿਆ। ਸੰਤੀ ਦੀਆਂ ਵਾਲੀਆਂ ਚੋਰੀ ਹੋ ਗਈਆਂ ਤੇ ਸਾਰਾ ਇਲਜ਼ਾਮ ਬੀਬੋ ਦੇ ਘਰ ਵਾਲੇ 'ਤੇ ਆ ਗਿਆ ਜੋ ਸ਼ਰਾਬ ਦੇ ਨਸ਼ੇ 'ਚ ਧੁੱਤ ਕਈ ਵਾਰ ਰਾਤੀ ਉਨ੍ਹਾਂ ਦੇ ਘਰ ਰੁਕਿਆ ਸੀ।

ਪੁੱਛਣ 'ਤੇ ਉਹਨੇ ਬੀਬੋ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਭਰਾ ਦੇ ਘਰ ਰਹਿਣ ਦੀ ਹੀ ਧਮਕੀ ਦਿੱਤੀ। ਬਲਵੀਰ ਨੇ ਆਪਣੀ ਨਿਰਦੋਸ਼ ਭੈਣ ਦਾ ਪੱਖ ਲੈਂਦਿਆਂ ਸੰਤੀ ਨੂੰ ਬਹੁਤ ਸਮਝਾਇਆ ਪਰ ਉਹ ਕਿਸੇ ਬਾਂਝ ਔਰਤ ਦਾ ਪਰਛਾਵਾਂ ਵੀ ਆਪਣੇ ਬੱਚੇ 'ਤੇ ਨਹੀਂ ਸੀ। ਪੈਣ ਦੇਣਾ ਚਾਹੁੰਦੀ ਬੀਬੋ ਨੇ ਵਾਲਿਆਂ ਦੇ ਪੈਸੇ ਦੇ ਦਿੱਤੇ ਪਰ ਭਰਜਾਈ ਨੇ ਰਿਸ਼ਤਾ ਹਮੇਸ਼ਾਂ ਲਈ ਖ਼ਤਮ ਕਰ ਲਿਆ।

ਬਹੁਤ ਉਤਰਾਅ ਚੜ੍ਹਾਅ ਆਏ ਬੀਬੋ ਦੀ ਜ਼ਿੰਦਗੀ 'ਚ ਪਰ ਬੀਬੋ ਨੇ ਆਪਣੀ ਮਾਂ ਦੀ ਨਿਸ਼ਾਨੀ ਆਪਣੇ ਕੰਨੋਂ ਨਾ ਉਤਾਰੀ। ਹੁਣ ਪੇਕਿਆਂ ਦੀ ਇਹ ਆਖਰੀ ਨਿਸ਼ਾਨੀ ਸੀ ਉਹਦੇ ਕੋਲ, ਉਹਦੀ ਮਾਂ ਦੀਆਂ ਵਾਲੀਆਂ ਥੋੜ੍ਹੇ ਸਮੇਂ ਪਿੱਛੋਂ ਇਕ ਦਿਨ ਬੀਬੋ ਦਾ ਘਰਵਾਲਾ ਸ਼ਰਾਬ ਪੀਂਦਾ ਖੇਤ 'ਚ ਹੀ ਮਰ ਗਿਆ, ਸਵੇਰੇ ਪਤਾ ਲੱਗਾ। ਇਨ੍ਹਾਂ ਵੀਹ ਸਾਲਾਂ 'ਚ ਨਾ ਕਦੇ ਬੀਬੋ ਪੇਕੇ ਗਈ ਤੇ ਨਾ ਉੱਥੋਂ ਕੋਈ ਆਇਆ। ਬਲਵੀਰ ਵੀ ਕਦੀ ਨਾ ਆਇਆ ਰੱਖੜੀ ਬਣਾਉਣ ਬੀਬੋ ਦੇ ਹੌਲ ਉੱਠ ਦਾ, ਭਰਾ ਅਤੇ ਭਤੀਜੇ ਦਾ ਪਰ ਭਰਜਾਈ ਵੱਲੋਂ ਪੇਕੇ ਨਾ ਵੜਨ ਦੀ ਸਖ਼ਤ ਹਦਾਇਤ ਸੀ।

ਪਹਿਲਾਂ ਪਤੀ ਤੋਂ ਡਰਦੀ ਵੀ ਉਹ ਪੇਕੇ ਨਾ ਜਾਂਦੀ। ਬੀਬੋ ਦੇ ਪਤੀ ਦੀ ਮੌਤ 'ਤੇ ਉਹਦਾ ਸ਼ਰੀਕੇ ਚੋਂ ਤਾਇਆ ਆਇਆ ਤਾਂ ਪਤਾ ਲੱਗਾ ਕਿ ਬਲਵੀਰ ਤੇ ਉਹਦੀ ਘਰ ਵਾਲੀ ਸੰਤੀ ਨੂੰ ਤਾਂ ਭਤੀਜਾ ਕੈਨੇਡਾ ਲੈ ਗਿਆ। ਪਿਛਲੇ ਸਾਲ ਬੀਬੋ ਦੁਨੀਆ 'ਚ ਕੱਲੀ ਰਹਿ ਗਈ ਉਹਦਾ ਭਰਾ ਵਿਦੇਸ਼ ਚਲਾ ਗਿਆ। ਉਹਨੂੰ ਮਿਲ ਕੇ ਵੀ ਨਾ ਗਿਆ। ਕੱਲੀ ਬੈਠੀ ਉਹ ਸੋਚਦੀ ਤੇ ਰੋਂਦੀ ਰਹਿੰਦੀ। ਫਿਰ ਉਹਨੇ ਆਪਣਾ ਮਨ ਮਾਰ ਲਿਆ।

ਆਪਣੇ ਆਪ ਨੂੰ ਆਂਢ ਗੁਆਂਢ ਦੇ ਕੰਮਾਂ ਵਿਚ ਲਾ ਲਿਆ, ਜਿੱਥੇ ਦੁਪਹਿਰੇ ਜਾ ਕੇ ਬੈਠਦੀ ਉੱਥੋਂ ਹੀ ਰਾਤ ਦੀ ਰੋਟੀ ਖਾ ਕੇ ਉੱਠਦੀ। ਗੁਆਂਢੀ ਵੀ ਸੋਚਦੇ ਵਿਚਾਰੀ ਇਕੱਲੀ ਹੈ। ਨੂੰਹਾਂ ਧੀਆਂ ਕਹਿਰ ਦਿੰਦੀਆਂ ਬਹਿ ਜਾ ਬੀਬੀ ਦੋ ਰੋਟੀਆਂ ਇੱਥੇ ਹੀ ਖਾ ਲਈ। ਬੱਸ ਘਰੇ ਰਾਤੀ ਉਹ ਸੌਣ ਲਈ ਹੀ ਵੜਦੀ। ਫਿਰ ਇਕ ਦਿਨ ਪੇਕੇ ਪਿੰਡੋਂ ਇਕ ਕੁੜੀ ਦਾ ਰਿਸ਼ਤਾ ਹੋ ਗਿਆ ਉਹਦੇ ਸਹੁਰਿਆਂ ਦੇ ਪਿੰਡ, ਉਹਦੇ ਸ਼ਰੀਕੇ 'ਚ ਕੁੜੀ ਵਾਲਿਆਂ ਨੇ ਬੀਬੋ ਲਈ ਸੂਟ ਭੇਜਿਆ। ਪਿੰਡ ਦੀ ਧੀ ਤੇ ਕੁੜੀ ਦੀ ਭੂਆ ਹੋਣ ਦੇ ਨਾਂ 'ਤੇ' ਬੀਬੋ ਨੂੰ ਚਾਅ ਚੜ੍ਹ ਗਿਆ।

ਕੱਲੇ ਕੱਲੇ ਨੂੰ ਦੱਸਦੀ ਫਿਰੇ ਉਨ੍ਹਾਂ ਦੀ ਬਹੂ ਮੇਰੀ ਭਤੀਜੀ ਹੈ। ਵਿਆਹ 'ਚ ਚਾਈਂ ਚਾਈਂ ਬੀਬੋ ਮੋਹਰੇ ਭੱਜੀ ਫਿਰੇ। ਵਿਆਹ ਹੋ ਗਿਆ, ਕੁਝ ਦਿਨਾਂ ਬਾਅਦ ਬੀਬੋ ਨੇ ਆਪਣੀ ਦਰਾਣੀ ਦੀ ਨੂੰਹ ਨੂੰ ਬੁਲਾਇਆ ਕਿ ਮੈਂ ਨਵੀਂ ਵਿਆਹੀ ਨੂੰ ਰੋਟੀ ਕਰਨੀ ਹੈ ਪਰ ਘਰ 'ਚ ਕੁਝ ਵੀ ਨਹੀਂ ਸੀ। ਏਨੇ ਸਾਲਾਂ 'ਚ ਕਮਾਉਣ ਵਾਲਾ ਵੀ ਕੌਣ ਸੀ ਘਰ 'ਚ। ਤਾਈ ਬਾਕੀ ਤਾਂ ਫਿਰ ਵੀ ਹੋ ਜਾਓ, ਮੂੰਹ ਦਿਖਾਈ ਕੀ ਦੇਵੇਗੀ, ਨਵੀਂ ਵਿਆਹੀ ਨੂੰ। ਬੀਬੋ ਸੋਚੀਂ ਪੈ ਗਈ। ਅੱਖਾਂ ਪੂੰਝ ਕੇ ਹੌਲੀ ਜਿਹੀ ਮਾਂ ਦੀਆਂ ਵਾਲੀਆਂ ਕੰਨੋਂ ਲਾਹ ਲਈਆਂ ਕੁੜੀ ਵੀ ਤਾਂ ਦੇਖੇ, ਮੇਰੀ ਭੂਆ ਨੇ ਵਾਲੀਆਂ ਦਿੱਤੀਆਂ ਨੇ। ਬੀਬੋ ਨੇ ਲੰਮਾ ਹਉਕਾ ਲੈ ਕੇ ਕਿਹਾ। •

## ਪ੍ਰਾਪਤ ਪੁਸਤਕਾਂ

1
ਪੁਸਤਕ : **ਕਲੀਡੀਓਸਕੋਪ**
ਸੰਪਾਦਕ : **ਜਸਬੀਰ ਭੁੱਲਰ**
ਪੰਨੇ : **262** ਮੁੱਲ : **250/-**
ਪ੍ਰਕਾਸ਼ਕ : **ਲੋਕਗੀਤ ਪ੍ਰਕਾਸ਼ਨ, ਮੋਹਾਲੀ।**



2
ਪੁਸਤਕ : **ਬ੍ਰਹਿਮੰਡ ਦੇ ਆਰ ਪਾਰ**
ਲੇਖਕ : **ਅਜਾਇਬ ਕਮਲ**
ਪੰਨੇ : **398** ਮੁੱਲ : **395/-**
ਪ੍ਰਕਾਸ਼ਕ : **ਯੂਨੀਸਟਾਰ ਬੁੱਕਸ, ਚੰਡੀਗੜ੍ਹ।**



# ਸਾਹਿਤਕ ਬਗ਼ੀਚੇ ਦਾ ਟਹਿਕਦਾ ਫੁੱਲ ਪਰਗਟ ਸਿੰਘ ਸਤੌਜ

• **ਹਰਜੀਤ ਭੀਖੀ**
98141-42273

*ਸਤੌਜ ਪੰਜਾਬੀ ਦੇ ਪਹਿਲੀ ਕਤਾਰ ਦੇ ਕਥਾਕਾਰਾਂ 'ਚੋਂ ਇਕ ਹੈ। ਉਸ ਨੇ ਭਾਵੇਂ ਮਾਤਰਾ ਪੱਖੋਂ ਬਹੁਤਾ ਨਹੀਂ ਲਿਖਿਆ ਪਰ ਜਿੰਨਾ ਲਿਖਿਆ ਉਹ ਮਹੱਤਵਪੂਰਨ ਤੇ ਮਾਣਨਯੋਗ ਹੈ। ਉਸ ਦੀ ਪਹਿਲੀ ਪੁਸਤਕ ਹੀ ਪਾਠਕਾਂ ਤੇ ਆਲੋਚਕਾਂ 'ਚ ਚਰਚਾ ਦਾ ਵਿਸ਼ਾ ਬਣੀ...*

'ਤੂੰ ਬੰਦਾ ਬਣਜਾ' ਜਿਸ ਤਰ੍ਹਾਂ ਇਹ ਵਾਕ ਅਸੀਂ ਕਿਸੇ ਵਿਗੜੇ ਇਨਸਾਨ ਲਈ ਵਰਤਦੇ ਹਾਂ ਉਸੇ ਤਰ੍ਹਾਂ ਸਾਹਿਤ ਵੀ ਬੰਦੇ ਨੂੰ ਸੁਧਾਰ ਕੇ ਬੰਦਾ ਬਣਾਉਂਦਾ ਹੈ। ਕਿਤਾਬ ਨਾਲ ਨੇੜਤਾ ਸਾਡੀ ਸਮਾਜ ਨਾਲ ਨੇੜਤਾ ਵਧਾਉਂਦੀ ਹੈ। ਬਹੁਤ ਘੱਟ ਲੇਖਕ ਹਨ ਜਿਨ੍ਹਾਂ ਦੀ ਪਹਿਲੀ ਪੁਸਤਕ ਹੀ ਪਾਠਕਾਂ ਅਤੇ ਅਲੋਚਕਾਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਵੇ ਅਤੇ ਛੋਟੀ ਉਮਰੇ ਹੀ ਉਸ ਦੀਆਂ ਲਿਖਤਾਂ ਨੂੰ ਵੱਡੇ ਪੁਰਸਕਾਰਾਂ ਨਾਲ ਨਵਾਜਿਆ ਗਿਆ ਹੋਵੇ। ਅਜਿਹਾ ਹੀ ਖ਼ੁਸ਼ ਕਿਸਮਤ ਲੇਖਕ ਹੈ, ਨਾਵਲਕਾਰ ਪਰਗਟ ਸਿੰਘ ਸਤੌਜ।

ਸਤੌਜ ਪੰਜਾਬੀ ਦੇ ਪਹਿਲੀ ਕਤਾਰ ਦੇ ਕਥਾਕਾਰਾਂ ਵਿੱਚੋਂ ਇਕ ਹੈ। ਉਸ ਨੇ ਭਾਵੇਂ ਮਾਤਰਾ ਪੱਖੋਂ ਬਹੁਤਾ ਨਹੀਂ ਲਿਖਿਆ ਪਰ ਜਿੰਨਾ ਲਿਖਿਆ ਹੈ ਉਹ ਮਹੱਤਵਪੂਰਨ ਤੇ ਮਾਣਨਯੋਗ ਹੈ। ਕਾਲਜ ਪੜ੍ਹਦਿਆਂ ਉਨ੍ਹਾਂ ਦੀ ਕਵਿਤਾਵਾਂ ਦੀ ਪਹਿਲੀ ਕਿਤਾਬ 'ਤੇਰਾ ਪਿੰਡ' ਛਪੀ। 2009 ਵਿਚ ਪਹਿਲਾ ਨਾਵਲ 'ਭਾਗੂ' ਲੋਕ ਕਚਹਿਰੀ ਵਿਚ ਆਇਆ, ਜਿਸ ਨੇ ਪਰਗਟ ਸਿੰਘ ਸਤੌਜ ਨੂੰ ਸਾਹਿਤ ਵਿਚ ਪਛਾਣ ਦਿੱਤੀ। ਪਾਠਕ ਤੇ ਅਲੋਚਕਾਂ ਦੀ ਖਿੱਚ ਦਾ ਕੇਂਦਰ ਰਹੇ 'ਭਾਗੂ' ਨਾਵਲ ਦੇ ਕਈ ਅਡੀਸ਼ਨ ਛਪੇ। ਉਸ ਤੋਂ ਬਾਅਦ 2012 ਵਿਚ ਉਨ੍ਹਾਂ ਦਾ ਦੂਜਾ ਨਾਵਲ 'ਤੀਵੀਆਂ' ਪ੍ਰਕਾਸ਼ਿਤ ਹੋਇਆ। ਜਿਸ ਨੂੰ ਛਪਣ ਦੇ ਕੁਝ ਸਮਾਂ ਬਾਅਦ 'ਭਾਰਤੀ ਸਾਹਿਤ ਅਕਾਦਮੀ ਦੇ ਯੁਵਾ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ। ਤਿੰਨ ਸਾਲਾ ਦੇ ਅੰਦਰ ਹੀ ਇਸ ਨਾਵਲ ਦੇ ਚਾਰ ਅਡੀਸ਼ਨ ਛਪ ਗਏ। 2016 ਵਿਚ ਆਇਆ ਤੀਸਰਾ ਨਾਵਲ 'ਖ਼ਬਰ ਇਕ ਪਿੰਡ ਦੀ' ਵੀ ਕਾਫ਼ੀ ਚਰਚਿਤ ਰਿਹਾ। ਇਸ ਨਾਵਲ ਨੂੰ 25000 ਕਨੇਡੀਅਨ ਡਾਲਰ ਦਾ 2017 ਦਾ 'ਢਾਹਾਂ ਇੰਟਰਨੈਸ਼ਨਲ ਲਿਟਰੇਰੀ ਅਵਾਰਡ' ਨਾਲ ਨਵਾਜਿਆ ਗਿਆ। ਤਿੰਨ ਨਾਵਲ ਲਿਖ ਕੇ ਹੀ ਸਤੌਜ ਉੱਚ ਕੋਟੀ ਦੇ ਨਾਵਲਕਾਰਾ ਵਿਚ ਸ਼ਾਮਿਲ ਹੋ ਗਿਆ। ਨਾਵਲ ਮਕਬੂਲ ਹੋਣ ਦਾ ਕਾਰਨ ਉਸ ਦੀ ਵਿਲੱਖਣ ਸ਼ੈਲੀ, ਬੋਲਚਾਲੀ ਭਾਸ਼ਾ, ਵਿਸ਼ਿਆ ਦੀ ਭਿੰਨਤਾ ਤੇ ਨਾਵਲੀ ਰੋਚਕਤਾ ਹੈ, ਜੋ ਪਾਠਕ ਨੂੰ ਆਪਣੇ ਨਾਲ ਉਂਗਲ ਫੜ ਕੇ ਤੋਰਦੀ ਹੈ।

ਪਰਗਟ ਸਿੰਘ ਸਤੌਜ ਦਾ ਜਨਮ 10 ਫਰਵਰੀ 1981 ਨੂੰ ਪਿਤਾ ਮੇਲਾ ਸਿੰਘ ਤੇ ਮਾਤਾ ਪਾਲ ਕੌਰ ਦੇ ਘਰ ਸੰਗਰੂਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਸਤੌਜ 'ਚ ਹੋਇਆ। ਪਰਗਟ ਆਪਣੇ ਪਿੰਡ ਹੀ ਬਤੌਰ ਅਧਿਆਪਕ ਸਰਕਾਰੀ ਸਕੂਲ ਵਿਚ ਆਪਣੀ ਸੇਵਾ ਨਿਭਾ ਰਿਹਾ ਹੈ। ਸਤੌਜ ਪਿੰਡ ਰਾਜਨੀਤਕ ਪਿੰਡਾਂ ਵਿੱਚੋਂ ਇਕ ਹੈ। ਸਿਆਸਤ ਵਿਚ ਪੈਰ ਜਮਾ ਚੁੱਕਾ ਭਗਵੰਤ ਮਾਨ ਵੀ ਇਸੇ ਪਿੰਡ ਨਾਲ ਸਬੰਧ ਰੱਖਦਾ ਹੈ। ਪਰ ਪਿੰਡ ਦੇ ਲੋਕਾਂ ਦੀ ਰੁਚੀ



ਪੜ੍ਹਣ ਲਿਖਣ ਵੱਲ ਉੱਕਾ ਹੀ ਨਹੀਂ ਸੀ। ਫੇਰ ਪਰਗਟ ਨੇ ਕੁਝ ਮਿੱਤਰਾਂ ਨਾਲ ਰਲ ਕੇ ਪਿੰਡ ਲਾਇਬ੍ਰੇਰੀ ਸ਼ੁਰੂ ਕੀਤੀ ਤੇ ਪਿੰਡ ਨੂੰ ਕਿਤਾਬਾਂ ਤੇ ਸਾਹਿਤ ਨਾਲ ਜੋੜਿਆ।

ਪਰਗਟ ਨੇ ਭਾਰਤੀ ਸਾਹਿਤ ਦੇ ਨਾਲ ਵਿਦੇਸ਼ੀ ਸਾਹਿਤ ਵੀ ਪੜ੍ਹਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ੁਰੂ ਸ਼ੁਰੂ ਵਿਚ ਉਸ ਨੂੰ 'ਜਸਵੰਤ ਸਿੰਘ ਕੰਵਲ' ਦੇ 'ਪੂਰਨਮਾਸ਼ੀ' ਨਾਵਲ ਨੇ ਬਹੁਤ ਪ੍ਰਭਾਵਿਤ ਕੀਤਾ ਜਿਸ ਨੂੰ ਸਤੌਜ ਨੇ 5-6 ਵਾਰ ਪੜ੍ਹਿਆ। ਕੰਵਲ ਤੋਂ ਬਾਅਦ ਬਲਦੇਵ ਸਿੰਘ ਸੜਕਨਾਮਾਂ ਤੇ ਮਨਮੋਹਨ ਬਾਵਾ ਉਨ੍ਹਾਂ ਦੇ ਪਸੰਦੀਦਾ ਲੇਖਕ ਹਨ। ਪਰਗਟ ਕਹਿੰਦਾ ਹੈ ਕਿ ਅਵਾਰਡ ਲੇਖਕ ਲਈ ਖਾਦ ਦਾ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਅਵਾਰਡ ਲੈ ਕੇ ਮੈਂ ਕੋਈ ਵੱਡਾ ਜਾਂ ਉੱਚਾ ਲੇਖਕ ਨਹੀਂ ਬਣਿਆ ਸਗੋਂ ਮੇਰੀ ਸਾਹਿਤ ਪ੍ਰਤੀ ਜ਼ਿੰਮੇਵਾਰੀ ਹੋਰ ਵਧ ਗਈ ਤੇ ਮੇਰੇ ਤੋਂ ਪਾਠਕਾਂ ਦੀਆਂ ਉਮੀਦਾ ਹੋਰ ਵਧ ਗਈਆਂ।

ਪਾਠਕਾਂ ਦੀ ਗਿਣਤੀ ਘਟਣ ਬਾਰੇ ਪਰਗਟ ਕਹਿੰਦਾ ਹੈ ਕਿ ਇਸ ਦਾ ਜ਼ਿੰਮੇਵਾਰ ਲੇਖਕ ਖ਼ੁਦ ਹੈ। ਜੇਕਰ 100 ਕਿਤਾਬ ਛਪਦੀ ਹੈ ਤਾਂ ਇਕ ਦੋ ਹੀ ਪੜ੍ਹਨਯੋਗ ਹੁੰਦੀਆਂ ਹਨ ਤੇ ਬਾਕੀ ਕਿਤਾਬਾਂ ਪੜ੍ਹ ਕੇ ਪਾਠਕ ਸਾਹਿਤ ਨਾਲੋਂ ਟੁਟਦਾ ਹੈ। ਵਧੀਆ ਲਿਖਤਾ ਹੀ ਪਾਠਕ ਦਾ ਕਿਤਾਬਾਂ ਤੇ ਸਾਹਿਤ ਨਾਲ ਮੋਹ ਪਾਉਂਦੀਆ ਹਨ। ਉਸ ਦਾ ਇਹ ਵੀ ਕਹਿਣਾ ਹੈ ਕਿ ਲੇਖਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਚੰਗੀਆਂ ਕਿਤਾਬਾਂ ਬਾਰੇ ਸੋਸ਼ਲ ਮੀਡੀਆ ਤੇ ਚਰਚਾ ਕਰਨ ਤਾਂ ਕਿ ਵਧੀਆ ਕਿਤਾਬਾਂ ਆਮ ਪਾਠਕਾਂ ਤਕ ਆਸਾਨੀ ਨਾਲ ਪਹੁੰਚ ਸਕਣ।

ਉਨ੍ਹਾਂ ਦਾ ਨਵਾਂ ਨਾਵਲ 'ਨਾਚਫ਼ਰੋਸ਼' ਹੈ। ਇਹ ਨਾਵਲ ਆਰਕੈਸਟਰਾਂ ਲਾਇਨ ਉਪਰ ਅਧਾਰਿਤ ਹੈ। ਸਤੌਜ ਕਹਿੰਦਾ ਹੈ ਕਿ ਸਟੇਜ 'ਤੇ ਕੰਮ ਕਰਦੀਆਂ ਕੁੜੀਆਂ ਕਿੱਥੋਂ, ਕਿਵੇਂ ਤੇ ਕਦੋਂ ਆਉਂਦੀਆਂ ਅਤੇ ਉਨ੍ਹਾਂ ਦੀ ਮਾਨਸਿਕਤਾ ਕਿਸ ਤਰ੍ਹਾਂ ਦੀ ਹੁੰਦੀ ਹੈ, ਇਸ ਵਿਸ਼ੇ ਉਪਰ ਕਈ ਸਾਲ ਮੁਸ਼ੱਕਤ ਤੋਂ ਬਾਅਦ ਇਹ ਨਾਵਲ ਲਿਖਿਆ ਗਿਆ ਹੈ। ਮੇਰੀ ਅਰਦਾਸ ਹੈ ਕਿ ਪੰਜਾਬੀ ਬੋਲੀ ਲਈ ਫ਼ਿਕਰਮੰਦ ਤੇ ਮਾਲਵੇ ਦੇ ਝੰਡਾਬਰਦਾਰ ਪਰਗਟ ਸਿੰਘ ਸਤੌਜ ਇਸੇ ਤਰ੍ਹਾਂ ਲਿਖਤਾਂ ਸਾਡੀ ਝੋਲੀ ਪਾਉਂਦਾ ਰਹੇ। •

# ਹਰ ਪਾਸੇ ਭਗਵਾਨ ਦਾ ਵਾਸ

**ਸੁਰਿੰਦਰ ਮਾਣੂੰਕੇ ਗਿੱਲ**

ਭਗਵਾਨ ਕਿੱਥੇ ਹੈ, ਕਿੱਥੇ ਰਹਿੰਦਾ ਹੈ, ਇਸ ਬਾਰੇ ਸਿਰਫ਼ ਉਹ ਹੀ ਜਾਣ ਸਕਦੇ ਹਨ, ਜਿਨ੍ਹਾਂ ਨੇ ਇਨ੍ਹਾਂ ਸਵਾਲਾਂ ਨੂੰ ਆਪਣੇ ਮਨ ਵਿੱਚੋਂ ਕੱਢਕੇ ਭਗਵਾਨ ਨੂੰ ਹੀ ਮਨ ਵਿਚ ਵਸਾ ਲਿਆ ਹੈ। ਇਹ ਭਗਤ ਲੋਕ ਭਗਵਾਨ ਨੂੰ ਸਿਰਫ਼ ਆਪਣੇ ਮਨ ਵਿਚ ਹੀ ਨਹੀਂ ਦੇਖਦੇ ਸਗੋਂ ਹਰ ਪਾਸੇ ਦੇਖਦੇ ਹਨ, ਇਹ ਉਹ ਭਗਤ ਹਨ ਜਿਨ੍ਹਾਂ ਵਿੱਚੋਂ ਧੰਨੇ ਭਗਤ ਨੇ ਪੱਥਰ ਵਿੱਚੋਂ ਭਗਵਾਨ ਨੂੰ ਪਾਇਆ ਅਤੇ ਪ੍ਰਹਲਾਦ ਭਗਤ ਨੇ ਖੰਬੇ ਵਿੱਚੋਂ ਵੀ ਪਾ ਲਿਆ। ਅਜਿਹੇ ਭਗਤਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ। ਇਨ੍ਹਾਂ ਵਿੱਚੋਂ ਗੋਸਵਾਮੀ ਤੁਲਸੀ ਦਾਸ ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ। ਉਨ੍ਹਾਂ ਨੂੰ ਵੀ ਰੱਬ ਹਰ ਪਾਸੇ ਅਤੇ ਹਰ ਚੀਜ਼ ਵਿਚ ਦਿਖਾਈ ਦਿੰਦਾ ਸੀ।



ਇਕ ਵਾਰ ਤੁਲਸੀ ਦਾਸ ਜੀ ਕਿਤਿਓਂ ਵਾਪਸ ਮੁੜ ਰਹੇ ਸਨ ਤਾਂ ਉਨ੍ਹਾਂ ਦਾ ਸਾਹਮਣਾ ਕੁਝ ਚੋਰਾਂ ਨਾਲ ਹੋ ਗਿਆ। ਚੋਰਾਂ ਨੇ ਪੁੱਛਿਆ ਕਿ ਤੂੰ ਕੌਣ ਹੈ, ਇੰਨੀ ਰਾਤ ਨੂੰ ਕਿੱਥੋਂ ਆ ਰਿਹਾ ਹੈ? ਤੁਲਸੀ ਦਾਸ ਨੂੰ ਤਾਂ ਹਰ ਪਾਸੇ ਰੱਬ ਹੀ ਦਿਖਾਈ ਦਿੰਦਾ ਸੀ, ਇਸ ਲਈ ਉਸ ਨੇ ਚੋਰਾਂ ਨੂੰ ਕਿਹਾ ਕਿ ਜੋ ਤੁਸੀਂ ਹੋ, ਉਹ ਹੀ ਮੈਂ ਹਾਂ। ਚੋਰਾਂ ਨੇ ਸਮਝਿਆ ਕਿ ਇਹ ਵੀ ਸਾਡੇ ਵਾਂਗ ਚੋਰ ਹੀ ਹੈ। ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਰਲਾ ਲਿਆ ਅਤੇ ਅੱਗੇ ਜਾ ਕੇ ਇਕ ਘਰ ਵਿਚ ਚੋਰੀ ਕਰਨ ਤੋਂ ਪਹਿਲਾਂ ਉਸ ਨੂੰ ਕਿਹਾ ਕਿ ਉਹ ਬਾਹਰ ਖੜ੍ਹਕੇ ਨਿਗ੍ਹਾ ਰੱਖੇ ਅਤੇ ਜਦੋਂ ਕੋਈ ਆਵੇ ਤਾਂ ਸਾਨੂੰ ਕਿਸੇ ਤਰੀਕੇ ਨਾਲ ਸੂਚਿਤ ਕਰ ਦੇਵੇ। ਚੋਰ ਚੋਰੀ ਕਰਨ ਲਈ ਘਰ ਵਿਚ ਚਲੇ ਗਏ, ਉਨ੍ਹਾਂ ਦੇ ਜਾਣ ਤੋਂ ਬਾਅਦ ਤੁਲਸੀ ਦਾਸ ਨੇ ਆਪਣਾ ਸੰਖ ਵਜਾ ਦਿੱਤਾ। ਚੋਰਾਂ ਨੇ ਸਮਝਿਆ ਕਿ ਕੋਈ ਆ ਗਿਆ ਹੈ। ਇਸ ਲਈ ਉਹ ਬਿਨਾਂ ਕੁਝ ਚੋਰੀ ਕੀਤਿਆਂ ਬਾਹਰ ਆ ਗਏ। ਬਾਹਰ ਆ ਕੇ ਉਨ੍ਹਾਂ ਨੇ ਦੇਖਿਆ ਕਿ ਕੋਈ ਵੀ ਨਹੀ ਆਇਆ ਸੀ। ਉਨ੍ਹਾਂ ਨੇ ਤੁਲਸੀ ਦਾਸ ਨੂੰ ਗੁੱਸੇ ਨਾਲ ਪੁੱਛਿਆ ਕਿ ਜਦੋਂ ਕੋਈ ਆਇਆ ਹੀ ਨਹੀਂ ਤਾਂ ਤੂੰ ਸੰਖ ਕਿਉਂ ਵਜਾਇਆ? ਤੁਲਸੀ ਦਾਸ ਨੇ ਕਿਹਾ ਕਿ ਤੁਹਾਡੇ ਜਾਣ ਤੋਂ ਬਾਅਦ ਮੈਂ ਚਾਰੇ ਪਾਸੇ ਦੇਖਿਆ ਤਾਂ ਮੈਨੂੰ ਪ੍ਰਭੂ ਰਾਮ ਨਜ਼ਰ ਆਏ। ਮੈਂ ਸੋਚਿਆ ਕਿ ਤੁਹਾਨੂੰ ਉਨ੍ਹਾਂ ਚੋਰੀ ਕਰਦੇ ਦੇਖ ਲਿਆ ਹੈ ਅਤੇ ਚੋਰੀ ਕਰਨੀ ਪਾਪ ਹੈ। ਤੁਹਾਨੂੰ ਸਜ਼ਾ ਦੇਣਗੇ, ਇਸ ਲਈ ਤੁਹਾਨੂੰ ਸਾਵਧਾਨ ਕਰਨਾ ਮੈਂ ਠੀਕ ਸਮਝਿਆ। ਇਹ ਸੁਣਕੇ ਇਕ ਚੋਰ ਬੋਲਿਆ ਕਿ ਭਗਵਾਨ ਤੈਨੂੰ ਕਿੱਥੇ ਨਜ਼ਰ ਆਏ। ਤੁਲਸੀ ਦਾਸ ਜੀ ਬੋਲੇ, ਰੱਬ ਦਾ ਵਾਸ ਕਿੱਥੇ ਨਹੀਂ ਹੈ? ਉਹ ਤਾਂ ਅੰਤਰਯਾਮੀ ਹੈ ਅਤੇ ਉਸ ਦਾ ਸਭ ਪਾਸੇ ਵਾਸ ਹੈ। ਮੈਨੂੰ ਤਾਂ ਉਹ ਇਸ ਵੇਲੇ ਦੁਨੀਆ ਵਿਚ ਸਭ ਪਾਸੇ ਨਜ਼ਰ ਆ ਰਿਹਾ ਹੈ। ਚੋਰਾਂ ਨੇ ਸੁਣਿਆ ਤਾਂ ਉਹ ਸਮਝ ਗਏ ਕਿ ਇਹ ਕੋਈ ਚੋਰ ਨਹੀਂ, ਸਗੋਂ ਮਹਾਤਮਾ ਹਨ। ਉਨ੍ਹਾਂ ਦੇ ਮਨ ਵਿਚ ਇਕਦਮ ਤੁਲਸੀ ਦਾਸ ਜੀ ਸ਼ਰਧਾ ਦੀ ਭਾਵਨਾ ਜਾਗ ਪਈ ਅਤੇ ਉਹ ਉਨ੍ਹਾਂ ਦੇ ਪੈਰਾਂ 'ਚ ਡਿੱਗ ਪਏ। ਉਨ੍ਹਾਂ ਚੋਰੀ ਕਰਨੀ ਛੱਡ ਦਿੱਤੀ ਅਤੇ ਉਨ੍ਹਾਂ ਦੇ ਚੇਲੇ ਬਣ ਗਏ।

8872321000

## ਅਮਲਿ ਸਾਲਿਹ

ਅਮਲਿ ਸਾਲਿਹ ਤੋਂ ਭਾਵ ਹੈ ਨੇਕ ਅਮਲ। ਅਮਲਿ ਸਾਲਿਹ ਉੱਤੇ ਇਸਲਾਮ ਅਤੇ ਸੂਫ਼ੀ ਵਿਚਾਰਧਾਰਾ ਵਿਚ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਕੁਰਆਨ ਮਜੀਦ ਦੀ ਸੂਰਹਾ ਅਲ-ਕਹਫ਼ ਦੀ ਆਇਤ ਨੰਬਰ 110 ਵਿਚ ਹਦਾਇਤ ਕੀਤੀ ਗਈ ਹੈ ਕਿ ਜੇ ਕੋਈ ਰੱਬ ਨੂੰ ਮਿਲਣ ਦਾ ਚਾਹਵਾਨ ਹੋਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਭਲੇ ਕਰਮ ਕਮਾਵੇ ਅਤੇ ਇਬਾਦਤ ਵਿਚ ਆਪਣੇ ਰੱਬ ਨਾਲ ਕਿਸੇ ਨੂੰ ਸ਼ਰੀਕ ਨਾ ਕਰੇ। ਇਸ ਤਰ੍ਹਾਂ ਕੁਰਆਨ ਮਜੀਦ ਇਸ ਗੱਲ ਨੂੰ ਵੀ ਮਾਨਤਾ ਦਿੰਦਾ ਹੈ ਕਿ ਜੇ ਕੋਈ ਨੇਕ ਅਮਲ ਕਰਦਾ ਹੈ ਤਾਂ ਆਪਣੇ ਲਈ ਕਰਦਾ ਹੈ, ਮਾੜੇ ਕੰਮ ਕਰਦਾ ਹੈ ਤੇ ਆਪਣੇ ਲਈ ਬੁਰਾ ਕਰਦਾ ਹੈ। ਕੁਰਆਨ ਮਜੀਦ ਦੀ ਸੂਰਹਾ ਹਾ-ਮੀਮ ਅਸ-ਸਜਦਾ ਦੀ ਆਇਤ ਨੰਬਰ 46 ਵਿਚ ਜ਼ਿਕਰ ਹੈ ਕਿ ਜਿਹੜਾ ਕੋਈ ਭਲਾਈ ਕਰੇਗਾ, ਆਪਣੇ ਲਈ ਹੀ ਭਲਾ ਕਰੇਗਾ। ਜੇ ਕੋਈ ਬੁਰਾਈ ਕਰੇਗਾ, ਉਸ ਦਾ ਦੋਸ਼ ਉਸ ਉੱਤੇ ਹੋਵੇਗਾ। ਸੋ ਸਭ ਧਰਮਾਂ, ਮਜ਼ਹਬਾਂ ਦੀ ਤਰ੍ਹਾਂ ਇਸਲਾਮ ਅਤੇ ਸੂਫ਼ੀਮਤ ਵਿਚ ਨੇਕ ਅਮਲ ਕਰਨ ਦੀ ਨਸੀਹਤ ਕੀਤੀ ਗਈ ਹੈ ਅਤੇ ਬੁਰੇ ਅਮਲਾਂ ਤੋਂ ਬਚਣ ਲਈ ਕਿਹਾ ਗਿਆ ਹੈ। ਹਦੀਸ ਸ਼ਰੀਫ਼ ਵਿਚ ਹਜ਼ਰਤ ਸਫ਼ਵਾਨ ਅਬਦੁੱਲਾ ਬਿਨ ਬਸਰ, (ਰਜ਼ੀ) ਤੋਂ ਰਿਵਾਇਤ ਹੈ ਕਿ ਹਜ਼ੂਰ (ਸ.) ਨੇ ਫ਼ਰਮਾਇਆ,'ਸਭ ਤੋਂ ਬਿਹਤਰ ਆਦਮੀ ਉਹ ਹੈ ਜਿਸ ਦੀ ਉਮਰ ਲੰਬੀ ਹੋਵੇ ਅਤੇ ਅਮਲ ਚੰਗੇ ਹੋਣ।' ਪੰਜਾਬ ਦੇ ਸੂਫ਼ੀ ਦਰਵੇਸ਼ਾਂ ਦੇ ਕਲਾਮ ਵਿਚ ਅਕਸਰ ਨੇਕ ਅਮਲਾਂ ਦੀ ਹਦਾਇਤ ਹੈ ਚਾਹੇ ਕਲਾਮ ਹਜ਼ਰਤ ਬਾਬਾ ਸ਼ੇਖ਼ ਫ਼ਰੀਦ ਦਾ ਹੋਵੇ, ਚਾਹੇ ਹਜ਼ਰਤ ਸ਼ਾਹ ਹੁਸੈਨ ਦਾ, ਚਾਹੇ ਹਜ਼ਰਤ ਸੁਲਤਾਨ ਬਾਹੂ ਦਾ, ਚਾਹੇ ਹਜ਼ਰਤ ਬਾਬਾ ਬੁੱਲ੍ਹੇ ਸ਼ਾਹ ਦਾ ਅਤੇ ਚਾਹੇ ਹਜ਼ਰਤ ਖ਼ਵਾਜਾ ਗ਼ੁਲਾਮ ਫ਼ਰੀਦ ਦਾ।

• **ਪ੍ਰੋ. ਗੁਰਚਰਨ ਸਿੰਘ ਤਲਵਾੜਾ**, 94634-63193



ਖਿਦਰਾਣੇ ਦੀ ਢਾਬ 'ਤੇ ਹੋਏ ਜ਼ਬਰਦਸਤ ਯੁੱਧ 'ਚ ਲੋਕਾਂ ਦੀ ਸਾਂਝੀ ਸ਼ਕਤੀ ਅੱਗੇ ਸ਼ਾਹੀ ਫ਼ੌਜ ਦੀਆਂ ਤੋਪਾਂ ਵੀ ਬੇਕਾਰ ਹੋ ਗਈਆਂ ਤੇ ਉਸ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ। ਗੁਰੂ ਜੀ ਨੇ ਇਹ ਸਿੱਧ ਕਰ ਦਿੱਤਾ ਕਿ ਜਦੋਂ ਲੋਕਾਂ ਵਿਚ ਰੋਹ ਜਾਗਦਾ ਹੈ ਤਾਂ ਵੱਡੀ ਤੋਂ ਵੱਡੀ ਤਾਕਤ ਦੀਆਂ ਵੀ ਜੜ੍ਹਾਂ ਪੁੱਟੀਆਂ ਜਾਂਦੀਆਂ ਹਨ...

# ਲੋਕ ਸ਼ਕਤੀ ਦੀ ਜਿੱਤ ਦਾ ਪ੍ਰਤੀਕ ਸ੍ਰੀ ਮੁਕਤਸਰ ਸਾਹਿਬ



ਡਾ. ਰਣਜੀਤ ਸਿੰਘ

**ਗੁਰੂ ਨਾਨਕ ਦੇਵ ਜੀ ਨੇ ਜਬਰ ਜ਼ੁਲਮ ਵਿਰੁੱਧ ਆਪਣੇ ਆਪ ਨੂੰ ਨਿਮਾਣੇ ਸਮਝ ਸਭ ਧੱਕੇਸ਼ਾਹੀਆਂ ਸਹਿਣ ਕਰ ਰਹੇ ਲੋਕਾਂ 'ਚ ਹੱਕ-ਸੱਚ ਦੀ ਰਾਖੀ ਅਤੇ ਸਵੈਮਾਣ ਲਈ ਸੰਘਰਸ਼ ਦੀ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ ਉਸ ਦੀ ਸੰਪੂਰਨਤਾ ਖਿਦਰਾਣੇ ਦੀ ਢਾਬ ਜਿਸ ਨੂੰ ਹੁਣ ਮੁਕਤਸਰ ਸਾਹਿਬ ਆਖਿਆ ਜਾਂਦਾ ਹੈ ਵਿਖੇ ਹੋਈ...**

ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਣਾ ਕੀਤੀ। ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਇਕ ਅਜਿਹੇ ਸਿੱਖ ਦੀ ਮੰਗ ਕੀਤੀ ਜਿਹੜਾ ਆਪਣਾ ਸੀਸ ਗੁਰੂ ਜੀ ਨੂੰ ਭੇਟ ਕਰ ਸਕੇ। ਇੰਝ ਉਨ੍ਹਾਂ ਨੇ ਪੰਜ ਮਰਜੀਵੜਿਆਂ ਦੀ ਚੋਣ ਕੀਤੀ। ਜਿਨ੍ਹਾਂ ਨੂੰ ਅੰਮ੍ਰਿਤ ਛਕਾ ਪੰਜ ਪਿਆਰਿਆਂ ਦਾ ਰੂਪ ਦਿੱਤਾ। ਇਹ ਪੰਜ ਪਿਆਰੇ ਸਾਰੇ ਦੇਸ਼ ਅਤੇ ਸਾਰੀਆਂ ਜਾਤਾਂ ਦੀ ਪ੍ਰਤੀਨਿੱਧਤਾ ਕਰਦੇ ਸਨ। ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਮਾਣ ਬਖਸ਼ਦੇ ਹੋਇਆਂ ਇਨ੍ਹਾਂ ਤੋਂ ਆਪ ਅੰਮ੍ਰਿਤ ਲਈ ਬੇਨਤੀ ਕੀਤੀ। ਇੰਝ ਇਨ੍ਹਾਂ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ ਗੁਰੂ ਚੇਲੇ ਵਿਚਲੇ ਫ਼ਰਕ ਨੂੰ ਮੇਟ ਦਿੱਤਾ। ਸਿੱਖਾਂ ਨੂੰ ਇੰਨਾ ਵੱਡਾ ਮਾਣ ਪ੍ਰਾਪਤ ਹੋਇਆ ਤੇ ਉਹ ਆਪਣੇ ਗੁਰੂ ਲਈ ਆਪਣਾ ਸਭੋ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਏ। ਗੁਰੂ ਜੀ ਨੇ ਤਲਵਾਰ ਦੇ ਇਕੋ ਝਟਕੇ ਨਾਲ ਮੁੱਢ ਕਦੀਮ ਤੋਂ ਜਾਤ, ਰੰਗ, ਅਮੀਰੀ ਆਦਿ ਦੇ ਆਧਾਰ ਉੱਤੇ ਪਾਈਆਂ ਵੰਡੀਆਂ ਨੂੰ ਤੋੜ ਸਾਰੇ ਲੋਕਾਂ ਨੂੰ ਬਰਾਬਰੀ ਬਖਸ਼ੀ, ਇੰਝ ਉਨ੍ਹਾਂ ਇਕ ਸੰਪੂਰਨ ਇਨਸਾਨ ਦੀ ਸਿਰਜਣਾ ਕੀਤੀ।

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜਾਂ ਨੇ 1701 ਤੋਂ 1704 ਦੇ ਵਿਚਕਾਰ ਅਨੰਦਪੁਰ ਸਾਹਿਬ ਉੱਤੇ ਪੰਜ ਵੇਰ ਹਮਲਾ ਕੀਤਾ। ਚਾਰ ਲੜਾਈਆਂ ਵਿਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵੇਰ ਭਾਰੀ ਫ਼ੌਜ ਨਾਲ ਸ਼ਾਹੀ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚੱਲਦਾ ਰਿਹਾ। ਸ਼ਾਹੀ ਫ਼ੌਜ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਲੜਾਈ ਬੰਦ ਕਰ ਕੇ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ। ਆਪਣੇ ਸਿੰਘਾਂ ਦਾ ਫ਼ੈਸਲਾ ਮੰਨਦੇ ਹੋਏ ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ ਉੱਤੇ ਹਮਲਾ ਬੋਲ ਦਿੱਤਾ। ਗੁਰੂ ਜੀ ਉਦੋਂ ਅੰਮ੍ਰਿਤ ਵੇਲੇ ਨਿਤਨੇਮ ਕਰ ਰਹੇ ਸਨ। ਅੱਗੇ ਸਿਰਸਾ ਨਦੀ ਸੀ ਜਿਸ ਵਿਚ ਹੜ੍ਹ ਆਇਆ ਹੋਇਆ ਸੀ। ਵੈਰੀ ਨੂੰ ਰੋਕ ਕੇ ਰੱਖਣ ਲਈ ਸਿੰਘਾਂ ਦੇ ਛੋਟੇ ਜੱਥੇ ਬਣਾਏ ਗਏ ਤਾਂ ਜੋ ਗੁਰੂ ਜੀ ਨਿਤਨੇਮ ਪੂਰਾ ਕਰ ਲੈਣ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਸਾਰਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ ਉੱਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇਥੋਂ ਚੱਲ ਕੇ ਗੁਰੂ ਜੀ ਚਮਕੌਰ ਪਹੁੰਚੇ। ਹੁਣ ਉਨ੍ਹਾਂ ਨਾਲ ਕੇਵਲ 40 ਸਿੰਘ ਹੀ ਰਹਿ ਗਏ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਢ ਪੈ ਰਹੀ ਸੀ। ਇਥੇ ਗੁਰੂ ਜੀ ਨੇ ਇਕ ਵੱਡੀ ਹਵੇਲੀ ਵਿਚ ਟਿਕਾਣਾ ਕੀਤਾ ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜੱਥੇ ਬਣਾਏ ਗਏ ਜਿਨ੍ਹਾਂ ਗੜ੍ਹੀ ਵਿੱਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਇਆਂ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜੱਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਸਿੰਘਾਂ ਦਾ ਜੱਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੀਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।



ਸੰਸਾਰ ਵਿਚ ਕੋਈ ਵੀ ਗੁਰੂ, ਰਹਿਬਰ, ਬਾਦਸ਼ਾਹ ਅਜਿਹਾ ਨਹੀਂ ਹੋਇਆ ਜਿਸ ਨੇ ਮਜ਼ਲੂਮਾਂ ਦੀ ਰਾਖੀ ਖ਼ਾਤਰ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇ। ਰਾਤ ਨੂੰ ਖ਼ਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਗਏ। ਬਾਕੀ ਸਿੰਘਾਂ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਰਾਹ ਦੇ ਦੁੱਖਾਂ ਤਕਲੀਫਾਂ ਨੂੰ ਝੱਲਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਹੁਣ ਮੁਕਤਸਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਪੁੱਜੇ, ਉਦੋਂ ਤੀਕ ਵਿਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਨਾਲ ਹੋ ਗਈ। ਜ਼ਾਲਮ ਫ਼ੌਜ ਵੀ ਪਿੱਛਾ ਕਰਦੀ ਇੱਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫ਼ੌਜਾਂ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ।

ਇਸੇ ਯੁੱਧ ਵਿਚ ਉਨ੍ਹਾਂ ਚਾਲੀ ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ। ਘਰੋਂ ਔਰਤਾਂ ਤੋਂ ਪਈ ਫਿਟਕਾਰ ਨੇ ਉਨ੍ਹਾਂ ਦੀ ਜ਼ਮੀਰ ਨੂੰ ਝੰਜੋੜਿਆ ਤੇ ਉਹ ਗੁਰੂ ਜੀ ਲਈ ਆਪਾ ਵਾਰ ਗਏ। ਲੜਾਈ ਖ਼ਤਮ ਹੋਣ ਪਿੱਛੋਂ ਜਦੋਂ ਗੁਰੂ ਜੀ ਜ਼ਖ਼ਮੀ ਤੇ ਸ਼ਹੀਦ ਹੋਏ ਸਿੰਘਾਂ ਨੂੰ ਵੇਖ ਰਹੇ ਸਨ ਤਾਂ ਇਸ ਜੱਥੇ ਦੇ ਜਥੇਦਾਰ ਭਾਈ ਮਹਾਂ ਸਿੰਘ ਅਜੇ ਆਖਰੀ ਸਾਹ ਲੈ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਦਾ ਸਿਰ ਆਪਣੀ ਗੋਦੀ ਵਿਚ ਰੱਖਦਿਆਂ ਆਖਰੀ ਇੱਛਾ ਪੁੱਛੀ। ਭਾਈ ਮਹਾਂ ਸਿੰਘ ਨੇ ਰੁਕਦੇ ਸਾਹਾਂ ਨਾਲ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਸਾਡੀ ਭੁੱਲ ਬਖਸ਼ ਦੇਵੋ ਜੇ ਤੁਠੇ ਹੋ ਤਾਂ ਸਾਡਾ ਬੇਦਾਵਾ ਪਾੜ ਕੇ ਸਾਨੂੰ ਸਵੀਕਾਰ ਕਰੋ।" ਏਨੀਆਂ ਮੁਸੀਬਤਾਂ ਤੋਂ ਲੰਘਦਿਆਂ ਜਦੋਂ ਸਾਰਾ ਕੁਝ ਹੀ ਗਵਾਚ ਗਿਆ ਸੀ ਉਦੋਂ ਵੀ ਗੁਰੂ ਜੀ ਨੇ ਉਸ ਬੇਦਾਵੇ ਨੂੰ ਸਾਂਭ ਕੇ ਰੱਖਿਆ। ਗੁ ਜੀ ਨੇ ਉਸ ਬੇਦਾਵੇ ਨੂੰ ਪਾੜਦੇ ਹੋਇ ਬਚਨ ਕੀਤੇ, "ਭਾਈ ਮਹਾਂ ਸਿੰਘ ਤੁਸੀਂ ਤੇ ਤੁਹਾਡੇ ਸਾਥੀ ਇਸ ਬੰਧ ਤੋਂ ਮੁਕਤ ਹੋਏ। ਤੁਸੀਂ ਮੇਰੇ ਮੁਕਤੇ ਹੋ ਇੰਝ ਇਹ ਚਾਲੀ ਸਿੰਘ ਹਮੇਸ਼ਾ ਲ ਅਮਰ ਹੋ ਗਏ। ਸਿੱਖ ਅਰਦਾਸ ਕਰ ਸਮੇਂ ਚਾਲੀ ਮੁਕਤਿਆਂ ਦਾ ਧਿਆਨ ਜ਼ ਧਰਦੇ ਹਨ। ਦੋਵੇਂ ਛੋਟੇ ਸਾਹਿਬਜ਼ਾਦੇ ਮਾਤਾ ਜੀ ਰਸੋਈਏ ਗੰਗੂ ਨਾਲ ਸ ਉਸ ਨੇ ਹਕੂਮਤ ਦੇ ਡਰੋਂ ਅਤੇ ਲਾਲ ਵਿਚ ਆ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਦਿੱਤਾ। ਸੂਬਾ ਸਰਹਿੰਦ ਨੇ ਸਾਹਿਬਜ਼ਾਦਿ ਨੂੰ ਡਰਾਇਆ, ਧਮਕਾਇਆ, ਤਸੀਹੇ ਲਾਲਚ ਦਿੱਤੇ ਤਾਂ ਜੋ ਉਹ ਇਸਲ ਕਬੂਲ ਕਰ ਲੈਣ। ਜਦੋਂ ਉਨ੍ਹਾਂ ਇਸਲ ਕਬੂਲ ਕਰਨ ਤੋਂ ਨਾਂਹ ਕੀਤੀ ਤਾਂ ਗੁਰੂ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਸੂ ਸਰਹਿੰਦ ਨੇ ਕੰਧ ਵਿਚ ਜਿੰਦਾ ਚਿਣਵਾ ਸ਼ਹੀਦ ਕੀਤਾ। ਇਥੇ ਹੀ ਗੁਰੂ ਜੀ ਦੇ ਮਾ ਜੀ ਵੀ ਸ਼ਹੀਦ ਹੋਏ।

ਮੌਕੇ ਦੀ ਹਕੂਮਤ ਨੂੰ ਯਕੀਨ ਸੀ ਗੁਰੂ ਜੀ ਦਾ ਸਰਬੰਸ ਕੁਰਬਾਨ ਹੋ ਚੁ ਹੈ, ਉਨ੍ਹਾਂ ਦੀ ਫ਼ੌਜ ਵੀ ਸ਼ਹੀਦ ਹੋ ਗ ਹੈ। ਹੁਣ ਲੋਕੀਂ ਡਰ ਜਾਣਗੇ ਤੇ ਸਰਿ ਦੇ ਇਸ ਸਾਏ ਅਧੀਨ ਗੁਰੂ ਜੀ ਤੋਂ ਮੂ ਮੋੜ ਲੈਣਗੇ ਪਰ ਇਸ ਜ਼ੁਲਮ ਨੇ ਲੋ ਦੇ ਗੁੱਸੇ ਨੂੰ ਜਗਾਇਆ। ਉਨ੍ਹਾਂ ਦੇ ਜਿਹ ਹਥਿਆਰ ਵੀ ਹੱਥ ਆਇਆ ਉਸ ਚੁੱਕਿਆ ਤੇ ਖਿਦਰਾਣੇ ਦੀ ਢਾਬ ਗੁਰੂ 'ਤੇ ਹਮਲਾ ਕਰ ਰਹੀ ਸ਼ਾਹੀ ਫ਼ੌਜ ਨੂੰ ਚ ਪਾਸਿਓਂ ਘੇਰਾ ਪਾ ਲਿਆ ਲੋਕਾਂ ਦੇ ਜਾਗੇ ਅੱਗੇ ਸ਼ਾਹੀ ਫੌਜ ਦੀਆਂ ਤੋਪਾਂ ਵੀ ਬੇਕਾਰ ਗਈਆਂ ਤੇ ਫ਼ੌਜ ਨੂੰ ਕਰਾਰੀ ਹਾਰ ਦਾ ਮੂ ਵੇਖਣਾ ਪਿਆ। ਗੁਰੂ ਜੀ ਨੇ ਇਹ ਸਿੱਧ ਕ ਦਿੱਤਾ ਕਿ ਜਦੋਂ ਲੋਕਾਂ ਵਿਚ ਰੋਹ ਜਾਗਦ ਤਾਂ ਵੱਡੀ ਤੋਂ ਵੱਡੀ ਤਾਕਤ ਦੀਆਂ ਵੀ ਜ ਪੁੱਟੀਆਂ ਜਾਂਦੀਆਂ ਹਨ। ਇਸ ਹਾਰ ਪਿ ਸ਼ਾਹੀ ਫ਼ੌਜ ਨੇ ਮੁੜ ਗੁਰੂ ਜੀ ਉੱਤੇ ਹਮ ਕਰਨ ਦੀ ਕਦੇ ਜੁਰੱਅਤ ਨਹੀਂ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਜਬਰ ਜ਼ੁਲ ਵਿਰੁੱਧ ਆਪਣੇ ਆਪ ਨੂੰ ਨਿਮਾਣੇ ਸਮ ਸਭ ਕੁਝ ਝਲ ਰਹੇ ਲੋਕਾਂ 'ਚ ਹੱਕਾਂ ਰਾਖੀ ਲਈ ਸੰਘਰਸ਼ ਦੀ ਜਿਹੜੀ ਮੁਹਿ ਸ਼ੁਰੂ ਕੀਤੀ ਸੀ ਉਸ ਦੀ ਸੰਪੂਰਨ ਖਿਦਰਾਣੇ ਦੀ ਢਾਬ ਜਿਸ ਨੂੰ ਹੁ ਮੁਕਤਸਰ ਸਾਹਿਬ ਆਖਿਆ ਜਾਂਦਾ ਵਿਖੇ ਹੋਈ। ਸਚਮੁੱਚ ਇਸ ਧਰਤੀ ਉ ਜਬਰ ਜ਼ੁਲਮ ਤੋਂ ਲੋਕਾਈ ਨੇ ਆਪ ਸ਼ਕਤੀ ਨਾਲ ਮੁਕਤੀ ਪ੍ਰਾਪਤ ਕੀਤੀ ਸ

# ਸਿੱਖ ਇਤਿਹਾਸ 'ਚ ਟੁੱਟੀ ਗੰਢੀ ਦੀ ਧਾਰਨਾ





ਡਾ. ਹਰਪਾਲ ਸਿੰਘ ਪੰਨੂ
94642-51454

**ਗਾਹੇ ਬਗਾਹੇ ਸਿੱਖ, ਗੁਰੂ ਤੋਂ ਬੇਮੁਖ ਹੋਏਗਾ, ਤਾਂ ਵੀ ਬਾਬੇ ਉਸ ਪਲ ਦੀ ਉਡੀਕ ਕਰਦੇ ਰਹਿਣਗੇ ਜਦੋਂ ਸਿੱਖ ਭੁੱਲ ਬਖਸ਼ਾਉਣ ਆਏਗਾ ਤੇ ਟੁੱਟੀਆਂ ਗੰਢੀਆਂ ਜਾਣਗੀਆਂ...**

ਭਾਈ ਮਹਾਂ ਸਿੰਘ ਵੱਲੋਂ ਬੇਦਾਵਾ ਲਿਖਣਾ, ਫਿਰ ਭੁੱਲ ਬਖਸ਼ਾਉਣ ਲਈ ਖਿਦਰਾਣੇ ਦੀ ਢਾਬ ਉਪਰ ਜਾਕੇ ਬੇਦਾਵਾ ਪੜਵਾਉਣਾ, ਇਹ ਇਨ੍ਹਾਂ ਸਰਦੀਆਂ ਦੇ ਦਿਨਾਂ ਦਾ ਵਰਤਾਰਾ ਹੈ। ਸਿੱਖ ਸਨਾਤਨੀ ਗ੍ਰੰਥਾਂ ਵਿਚ ਇਸ ਘਟਨਾ ਨੂੰ 'ਟੁੱਟੀ ਗੰਢੀ' ਦਾ ਨਾਂ ਦਿੱਤਾ ਗਿਆ।

ਗੁਰੂ ਜੀ ਦਾ ਹਰੇਕ ਵਰਤਾਰਾ, ਹਰੇਕ ਵਾਕ ਅਹਿਮ ਹੈ, ਇਵੇਂ ਹੀ ਟੁੱਟੀ ਗੰਢੀ ਸਾਖੀ ਦੀ ਵਚਿੱਤਰ ਭੂਮਿਕਾ ਹੈ। ਅਚਾਨਕ ਤਾਂ ਇਕ ਦਿਨ ਅਜਿਹਾ ਨਹੀਂ ਹੋਇਆ ਕਿ ਭਾਈ ਮਹਾਂ ਸਿੰਘ ਦਸਮ ਪਾਤਸ਼ਾਹ ਕੋਲ ਗਏ ਤੇ ਬੇਦਾਵਾ ਲਿਖ ਕੇ ਸਾਥੀਆਂ ਸਣੇ ਘਰੋ ਘਰੀ ਪਰਤ ਗਏ। ਬੇਦਾਵਾ ਲਿਖਣ ਪਿੱਛੇ ਕਿੰਨਿਆਂ ਹਫਤਿਆਂ ਦਾ ਵਿਚਾਰ ਵਟਾਂਦਰਾ ਹੋਇਆ, ਤਕਰਾਰ ਹੋਇਆ, ਕਿਸੇ ਲਿਖਤ ਵਿਚ ਨਹੀਂ, ਤਾਂ ਵੀ ਏਨਾ ਵੱਡਾ ਫ਼ੈਸਲਾ ਲੈਣ ਪਿੱਛੇ ਇਕ ਇਤਿਹਾਸ ਹੈ। ਜਜ਼ਬੇ, ਵਿਸ਼ਵਾਸ ਅਚਾਨਕ ਗੁਮਰਾਹ ਨਹੀਂ ਹੋਏ। ਗੁਰੂ ਅਤੇ ਸਿੱਖ ਦਾ ਰਿਸ਼ਤਾ ਦੋ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਜੋੜਿਆ ਸੀ। ਸਰਬੰਸ ਦਾਨ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਰਿਸ਼ਤੇ ਨੂੰ ਪੱਕਾ ਕੀਤਾ ਸੀ। ਭਾਈ ਮਹਾਂ ਸਿੰਘ ਨੇ ਉਸ ਮਜ਼ਬੂਤ ਰਿਸ਼ਤੇ ਨੂੰ ਤੋੜਨਾ ਰੂਹ ਨਾਲੋਂ ਜਿਸਮ ਨੂੰ ਵੱਖ ਕਰਨਾ ਸੀ। ਆਖਰ ਉਹ ਘੜੀ ਆ ਗਈ ਜਦੋਂ ਭਾਈ ਮਹਾਂ ਸਿੰਘ ਨੇ ਬੇਦਾਵਾ ਲਿਖ ਕੇ ਗੁਰੂ ਜੀ ਦੇ ਸਪੁਰਦ ਕਰ ਦਿੱਤਾ। ਚਾਲੀ ਯੋਧੇ ਜਾਨਾਂ ਬਚਾ ਕੇ ਆਪਣੇ ਘਰਾਂ ਵੱਲ ਚੱਲ ਪਏ। ਰੂਹ ਅਨੰਦਪੁਰ ਰਹਿ ਗਈ, ਜਿਸਮ ਘਰ ਪਰਤੇ।

ਇਥੇ ਕੁੱਝ ਦੇਰ ਰੁਕ ਕੇ ਅੱਗੇ ਚੱਲਾਂਗੇ। ਸਾਖੀ ਦੇ ਮਾਇਨੇ ਪ੍ਰਗਟ ਹੋਣੇ ਸ਼ੁਰੂ ਹੋ ਗਏ ਹਨ। ਸਾਨੂੰ ਇਥੇ ਤਿੰਨ ਅਹਿਮ ਗੱਲਾਂ ਦੀ ਜਾਣਕਾਰੀ ਮਿਲਦੀ ਹੈ : ਸਿੱਖ ਭੁੱਲਣਹਾਰ ਹੋਣ ਕਰਕੇ ਗ਼ਲਤੀ, ਗੁਸਤਾਖੀ, ਬੇਅਦਬੀ ਕਰੇਗਾ, ਯਾਨਿ ਕਿ ਅਜਿਹਾ ਕਰਨ ਦੀ ਉਸ ਵਿਚ ਕਾਫ਼ੀ ਸੰਭਾਵਨਾ ਹੈ ਤੇ ਰਹੇਗੀ। ਗੁਰੂ ਮਹਾਰਾਜ ਜਾਣਦੇ ਹਨ ਜਿਨ੍ਹਾਂ ਨੂੰ ਇੰਨਾ ਪਿਆਰ ਕੀਤਾ ਉਹ ਵਧੀਕ ਦੂਰ ਨਹੀਂ ਜਾ ਸਕਦੇ, ਤਾਂ ਵੀ ਦੇਖੀਏ ਸਹੀ ਸਾਡੇ ਵੱਲੋਂ ਆਜ਼ਾਦ ਛੱਡੇ ਪਰਿੰਦੇ ਕਿੰਨੀ ਕੁ ਦੂਰ ਤਕ ਚਲੇ ਜਾਣਗੇ। ਗਾਹੇ ਬਗਾਹੇ ਸਿੱਖ, ਗੁਰੂ ਤੋਂ ਬੇਮੁਖ ਹੋਏਗਾ, ਤਾਂ ਵੀ ਗੁਰੂ ਬਾਬੇ ਉਸ ਪਲ ਦੀ ਉਡੀਕ ਕਰਦੇ ਰਹਿਣਗੇ ਜਦੋਂ ਸਿੱਖ ਭੁੱਲ ਬਖਸ਼ਾਉਣ ਆਏਗਾ ਤੇ ਟੁੱਟੀਆਂ ਗੰਢੀਆਂ ਜਾਣਗੀਆਂ।

ਇਸ ਨਾਲ ਮਿਲਦੀ ਜੁਲਦੀ ਦੂਜੀ ਸਾਖੀ ਭਾਈ ਦਾਨ ਸਿੰਘ ਦੀ ਹੈ। ਮੁਕਤਸਰ ਨਜ਼ਦੀਕ ਗੁਰਦੁਆਰਾ ਟਿੱਬੀ ਸਾਹਿਬ ਦੇ ਸਥਾਨ ਉਪਰ ਗੁਰੂ ਗੋਬਿੰਦ ਸਿੰਘ ਜੀ ਨਾਲ ਜਾਂਦਿਆਂ ਸਿੱਖਾਂ ਨੇ ਮਹਾਰਾਜ ਦੇ ਘੋੜੇ ਦੀ ਲਗਾਮ ਫੜ ਲਈ, ਸਾਰੇ ਰੁਕ ਗਏ। ਸਿੱਖਾਂ ਨੇ ਕਿਹਾ-ਘਰਾਂ ਵਿਚ ਤੰਗੀ ਹੈ ਮਹਾਰਾਜ। ਮਹੀਨਿਆਂ ਤੋਂ ਤਲਬਾਂ (ਤਨਖਾਹਾਂ) ਨਹੀਂ ਮਿਲੀਆਂ। ਤਲਬਾਂ ਤਾਰੋ ਤਾਂ ਅੱਗੇ ਜਾਣ ਦਿਆਂਗੇ, ਨਹੀਂ ਰੁਕਾਂਗੇ, ਰੋਕਾਂਗੇ। ਬਹੁਤ ਸਮਝਾਏ ਕਿ ਅਸੀਂ ਕਿਹੜਾ ਖ਼ਜ਼ਾਨੇ ਲੁਕਾਕੇ ਰੱਖੇ ਕਦੀ? ਜਦੋਂ ਮਿਲਿਆ ਜਿੰਨਾ ਮਿਲਿਆ ਤੁਹਾਡੇ ਵਿਚ ਵੰਡ ਦਈਦਾ ਹੈ। ਆਏਗਾ ਧਨ ਤਦ ਵੰਡ ਦਿਆਂਗੇ। ਬਜ਼ਿੱਦ ਸਿੱਖਾਂ ਨੇ ਲਗਾਮ ਨਾ ਛੱਡੀ। ਤਕਰਾਰ ਹੋ ਰਿਹਾ ਸੀ ਕਿ ਭਾਈ ਦੁਨੀ ਚੰਦ ਘੋੜੇ ਉੱਪਰ ਧਨ ਦੀਆਂ ਖੁਰਜੀਆਂ ਲੱਦੀ ਆ ਪੁੱਜੇ ਤੇ ਬੋਲੇ- ਬੜੀ ਮੁਸ਼ਕਿਲ ਨਾਲ ਲੱਭਿਆ ਮਹਾਰਾਜ ਤੁਹਾਨੂੰ। ਦਸਵੰਧ ਦੇਣ ਵਾਸਤੇ ਥਾਂ-ਥਾਂ ਪੁੱਛਦਾ ਪੁਛਾਂਦਾ ਆਪ ਪਾਸ ਪੁੱਜਾ ਹਾਂ। ਮਨਜ਼ੂਰ ਕਰੋ ਸਾਡੀ ਸੇਵਾ ਹਜ਼ੂਰ।

ਗੁਰੂ ਜੀ ਨੇ ਪਿੱਠ ਪਿੱਛੋਂ ਢਾਲ ਉਤਾਰੀ ਜਿਸ ਵਿਚ ਧਨ ਭਰ-ਭਰ ਸਿੱਖਾਂ ਵਿਚ ਵੰਡਣ ਲੱਗੇ। ਦੱਸੋ ਭਾਈ ਕਿੰਨਿਆਂ ਮਹੀਨਿਆਂ ਦੀ ਤਲਬ ਬਕਾਇਆ ਹੈ, ਆਖਦੇ ਅਤੇ ਵੰਡੀ ਜਾਂਦੇ। ਪੱਕੇ ਰੰਗ ਦਾ ਇਕ ਕੱਦਾਵਰ ਸਿੱਖ ਨੀਵੀਂ ਪਾਈ ਇਕ ਪਾਸੇ ਖਲੋਤਾ ਰਿਹਾ। ਤਲਬ ਲੈਣ ਅੱਗੇ ਨਹੀਂ ਵਧਿਆ। ਹਜ਼ੂਰ ਨੇ ਪੁੱਛਿਆ- ਦੱਸੋ ਭਾਈ ਕਿੰਨੀ ਤਲਬ ਹੈ ਤੁਹਾਡੀ ਬਕਾਇਆ? ਸਿੱਖ ਅੱਗੇ ਵਧਿਆ ਤੇ ਕਿਹਾ- ਜੀ ਕੋਈ ਬਕਾਇਆ ਨਹੀਂ, ਸਗੋਂ ਕਰਜ਼ ਚੁਕਾਣਾ ਹੈ ਆਪਦਾ। ਗੁਰੂ ਜੀ ਨੇ ਪੁੱਛਿਆ- ਕੀ ਨਾਮ ਹੈ ਤੁਹਾਡਾ? ਕੀ ਚਾਹੀਦਾ ਹੈ ਫਿਰ ਜੇ ਮਾਇਆ ਨਹੀਂ ਚਾਹੀਦੀ? ਸਿੱਖ ਨੇ ਚਰਨ ਛੂਹੇ ਅਤੇ ਕਿਹਾ- ਜੀ ਮੇਰਾ ਨਾਮ ਦਾਨ ਸਿੰਘ ਹੈ। ਮੈਨੂੰ ਸਿੱਖੀ ਚਾਹੀਦੀ ਹੈ। ਮਹਾਰਾਜ ਨੇ ਛਾਤੀ ਨਾਲ ਲਾ ਕੇ ਫਰਮਾਇਆ- ਅੱਜ ਮਾਲਵਾ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਨਾਲੋਂ ਟੁੱਟ ਚੱਲਿਆ ਸੀ ਭਾਈ ਦਾਨ ਸਿੰਘ, ਤੁਸੀਂ ਬਚਾ ਲਿਆ। ਜਿਵੇਂ ਮਾਝੇ ਦੀ ਟੁੱਟੀ ਭਾਈ ਮਹਾਂ ਸਿੰਘ ਨੇ ਗੰਢੀ ਸੀ, ਤੁਸੀਂ ਅੱਜ ਮਾਲਵੇ ਦੀ ਟੁੱਟੀ ਗੰਢੀ। ਇਤਿਹਾਸ ਵਿਚ ਤੁਹਾਡੀ ਜੜ੍ਹ ਲੱਗੀ।

ਗੁਰੂ ਅਤੇ ਸਿੱਖ ਵਿਚ ਇਹ ਫ਼ਰਕ ਅਕਸਰ ਦੇਖਣ ਨੂੰ ਮਿਲੇਗਾ। ਸਿੱਖ ਗੁਰੂ ਤੋਂ ਦੂਰ ਜਾਏਗਾ, ਗੁਰੂ ਜੀ ਉਡੀਕਣਗੇ, ਚਾਹੁਣਗੇ ਕਿ ਵਾਪਸ ਆਏ, ਭੁੱਲ ਬਖਸ਼ਵਾਏ। ਕਿਸੇ ਸ਼ਹਿਰ ਜਾਂ ਪਿੰਡ ਦਾ ਕੋਈ ਬੰਦਾ ਅਸੀਂ ਬੁਰਾ ਦੇਖ ਲਈਏ, ਆਖਾਂਗੇ- ਇਹ ਸਾਰਾ ਸ਼ਹਿਰ ਹੀ ਬੁਰਾ ਹੈ, ਫਟਕਾਰਿਆ ਹੋਇਆ। ਸਭ ਦੋਜਖਾਂ ਵਿਚ ਜਾਣਗੇ। ਗੁਰੂ ਜੀ ਅਪਣੇ ਆਲੇ ਦੁਆਲੇ ਬੁਰਿਆਂ ਦੀ ਭੀੜ ਦੇਖਦੇ ਹਨ, ਉਡੀਕਦੇ ਹਨ ਕੋਈ ਇਕ ਇਨ੍ਹਾਂ ਵਿੱਚੋਂ ਚੰਗਾ ਹੋਵੇ ਤਾਂ ਇਕ ਦੇ ਸਹਾਰੇ ਸਾਰਿਆਂ ਦੇ ਔਗਣ ਮਾਫ਼ ਕਰੀਏ।

ਪੰਡਿਤ ਕਿਰਪਾ ਰਾਮ ਕਸ਼ਮੀਰੀ ਬ੍ਰਾਹਮਣਾਂ ਦਾ ਜਥਾ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਣ ਅਨੰਦਪੁਰ ਆਏ ਸਨ। ਮਹਾਰਾਜ ਸ਼ਹਾਦਤ ਦੇਣ ਦਿੱਲੀ ਵੱਲ ਤੁਰੇ, ਭਾਈ ਕਿਰਪਾ ਰਾਮ ਨਾਲ ਤੁਰੇ। ਗੁਰੂ ਜੀ ਰੁਕੇ, ਫੁਰਮਾਇਆ- ਤੁਸੀਂ ਨਾ ਦਿੱਲੀ ਜਾਓਗੇ ਭਾਈ ਕਿਰਪਾ ਰਾਮ ਨਾ ਸ੍ਰੀਨਗਰ। ਤੁਹਾਨੂੰ ਵੱਡੀ ਜ਼ਿੰਮੇਵਾਰੀ ਸੌਂਪ ਕੇ ਚੱਲੇ ਹਾਂ। ਬਾਲਕ ਗੋਬਿੰਦ ਰਾਇ ਦੀ ਵਿੱਦਿਆ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਹੋਈ। ਆਪਣੇ ਸਮੇਂ ਅਰਬੀ, ਫਾਰਸੀ, ਸੰਸਕ੍ਰਿਤ, ਬ੍ਰਜ ਭਾਸ਼ਾ ਦੀ ਦੁਨੀਆ ਦੇ ਸ਼੍ਰੋਮਣੀ ਵਿਦਵਾਨ ਪਾਸੋਂ ਦਸਮ ਪਾਤਸ਼ਾਹ ਨੇ ਵਿੱਦਿਆ ਹਾਸਲ ਕੀਤੀ। ਵਿਸਾਖੀ 1699 ਨੂੰ ਜਦੋਂ ਅੰਮ੍ਰਿਤ ਦੀ ਦਾਤ ਵੰਡੀ ਜਾਣ ਲੱਗੀ, ਕਿਰਪਾ ਰਾਮ ਜੀ ਅੰਮ੍ਰਿਤ ਛਕ ਕੇ ਭਾਈ ਕਿਰਪਾ ਸਿੰਘ ਹੋ ਗਏ। ਚਮਕੌਰ ਦੀ ਜੰਗ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਹਿਫਾਜ਼ਤ ਕਰਦਿਆਂ ਸ਼ਹੀਦ ਹੋਏ। ਮੈਂ ਕਿਉਂਕਿ ਸਿੱਖ ਹਾਂ ਇਸ ਕਰਕੇ ਭਾਈ ਕਿਰਪਾ ਰਾਮ ਦੀ ਥਾਂ ਮੈਨੂੰ ਗੰਗੂ ਵਧੀਕ ਯਾਦ ਰਹਿੰਦਾ ਹੈ।

ਡਾ. ਹਿਮਾਦਰੀ ਬੈਨਰਜੀ ਕਲਕੱਤਿਓਂ ਮੇਰੇ ਪੀਐਚ.ਡੀ. ਕਰਦੇ ਖੋਜਾਰਥੀ ਦਾ ਇਮਤਿਹਾਨ ਲੈਣ ਪਟਿਆਲੇ ਆਏ। ਕੰਮ ਕਾਜ ਖ਼ਤਮ ਹੋਇਆ। ਖਾਣਾ ਖੁਆਕੇ ਉਨ੍ਹਾਂ ਨੂੰ ਛੱਡਣ ਰੇਲਵੇ ਸਟੇਸ਼ਨ ਗਿਆ। ਕਹਿਣ ਲੱਗੇ- ਪੰਨੂ ਭਾਈ, ਟ੍ਰੇਨ ਆਨੇ ਮੇਂ ਅਭੀ ਵਕਤ ਹੈ। ਕੋਈ ਬਾਤ ਸੁਨਾਏਂ। ਮੈਨੂੰ ਸ਼ਿਵਜੀ ਦੀ ਸਾਖੀ ਯਾਦ ਆ ਗਈ। ਸੁਣਾਈ। ਨਾਰਦ ਨੇ ਸ਼ਿਵਜੀ ਨੂੰ ਪੁੱਛਿਆ- ਅਸੀਂ ਧਰਤੀ ਉੱਪਰ ਕਿੱਥੋਂ ਆਏ ਸੀ ਮਹਾਰਾਜ? ਕੀ ਕਰਨ ਆਏ? ਫਿਰ ਇਸ ਤੋਂ ਬਾਦ ਕਿੱਥੇ ਜਾਵਾਂਗੇ? ਸ਼ਿਵਜੀ ਨੇ ਕਿਹਾ- ਤੁਸੀਂ ਅਤੇ ਅਸੀਂ ਹਜ਼ਾਰ ਵਾਰ ਇਸ ਧਰਤੀ ਉੱਪਰ ਆਏ, ਹਜ਼ਾਰ ਵਾਰ ਤੁਸੀਂ ਇਹੋ ਸਵਾਲ ਪੁੱਛਿਆ, ਉਹ ਜਵਾਬ ਜਿਹੜਾ ਹਜ਼ਾਰ ਵਾਰ ਦੇ ਚੁੱਕੇ ਹਾਂ। ਹੇ ਨਾਰਦ, ਉਹੋ ਫਿਰ ਸੁਣੋ, ਐਤਕੀਂ ਭੁੱਲਣਾ ਨਹੀਂ।

ਇਹ ਸੁਣਕੇ ਹਿਮਾਦਰੀ ਜੀ ਨੇ ਸੈਂਡਲ ਉਤਾਰੇ, ਨੰਗੇ ਪੈਰੀਂ ਮੇਰੇ ਸਾਹਮਣੇ ਹੱਥ ਜੋੜ ਕੇ ਖਲੋ ਗਏ, ਕਿਹਾ- ਮੈਂ ਆਦਮੀ ਹੂੰ, ਮੈਂ ਫਿਰ ਭੂਲੂੰਗਾ। ਆਪ ਕੋ ਫਿਰ ਬਤਾਨਾ ਪੜੇਗਾ। ਆਦਮੀਂ ਔਰ ਭਗਵਾਨ ਮੈਂ ਯਹੀ ਤੋ ਅੰਤਰ ਹੋਤਾ ਹੈ ਮਹਾਰਾਜ। ਭਾਈ ਮਹਾਂ ਸਿੰਘ ਭੁੱਲੇ ਸਨ। ਜਾਨ ਬਚਾ ਕੇ ਗਏ ਸਨ, ਜਾਨ ਕੁਰਬਾਨ ਕਰਨ ਲਈ ਪਰਤ ਆਏ। ਚਾਲੀ ਗਏ ਸਨ ਇਕਤਾਲੀ ਪਰਤ ਆਏ। ਸਿਰਫ਼ ਖਿਮਾ ਨਹੀਂ ਮਿਲੀ, ਅਰਦਾਸ ਵਿਚ ਸ਼ਾਮਲ ਹੋ ਗਏ। ਖਿਦਰਾਣੇ ਦੀ ਢਾਬ ਦਾ ਨਾਮ ਮੁਕਤਸਰ ਹੋ ਗਿਆ। ਗੁਨਾਹਗਾਰ ਇਸ ਸਰੋਵਰ ਵਿਚ ਇਸ਼ਨਾਨ ਕਰਿਆ ਕਰਨਗੇ ਤਾਂ ਉਨ੍ਹਾਂ ਦੇ ਪਾਪ ਵੀ ਧੋਏ ਜਾਇਆ ਕਰਨਗੇ ਕਿਉਂਕਿ ਟੁੱਟੀ ਗੰਢਣ ਵਾਲੇ ਨੀਲੇ ਦੇ ਸਵਾਰ ਖ਼ੁਦ ਹਨ।

# ਮਾਤਾ ਭਾਗ ਕੌਰ ਜੀ

**ਧਰਮਿੰਦਰ ਸਿੰਘ ਚੱਬਾ**



ਮਾਈ ਭਾਗੋ ਸਿੱਖ ਇਤਿਹਾਸ ਵਿਚ ਉੱਚ ਸਥਾਨ ਰੱਖਦੇ ਹਨ। ਉਹ ਚਾਰ ਭਰਾਵਾਂ ਦੀ ਲਾਡਲੀ ਭੈਣ ਸੀ। ਉਨ੍ਹਾਂ ਦਾ ਜਨਮ ਇਤਿਹਾਸ ਵਿਚ ਝਬਾਲ ਵਿਚ ਹੋਇਆ ਆਉਂਦਾ ਹੈ। ਝਬਾਲ ਇਲਾਕੇ ਦੇ ਭਾਈ ਪੇਰੋ ਸ਼ਾਹ ਜੀ ਹੋਏ ਹਨ। ਜਿਨ੍ਹਾਂ ਦੇ ਦੋ ਪੁੱਤਰ ਮਾਲੇ ਸ਼ਾਹ ਤੇ ਹਰੂ ਜੀ ਹੋਏ। ਅੱਗੇ ਮਾਲੇ ਸ਼ਾਹ ਦੇ ਚਾਰ ਪੁੱਤਰ ਤੇ ਇਕ ਧੀ ਹੋਈ, ਜਿਸ ਦਾ ਇਤਿਹਾਸ ਵਿਚ ਨਾਂ ਮਾਈ ਭਾਗੋ ਕਰ ਕੇ ਆਉਂਦਾ ਹੈ। ਇਨ੍ਹਾਂ ਦਾ ਜਨਮ ਸਰਦੇ ਪੁੱਜਦੇ ਘਰ ਹੋਇਆ, ਇਸ ਕਰਕੇ ਸਾਰੇ ਘਰ ਵਾਲੇ ਇਨ੍ਹਾਂ ਨੂੰ 'ਭਾਗਭਰੀ' ਕਹਿ ਕੇ ਬੁਲਾਉਂਦੇ ਸਨ। ਇਨ੍ਹਾਂ ਦੇ ਵੱਡੇ ਵਡੇਰਿਆਂ ਦਾ ਸਬੰਧ ਗੁਰੂ ਘਰ ਨਾਲ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਜੁੜਿਆ ਹੋਇਆ ਹੈ। ਘਰ ਵਿਚ ਸਿੱਖੀ ਦਾ ਪ੍ਰਚਾਰ ਸੀ। ਮਾਈ ਭਾਗੋ ਦੇ ਪਿਤਾ ਭਾਈ ਮਾਲ੍ਹੋ ਸ਼ਾਹ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਦੇ ਬਹਾਦਰ ਸਿਪਾਹੀ ਸਨ। ਮਾਈ ਭਾਗੋ ਆਪਣੇ ਪਿਤਾ ਨਾਲ ਬਚਪਨ ਸਮੇਂ ਗੁਰੂ ਦਰਬਾਰ ਵਿਚ ਜਾਂਦੇ ਰਹਿੰਦੇ ਸਨ। ਫਿਰ ਸੱਤਵੇਂ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਵੀ ਕਰਦੇ ਰਹੇ। ਅੱਠਵੀਂ ਜੋਤ ਗੁਰੂ ਹਰਿਕ੍ਰਿਸ਼ਨ ਜੀ ਤੇ ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਤੇ ਦੱਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ।

ਮਹਾਨ ਕੋਸ਼ ਦੇ ਪੰਨਾ ਨੰ: 912 'ਤੇ ਭਾਈ ਕਾਹਨ ਸਿੰਘ ਨਾਭਾ ਇਸ ਗੱਲ ਦਾ ਜ਼ਿਕਰ ਕਰਦੇ ਹਨ ਕਿ ਭਾਗੋ ਮਾਈ ਢਿੱਲੋਂ ਗੋਤ ਦੀ ਉੱਚ ਆਚਰਨ ਵਾਲੀ ਇਸਤਰੀ, ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਦੀ ਵਸਨੀਕ ਜੋ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸੇਵਕ ਭਾਈ ਲੰਗਾਹ ਜੀ ਦੇ ਭਾਈ ਪੇਰੋਸ਼ਾਹ ਦੀ ਔਲਾਦ ਵਿੱਚੋਂ ਸੀ। ਜਦ ਬਹੁਤ ਸਿੱਖ ਅਨੰਦਪੁਰ ਸਾਹਿਬ ਦੀ ਜੰਗ ਵਿਚ ਬੇਦਾਵਾ ਲਿਖ ਕੇ ਘਰੀਂ ਆਏ, ਤਦ ਇਸ ਨੇ ਉਨ੍ਹਾਂ ਨੂੰ ਧਿਰਕਾਰਿਆ ਤੇ ਆਪ ਘੋੜੇ 'ਤੇ ਸਵਾਰ ਹੋ ਕੇ ਸਿੰਘ ਭੇਸ ਧਾਰ ਕੇ ਅਜਿਹੇ ਤਰਕ ਦੇ ਵਾਕ ਕਹੇ, ਜਿਨ੍ਹਾਂ ਦੇ ਅਸਰ ਨਾਲ ਬਹੁਤ ਸਿੱਖ ਸਤਿਗੁਰੂ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਤਿਆਰ ਹੋ ਗਏ। 1762 ਵਿਚ ਭਾਗੋ ਮਾਈ ਸਿੰਘਾਂ ਨਾਲ ਸ਼ਾਮਲ ਹੋ ਕੇ ਮੁਕਤਸਰ ਦੀ ਜੰਗ ਵਿਚ ਬੜੀ ਬਹਾਦਰੀ ਨਾਲ ਲੜੀ ਅਤੇ ਬਹੁਤ ਘਾਇਲ ਹੋਈ। ਗੁਰੂ ਨੇ ਇਸਦਾ ਇਲਾਜ ਕਰਵਾ ਕੇ ਰਾਜੀ ਕੀਤਾ ਅਤੇ ਅੰਮ੍ਰਿਤ ਛਕਾ ਕੇ ਭਾਗ ਕੌਰ ਬਣਾਈ। ਇਹ ਭੇਸ ਬਣਾ ਕੇ ਸਦਾ ਗੁਰੂ ਦੀ ਅੜਦਲ ਵਿਚ ਰਹਿੰਦੀ ਸੀ, ਜਦ ਕਲਗੀਧਰ ਜੀ ਅਬਚਲ ਨਗਰ ਅੰਤਰਯਾਨ ਹੋ ਗਏ, ਤਦ ਇਹ ਉਦਾਸ ਹੋ ਕੇ ਬਿਦਰ ਚਲੇ ਗਏ ਅਤੇ ਉਸੇ ਥਾਂ ਦੇਹ ਤਿਆਗੀ। ਭਾਗ ਕੌਰ ਦੇ ਨਾਂ ਦਾ ਅਬਚਲ ਨਗਰ ਵਿਚ ਬੁੰਗਾ ਹੈ, ਜਿਸ ਵਿਚ ਦਰਬਾਰ ਦਾ ਵੱਡਾ ਪੁਜਾਰੀ ਰਹਿੰਦਾ ਹੈ। ਭਾਗ ਕੌਰ ਦੇ ਬਰਛੇ ਦਾ ਫਲ ਗੁਰੂ ਸਾਹਿਬ ਦੇ ਸਿੰਘਾਸਨ 'ਤੇ ਹੁਣ ਤਕ ਸਨਮਾਨ ਪਾ ਰਿਹਾ ਹੈ।

ਮਾਈ ਭਾਗ ਕੌਰ ਦਾ ਵਿਆਹ ਪੱਟੀ ਦੇ ਨਿਧਾਨ ਸਿੰਘ ਵੜੈਚ ਨਾਲ ਹੋਇਆ। ਜਦ ਸਤਿਗੁਰੂ ਤੇਗ ਬਹਾਦਰ ਦੀ ਅਦੁੱਤੀ ਕੁਰਬਾਨੀ ਦੀ ਖ਼ਬਰ ਫੈਲੀ ਤਾਂ ਮਾਈ ਭਾਗੋ ਨੇ ਆਪਣੇ ਪਿਤਾ ਨੂੰ ਕਿਹਾ ਕਿ 'ਪਿਤਾ ਜੀ! ਮੇਰਾ ਦਿਲ ਕਰਦਾ ਹੈ ਕਿ ਮੈਂ ਤਲਵਾਰ ਲੈ ਕੇ ਹੁਣੇ ਦਿੱਲੀ ਜਾਵਾਂ ਤੇ ਉਨ੍ਹਾਂ ਦੁਸ਼ਟਾਂ ਦਾ ਖਾਤਮਾ ਕਰ ਆਵਾਂ, ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਇਸ ਤਰ੍ਹਾਂ ਸ਼ਹੀਦ ਕੀਤਾ ਹੈ।' ਮਾਈ ਭਾਗੋ ਹਿੰਮਤ ਤੇ ਦਲੇਰੀ ਦੀ ਧਾਰਨੀ ਸੀ। ਜਦ ਅਨੰਦਪੁਰ ਦੇ ਕਿਲ੍ਹੇ ਨੂੰ ਘੇਰਾ ਪਾ ਕੇ ਹਾਕਮਾਂ ਨੇ ਐਲਾਨ ਕੀਤਾ ਕਿ ਜੋ ਕੋਈ ਵੀ ਸਿੱਖ ਬਾਹਰ ਜਾਣਾ ਚਾਹੁੰਦਾ ਹੈ, ਉਹ ਜਾ ਸਕਦਾ ਹੈ। ਉਸ ਨੂੰ ਕੁੱਝ ਨਹੀਂ ਕਿਹਾ ਜਾਵੇਗਾ। ਇਹ ਐਲਾਨ ਸੁਣ ਕੇ ਮਾਝੇ ਦੇ ਚਾਲੀ ਸਿੰਘ ਗੁਰੂ ਜੀ ਤੋਂ ਬੇਮੁੱਖ ਹੋ ਕੇ 'ਬੇਦਾਵਾ' ਲਿਖ ਕੇ ਕਿ 'ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ' ਘਰਾਂ ਨੂੰ ਚਲੇ ਗਏ ਤਾਂ ਮਾਈ ਭਾਗੋ ਨੇ ਗੁਰੂ ਜੀ ਤੋਂ ਬੇਮੁੱਖ ਹੋ ਕੇ ਵਾਪਸ ਗਏ ਚਾਲੀ ਸਿੰਘਾਂ ਨੂੰ ਪ੍ਰੇਰ ਕੇ ਵਾਪਸ, ਆਪ ਉਨ੍ਹਾਂ ਦੀ ਅਗਵਾਈ ਕਰ 'ਖਿਦਰਾਣੇ ਦੀ ਢਾਬ' ਦੇ ਜੰਗ ਦੇ ਮੈਦਾਨ ਵਿਚ ਦੁਸ਼ਮਣ ਨਾਲ ਡੱਟ ਕੇ ਮੁਕਾਬਲਾ ਕੀਤਾ ਤੇ ਇਸ ਜੰਗ ਵਿਚ ਮਾਈ ਭਾਗੋ ਉਸ ਦੇ ਭਰਾਵਾਂ ਤੇ ਪਤੀ ਨੇ ਵੀ ਸ਼ਹੀਦੀ ਪਾਈ। ਮਾਤਾ ਭਾਗ ਕੌਰ ਆਪ ਵੀ ਬਹੁਤ ਜ਼ਖ਼ਮੀ ਹੋ ਚੁੱਕੇ ਸਨ। ਲੜਾਈ ਖ਼ਤਮ ਹੋਈ ਤਾਂ ਦਸਮੇਸ਼ ਪਿਤਾ ਉੱਚੀ ਟਿੱਬੀ ਤੋਂ ਉੱਤਰ ਕੇ ਮੈਦਾਨ ਵਿਚ ਆਏ ਤੇ ਸਿੰਘਾਂ ਨੂੰ ਕਈ ਵਰ ਦਿੱਤੇ। ਮਾਈ ਭਾਗੋ ਦੇ ਜ਼ਖ਼ਮ ਸਾਫ਼ ਕਰਕੇ ਮਰਹਮ ਪੱਟੀ ਕੀਤੀ। ਮਾਈ ਭਾਗੋ ਹਜ਼ੂਰ ਸਾਹਿਬ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਗਏ। ਸਿੱਖੀ ਦਾ ਪ੍ਰਚਾਰ ਕਰਦੇ ਰਹੇ ਤੇ ਬਿਦਰ ਕਰਨਾਟਕ ਨਾਨਕ ਝੀਰਾ ਕੋਲ ਜਨਵਾੜੇ ਵਿਚ ਗੁਰੂ ਚਰਨਾਂ ਵਿਚ ਬਿਰਾਜ ਗਏ। ਸਿੱਖ ਇਤਿਹਾਸ ਵਿਚ ਮਾਈ ਭਾਗੋ ਜੀ ਇਸ ਘਟਨਾ ਕਰਕੇ ਕਾਫ਼ੀ ਪ੍ਰਸਿੱਧ ਹਨ ਕਿ ਉਨ੍ਹਾਂ ਨੇ ਗੁਰੂ ਜੀ ਨਾਲੋਂ ਬੇਮੁੱਖ ਹੋਏ ਮਾਝੇ ਦੇ ਚਾਲੀ ਸਿੰਘਾਂ ਨੂੰ ਪ੍ਰੇਰਨਾ ਦੇ ਕੇ ਫਿਰ ਗੁਰੂ ਜੀ ਦੇ ਲੜ ਲਾਇਆ ਜੋ ਜਨਮ ਮਰਨ ਤੋਂ ਮੁਕਤ ਹੋ ਗਏ ਤੇ ਸਿੱਖ ਇਤਿਹਾਸ ਵਿਚ ਚਾਲੀ ਮੁਕਤੇ ਦੇ ਨਾਂ ਨਾਲ ਪ੍ਰਸਿੱਧ ਹੋ ਗਏ।

# ਸੰਤ ਸ਼ਹਿਨਸ਼ਾਹ ਜੀ



ਬੇਤਾਜ ਸ਼ਹਿਨਸ਼ਾਹ ਮਹਾਰਾਜ ਜੀ ਇਕ ਬਹੁਤ ਹੀ ਤਪੱਸਵੀ ਸੰਤ ਮਹਾਪੁਰਸ਼ ਸਨ। ਉਨ੍ਹਾਂ ਦਾ ਜਨਮ ਪਿੰਡ ਰੁੜਕਾ ਕਲਾਂ (ਜਲੰਧਰ) ਵਿਖੇ ਹੋਇਆ। ਆਪ 12 ਸਾਲ ਦੀ ਉਮਰ ਵਿਚ ਹੀ ਘਰ -ਬਾਰ ਛੱਡ ਕੇ ਸਾਧੂ ਸਮਾਜ 'ਚ ਚਲੇ ਗਏ ਅਤੇ ਸਖ਼ਤ ਤਪੱਸਿਆ ਕੀਤੀ। ਪ੍ਰਭੂ ਭਗਤੀ 'ਚ ਲੀਨ ਹੋ ਕੇ ਆਪ ਘੁੰਮਦੇ ਫਿਰਦੇ ਲੋਕਾਂ ਨੂੰ ਮੁਕਤੀ ਦਾ ਸੱਚਾ ਮਾਰਗ ਦੱਸਦਿਆਂ ਸੰਨ 1955 ਵਿਚ ਮੁਕੰਦਪੁਰ (ਸ਼ਹੀਦ ਭਗਤ ਸਿੰਘ ਨਗਰ) 'ਚ ਆ ਕੇ ਆਪਣੇ ਹੱਥੀਂ ਕੁੱਟੀਆ ਸ਼ਹਿਨਸ਼ਾਹ ਬਣਾਈ। ਸੰਨ 1980 ਵਿਚ ਆਪ ਨੇ ਸ਼ਰਧਾਲੂ ਸੰਗਤਾਂ ਦੇ ਕਹਿਣ 'ਤੇ ਪਿੰਡੋਂ ਬਾਹਰ ਕੁਟੀਆ ਬਣਾਈ। ਜਿੱਥੇ ਹਰ ਸਾਲ ਮਹਾਂ ਸ਼ਿਵਰਾਤਰੀ, ਸੰਗਰਾਂਦ 'ਤੇ ਛਿੰਝ ਮੇਲੇ ਲਗਾਉਂਦੇ ਸਨ। ਸੰਤ ਸ਼ਹਿਨਸ਼ਾਹ ਜੀ ਇਨ੍ਹਾਂ ਸਮਾਰੋਹ ਵਿਚ ਪਹੁੰਚੇ ਸੰਤ ਮਹਾਪੁਰਸ਼ਾਂ ਲਈ ਭੰਡਾਰੇ ਕਰਦੇ ਤੇ ਪੂਜਾ ਅਰਚਨਾ ਕਰਦੇ। ਆਪ ਵਲੋਂ ਬਣਾਈ ਗਈ ਛੋਟੀ ਕੁਟੀਆ ਸਮਾਂ ਬੀਤਣ 'ਤੇ ਇਕ ਵੱਡੇ ਦਰਬ 'ਚ ਤਬਦੀਲ ਹੋ ਗਈ ਅਤੇ ਸੰਗਤਾਂ ਦੀ ਤਦਾਦ ਵਿਚ ਵੀ ਵਾਧਾ ਹੋਇਆ

26 ਅਪ੍ਰੈਲ 1995 ਨੂੰ ਨਹਿਰ ਦੇ ਕਿਨਾਰੇ ਆਪ ਨੇ ਇਕ ਪੰਜ ਮੰਜ਼ਿਲੀ ਕੁਟੀ ਦਾ ਮੁਕੰਦਪੁਰ-ਪਰੋਜਪੁਰ ਰੋਡ 'ਤੇ ਨੀਂਹ ਪੱਥਰ ਰੱਖਿਆ। ਜਿਸ ਦਾ ਨਿਰਮ ਕਾਰਜ ਪੂਰਾ ਹੋ ਚੁਕਾ ਹੈ। ਸੰਤ ਸ਼ਹਿਨਸ਼ਾਹ ਆਲਮ ਆਪਣੀ ਦ੍ਰਿਸ਼ਟੀ ਨ ਸੰਗਤਾਂ ਨੂੰ ਸੁੱਖ ਤੇ ਸ਼ਾਂਤੀ ਪ੍ਰਦਾਨ ਕਰਦੇ ਹੋਏ 11 ਜਨਵਰੀ 2004 ਨੂੰ ਸਵ ਕਰੀਬ 6 ਕੁ ਵਜੇ ਇਸ ਫ਼ਾਨੀ ਸੰਸਾਰ ਨੂੰ ਛੱਡਕੇ ਬ੍ਰਹਮਲੀਨ ਹੋ ਗਏ। ਅ ਜੀ ਦੀ ਸਾਧੂ ਸੰਪਰਦਾਇ ਰੀਤੀ ਅਨੁਸਾਰ ਇਸੇ ਕੁੱਟੀਆ ਵਿਚ ਸਮਾਧੀ ਰਸਮ ਕੀਤੀ ਗਈ ਸੀ। ਸੰਤ ਸ਼ਹਿਨਸ਼ਾਹ ਦੇ ਦੱਸੇ ਮਾਰਗ 'ਤੇ ਸਮੂਹ ਸੰਗ ਦੇ ਸਹਿਯੋਗ ਨਾਲ ਸੰਗਰਾਦ, ਮਹਾ ਸ਼ਿਵਰਾਤਰੀ ਤੇ ਸ਼ਹਿਨਸ਼ਾਹ ਮਹਾਰਾਜ ਬਰਸੀ ਬਹੁਤ ਸ਼ਰਧਾ ਪੂਰਬਕ ਮਨਾਈ ਜਾਂਦੀ ਹੈ। 11 ਜਨਵਰੀ ਨੂੰ ਉਨ੍ਹਾਂ ਦੇ ਲੋ ਸ਼ਰਧਾਲੂਆਂ ਵਲੋਂ ਬਰਸੀ 'ਤੇ ਛਿੰਝ ਮੇਲਾ ਮਨਾਇਆ ਜਾ ਰਿਹਾ ਹੈ। ਗੁਰਦੁਆ ਸਾਹਿਬ ਵਿਖੇ 9 ਜਨਵਰੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ ਵਿਚ ਸ੍ਰੀ ਅਖੰਡ ਪਾਠ ਤੇ 10 ਜਨਵਰੀ ਤੋਂ ਸ੍ਰੀ ਰਾਮਾਇਣ ਮਹਾਪੁਰਾਣ ਦੇ ਪ ਆਰੰਭ ਹੋਣਗੇ। ਇਸ ਉਪਰੰਤ ਬਾਅਦ ਦੁਪਹਿਰ 1 ਵਜੇ ਵਿਸ਼ਾਲ ਸ਼ੋਭਾ ਯਾਤ ਸਜਾਈ ਜਾਵੇਗੀ। ਜਿਨ੍ਹਾਂ ਦੇ ਭੋਗ 11 ਜਨਵਰੀ ਨੂੰ ਹੋਣ ਉਪਰੰਤ ਕੱਟੀਆ ਵਿ ਸ੍ਰੀ ਅਖੰਡ ਪਾਠ ਦੇ ਭੋਗ ਤੇ ਰਮਾਇਣ ਦੇ ਭੋਗ ਉਪਰੰਤ ਹਵਨ ਯੱਗ ਹੋਵੇਗ

• **ਪ੍ਰਦੀਪ ਭਨੋਟ**, 98037-1666

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੀ 25 ਕਰੋੜ ਜਨਤਾ ਨਿਕਲੀ ਗਰੀਬੀ ਰੇਖਾ ਤੋਂ ਬਾਹਰ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੀ ਜਨਤਾ ਦੀ ਆਸ ਅਤੇ ਭਰੋਸਾ ਵਧਿਆ ਹੈ। ਪ੍ਰਧਾਨ ਮੰਤਰੀ ਦੀ ਜਨਭਲਾਈਕਾਰੀ ਨੀਤੀਆਂ ਨਾਲ ਲੋਕਾਂ ਦੇ ਚਿਹਰਿਆਂ 'ਤੇ ਭਰੋਸੇ ਦੀ ਨਵੀਂ ਮੁਸਕਾਨ ਆਈ ਹੈ। ਭਾਰਤੀ ਜਨਤਾ ਪਾਰਟੀ ਨੇ ਸਿਰਫ 11 ਸਾਲਾਂ ਦੇ ਸ਼ਾਸਨਕਾਲ ਵਿੱਚ ਦੇਸ਼ ਵਿੱਚ 25 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਆਏ ਹਨ।

ਮੁੱਖ ਮੰਤਰੀ ਸ੍ਰੀ ਸੈਣੀ ਵੀਰਵਾਰ ਨੂੰ ਸੂਰਜਕੁੰਡ ਮੇਲਾ ਦੌਰਾਨ ਰਾਜਹੰਸ ਸੈਰ-ਸਪਾਟਾ ਕੇਂਦਰ ਵਿੱਚ ਪੱਤਰਕਾਰਾਂ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਰ ਵਰਗ ਲਈ ਭਲਾਈਕਾਰੀ ਨੀਤੀਆਂ ਲਾਗੂ ਕਰ ਰਹੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੀ ਵਿਸ਼ਵ ਵਿੱਚ ਨਵੀਂ ਪਹਿਚਾਣ ਬਣੀ ਹੈ। ਅੱਜ ਪੂਰੀ ਦੁਨੀਆ ਭਾਰਤ ਨੂੰ ਆਸ ਭਰੀ ਨਜਰਾਂ ਨਾਲ ਦੇਖ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਵਿਰੋਧੀ ਧਿਰ ਦੇ ਕੋਲ ਕੋਈ ਮੁੱਦਾ ਨਹੀ ਹੈ। ਪੂਰਾ ਵਿਰੋਧੀ ਧਿਰ ਮੁੱਦਾਹੀਨ ਹੋ ਗਿਆ ਹੈ। ਇੱਕ ਤਰ੍ਹਾ ਨਾਲ ਵਿਰੋਧੀ ਧਿਰ ਬੌਖਲਾਹਟ ਵਿੱਚ ਹੈ, ਅਨਾਪ-ਸ਼ਨਾਪ ਬਿਆਨਬਾਜੀ ਕਰਨਾ ਇਸ ਦਾ ਪ੍ਰਮਾਣ ਹੈ। ਦੇਸ਼ ਤੇ ਸੂਬੇ ਦੀ ਜਨਤਾ ਦਾ ਵਿਰੋਧੀ ਧਿਰ ਤੋਂ ਭਰੋਸਾ ਉੱਠ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਵਿਧਾਨਸਭਾ ਚੋਣ ਵਿੱਚ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਜਿੱਤ ਦਾ ਪਰਚਮ ਲਹਿਰਾਏਗੀ।

ਸੂਰਜਕੁੰਡ ਵਿੱਚ ਆਯੋਜਿਤ ਕੌਮਾਂਤਰੀ ਆਤਮਨਿਰਭਰ ਹਸਤਸ਼ਿਲਪ ਮੇਲੇ ਵਿੱਚ ਬੋਲਦੇ ਹੋਏ ਮੁੱਖ ਮੰਤਰੀ ਸ੍ਰੀ ਸੈਣੀ ਨੇ ਕਿਹਾ ਕਿ ਵਿਸ਼ਵ ਵਿਖਿਆਤ ਇਸ ਮੇਲੇ ਵਿੱਚ ਹੁਣ ਤੱਕ 10 ਲੱਖ ਤੋਂ ਵੱਧ ਲੋਕ ਭ੍ਰਮਣ ਕਰ ਚੁੱਕੇ ਹਨ। ਇਸ ਮੇਲੇ ਵਿੱਚ ਦੇਸ਼-ਵਿਦੇਸ਼ ਦੇ ਪ੍ਰਸਿੱਧ ਕਾਰੀਗਰ ਆਪਣੀ ਹਸਤਸ਼ਿਲਪ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ।

ਇਸ ਮੇਲੇ ਨਾਲ ਨਾ ਸਿਰਫ ਹਸਤਸ਼ਿਲਪ ਕਲਾ ਨੂੰ ਦੇਖਣ ਦਾ ਮੌਕਾ ਮਿਲਦਾ ਹੈ ਸਗੋ ਸਮਝਣ ਦਾ ਵੀ ਮੌਕਾ ਮਿਲਦਾ ਹੈ। ਸੁਪ੍ਰਸਿੱਧ ਕਾਰੀਗਰਾਂ ਨੂੰ ਹਸਤਸ਼ਿਲਪ ਕਲਾ ਮੇਲੇ ਵਿੱਚ ਆਉਣ ਵਾਲੇ ਸੈਲਾਨੀਆਂ ਦਾ ਧਿਆਨ ਅਨਾਯਾਸ ਹੀ ਆਪਣੇ ਵੱਲ ਆਕਰਸ਼ਿਤ ਕਰ ਰਹੀ ਹੈ।

ਇਹ ਮੇਲਾ ਕਲਾ ਦਾ ਇੱਕ ਅਨੋਖਾ ਸੰਗਮ ਹੈ। ਹਰਿਆਣਾ ਵਿੱਚ ਹਰੇਕ ਸਾਲ ਆਯੋਜਿਤ ਹੋ ਰਿਹਾ ਇਹ ਮੇਲਾ ਕੌਮਾਂਤਰੀ ਪੱਧਰ ਦੇ ਕਲਾਕਾਰਾਂ ਨੂੰ ਇੱਕ ਮੰਚ ਪ੍ਰਦਾਨ ਕਰਦਾ ਹੈ।

# ਹਸਪਤਾਲਾਂ ਵਿੱਚ ਭਰਤੀ ਝੂਲਾ ਹਾਦਸਾ ਪੀੜਤਾਂ ਨਾਲ ਮਿਲੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ



**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨਾਂ ਹੋਏ ਸੂਰਜਕੁੰਡ ਝੂਲਾ ਹਾਦਸੇ ਦੇ ਬਾਅਦ ਵੀਰਵਾਰ 12 ਫਰਵਰੀ ਨੂੰ ਮੇਲਾ ਪਰਿਸਰ ਵਿੱਚ ਪਹੁੰਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸੁਪਰੀਮ ਹਸਪਤਾਲ ਵਿੱਚ ਭਰਤੀ ਤਿੰਨ ਜਖਮੀਆਂ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਉਨ੍ਹਾਂ ਦੀ ਸਿਹਤ ਦੀ ਜਾਣਕਾਰੀ ਲਈ ਅਤੇ ਜਲਦੀ ਸਿਹਤਮੰਦ ਹੋਣ ਦੀ ਕਾਮਨਾ ਕੀਤੀ। ਉਨ੍ਹਾਂ ਨੇ ਪੀੜਤਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਉਨ੍ਹਾਂ ਦੇ ਨਾਲ ਖੜੀ ਹੈ। ਉਨ੍ਹਾਂ ਨੇ ਕਿਹਾ ਕਿ ਹਾਦਸਾ ਮੰਦਭਾਗੀ ਸੀ ਅਤੇ ਸਰਕਾਰ ਇਸ ਦੇ ਪ੍ਰਤੀ ਬੇਹੱਦ ਗੰਭੀਰ ਹੈ। ਉਨ੍ਹਾਂ ਨੇ ਜਖਮੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਇਲਾਜ ਦਾ ਪੂਰਾ ਖਰਚ ਹਰਿਆਣਾ ਸਰਕਾਰ ਭੁਗਤਾਨ ਕਰੇਗੀ।

ਹਾਦਸੇ ਵਿੱਚ ਸ਼ਹੀਦ ਹੋਣ ਵਾਲੇ ਇੰਸਪੈਕਟਰ ਸ੍ਰੀ ਜਗਦੀਸ਼ ਪ੍ਰਸਾਦ ਦੇ ਪ੍ਰਤੀ ਵੀ ਸੰਵੇਦਨਾ ਵਿਅਕਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਉਨ੍ਹਾਂ ਦੇ ਪਰਿਵਾਰ ਨੂੰ ਸਰਕਾਰੀ ਨੌਕਰੀ ਅਤੇ ਆਰਥਕ ਮਦਦ ਦਵੇਗੀ। ਨਾਲ ਹੀ ਭਵਿੱਖ ਵਿੱਚ ਅਜਿਹੀ ਮੰਦਭਾਗੀ ਘਟਨਾਵਾਂ ਨੂੰ ਰੋਕਣ ਲਈ ਝੂਲਾ ਸੇਫਟੀ ਪੋਲਿਸੀ ਬਣਾਏਗੀ, ਜਿਸ ਦਾ ਉਦੇਸ਼ ਝੂਲਿਆਂ ਅਤੇ ਮਨੋਰੰਜਨ ਸਰੋਤਾਂ ਨੂੰ ਸੁਰੱਖਿਅਤ ਬਨਾਉਣਾ ਹੋਵੇਗਾ। ਇਸ ਨਾਲ ਆਮ ਜਨਤਾ ਦੀ ਸੁਰੱਖਿਆ ਹੋਰ ਵੱਧ ਯਕੀਨੀ ਕੀਤੀ ਜਾ ਸਕੇਗੀ।

ਇਸ ਦੌਰਾਨ ਹਰਿਆਣਾ ਦੇ ਭਾਜਪਾ ਸੂਬਾ ਪ੍ਰਧਾਨ ਮੋਹਨਲਾਲ ਬਡੌਲੀ, ਕਮਿਸ਼ਨਰ ਸਤੇਂਦਰ ਕੁਮਾਰ ਗੁਪਤਾ, ਐਮਡੀ ਹਰਿਆਣਾ ਟੂਰੀਜਮ ਪਾਰਥ ਗੁਪਤਾ, ਡੀਸੀ ਆਯੂਸ਼ ਸਿੰਨ੍ਹਾ, ਸੀਐਮਓ ਜਯੰਤ ਅਹੂਜਾ ਮੌਜੂਦ ਰਹੇ।

# ਹਰਿਆਣਾ ਸਰਕਾਰ ਨੇ ਜਾਰੀ ਕੀਤੇ ਸਮਾਜਿਕ ਸੁਰੱਖਿਆ ਪੈਨਸ਼ਨ, ਭੱਤਿਆਂ ਅਤੇ ਵਿੱਤੀ ਸਹਾਇਤਾ ਵਿੱਚ ਵਾਧੇ ਦੇ ਨਿਰਦੇਸ਼

**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸਮਾਜਿਕ ਸੁਰੱਖਿਆ ਪੈਨਸ਼ਨ, ਭੱਤਿਆਂ ਅਤੇ ਵਿੱਤੀ ਸਹਾਇਤਾ ਯੋਜਨਾਵਾਂ ਦੀ ਦਰਾਂ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਸਮਾਜਿਕ ਨਿਆਂ, ਅਧਿਕਾਰਤਾ, ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਭਲਾਈ ਅਤੇ ਅੰਤੋਂਦੇਯ (ਸੇਵਾ) ਵਿਭਾਗ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਇਹ ਵਧੀ ਹੋਈ ਦਰਾਂ 1 ਨਵੰਬਰ, 2025 ਤੋਂ ਪ੍ਰਭਾਵੀ ਹੋਣਗੀਆਂ, ਜਿਨ੍ਹਾਂ ਦਾ ਭੁਗਤਾਨ ਫਰਵਰੀ, 2026 ਵਿੱਚ ਲਾਭਕਾਰਾਂ ਨੂੰ ਕੀਤਾ ਜਾਵੇਗਾ।

ਸਰਕਾਰੀ ਆਦੇਸ਼ਾਂ ਅਨੁਸਾਰ ਲਾਡਲੀ ਸਮਾਜਿਕ ਸੁਰੱਖਿਆ ਪੈਨਸ਼ਨ ਯੋਜਨਾ, ਵਿਵਆਂਗਜਨ ਪੈਨਸ਼ਨ (ਬੌਨੇ ਵਿਅਕਤੀਆਂ ਸਮੇਤ), ਬੇਸਹਾਰਾ ਮਹਿਲਾਵਾਂ ਅਤੇ ਵਿਧਵਾਵਾਂ ਨੂੰ ਵਿੱਤੀ ਸਹਾਇਤਾ, ਵਿਧੁਰ ਅਤੇ ਅਣਵਿਆਹੇ ਵਿਅਕਤੀਆਂ ਲਈ ਵਿੱਤੀ ਸਹਾਇਤਾ ਯੋਜਨਾ -2023, ਬੁਢਾਪਾ ਸਨਮਾਨ ਭੱਤਾ ਯੋਜਨਾ, ਦੁਰਬਲ ਰੋਗਾਂ ਤੋਂ ਪੀੜਤ ਵਿਅਕਤੀਆਂ ਨੂੰ ਵਿੱਤੀ ਸਹਾਇਤਾ, ਸਟੇਜ- ਅਤੇ ਸਟੇਜ- ਕੈਂਸਰ ਰੋਗੀਆਂ ਨੂੰ ਵਿੱਤੀ ਸਹਾਇਤਾ ਅਤੇ ਕਿੰਨਰ ਪੈਨਸ਼ਨ ਯੋਜਨਾ ਤਹਿਤ ਹੁਣ ਲਾਭਕਾਰਾਂ ਨੂੰ 3200 ਰੁਪਏ ਪ੍ਰਤੀ ਮਹੀਨਾ ਪੈਨਸ਼ਨ/ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਏਸਿਡ ਪੀੜਤਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਨੂੰ ਵੀ ਵਧਾਇਆ ਗਿਆ ਹੈ।

ਹੁਣ ਦਿਵਆਂਗਤਾ ਫੀਸਦੀ ਦੇ ਆਧਾਰ ਤੇ 3200 ਰੁਪਏ ਨੂੰ ਆਧਾਰ ਮੰਨਦੇ ਹੋਏ ਸਹਾਇਤਾ ਦਿੱਤੀ ਜਾਵੇਗੀ। 40 ਤੋਂ 50 ਫੀਸਦੀ ਦਿਵਆਂਗਤਾ 'ਤੇ 8000 ਰੁਪਏ, 50 ਤੋਂ 60 ਫੀਸਦੀ ਦਿਵਆਂਗਤਾ 'ਤੇ 11200 ਰੁਪਏ, ਅਤੇ 60 ਫੀਸਦੀ ਤੋਂ ਵੱਧ ਦਿਅਵਾਂਗਤਾ 'ਤੇ 14400 ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਇਸੀ ਤਰ੍ਹਾ ਸਕੂਲ ਨਾ ਾਣ ਵਾਲੇ ਵੱਖ-ਵੱਖ ਅਸਮਰੱਥਾਂ ਵਾਲੇ ਬੱਚਿਆਂ ਨੂੰ ਵਿੱਤੀ ਸਹਾਇਤਾ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਰਕਮ 2400 ਰੁਪਏ ਤੋਂ ਵਧਾ ਕੇ 2600 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਉੱਥੇ ਹੀ ਬੇਸਹਾਰਾ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਰਕਮ ਵਿੱਚ ਵੀ ਵਾਧਾ ਕੀਤਾ ਗਿਆ ਹੈ। ਇਸ ਦੇ ਤਹਿਤ ਇੱਕ ਬੱਚੇ 'ਤੇ 2300 ਰੁਪਏ ਪ੍ਰਤੀ ਮਹੀਨਾ ਅਤੇ ਦੋ ਬੱਚਿਆਂ 'ਤੇ 4600 ਰੁਪਏ ਪ੍ਰਤੀ ਮਹੀਨਾ ਦੀ ਮਾਲੀ ਸਹਾਇਤਾ ਦਿੱਤੀ ਜਾਵੇਗੀ।

ਹਰਿਆਣਾ ਰਾਜ ਵਿੱਚ ਵਸੇ ਕਸ਼ਮੀਰੀ ਪ੍ਰਵਾਸੀ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ ਮਾਲੀ ਸਹਾਇਤਾ ਵਿੱਚ ਵੀ ਵਾਧਾ ਕੀਤਾ ਗਿਆ ਹੈ। ਹੁਣ ਇੱਕ ਵਿਅਕਤੀ ਨੂੰ 1700 ਰੁਪਏ ਪ੍ਰਤੀ ਮਹੀਨਾ, ਜਦੋਂ ਕਿ ਇੱਕ ਪਰਿਵਾਰ ਨੂੰ ਵੱਧ ਤੋਂ ਵੱਧ 8500 ਰੁਪਏ ਪ੍ਰਤੀ ਮਹੀਨਾ ਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਹਰਿਆਣਾ ਸਰਕਾਰ ਦਾ ਇਹ ਫੈਸਲਾ ਸਮਾਜਿਕ ਸੁਰੱਖਿਆ ਨੂੰ ਮਜਬੂਤ ਬਨਾਉਣ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਣ ਕਦਮ ਹੈ, ਜਿਸ ਨਾਲ ਬਜੁਰਗਾਂ, ਮਹਿਲਾਵਾਂ, ਦਿਵਆਂਗਜਨ, ਗੰਭੀਰ ਰੋਗੀਆਂ ਅਤੇ ਹੋਰ ਜਰੂਰਤਮੰਦ ਵਰਗਾਂ ਨੂੰ ਆਰਥਕ ਸੰਬਲ ਮਿਲੇਗਾ।

# ਸੂਰਜਕੁੰਡ ਮੇਲੇ ਦੇ ਜਰਇਏ ਨੌਜੁਆਨ ਪੀੜੀ ਦਾ ਸਭਿਆਚਾਰਕ ਵਿਰਾਸਤ ਨਾਲ ਜੋੜਨ ਦਾ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਦਾ ਅਨੋਖਾ ਯਤਨ



**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਦੁਨੀਆ ਦੇ ਸੱਭ ਤੋਂ ਵੱਡੇ ਸ਼ਿਲਪ ਮਹਾਕੁੰਭ ਰਾਹੀਂ ਕੌਮੀ-ਕੌਮਾਂਤਰੀ ਸਭਿਆਚਾਰਕ ਸਬੰਧੀ ਦੀ ਨੇੜਤਾ ਨਾਲ ਯੁਵਾ ਪੀੜੀ ਨੂੰ ਜੋੜਨ ਦਾ ਅਨੋਖਾ ਯਤਨ ਕਰ ਰਹੇ ਹਨ। ਉਨ੍ਹਾ ਨੇ ਗੋਹਾਨਾ ਵਿਧਾਨਸਭਾ ਖੇਤਰ ਤੋਂ ਰੋਜ਼ਾਨਾ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ 39ਵੇਂ ਸੂਰਜਕੁੰਡ ਕੌਮਾਂਤਰੀ ਆਤਮਨਿਰਭਰ ਸ਼ਿਲਪ ਮਹੋਤਸਵ 2026 ਵਿੱਚ ਪਹੁੰਚਾਉਣ ਦੀ ਵਿਵਸਥਾ ਕੀਤੀ ਹੈ, ਤਾਂ ਜੋ ਉਹ ਅਨੇਕਤਾ ਵਿੱਚ ਏਕਤਾ ਦੇ ਇਸ ਮੰਚ 'ਤੇ ਭਾਰਤੀ ਸਭਿਅਤਾ ਅਤੇ ਸਭਿਆਚਾਰਕ ਨੂੰ ਨੇੜੇ ਤੋਂ ਸਮਝ ਸਕਣ।

ਅਰਾਵਲੀ ਦੀ ਤਲਹਟੀ ਵਿੱਚ 31 ਜਨਵਰੀ ਤੋਂ ਸ਼ੁਰੂ 39ਵੇਂ ਸੂਰਜਕੁੰਡ ਕੌਮਾਂਤਰੀ ਆਤਮਨਿਰਭਰ ਸ਼ਿਲਪ ਮਹੋਤਸਵ 2026 ਵਿੱਚ ਫਰੀਦਾਬਾਦ ਅਤੇ ਨੇੜੇ ਦੇ ਖੇਤਰਾਂ ਦੇ ਨੌਜੁਆਨਾਂ ਦੀ ਲਗਾਤਾਰ ਭਾਗੀਦਾਰੀ ਹੋ ਰਹੀ ਹੈ। ਇਸ ਵਾਰ ਗੋਹਾਨਾ ਵਿਧਾਨਸਭਾ ਦੇ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਯੋਜਨਾਬੱਧ ਢੰਗ ਨਾਲ ਮੇਲੇ ਦਾ ਭ੍ਰਮਣ ਕਰਾਇਆ ਜਾ ਰਿਹਾ ਹੈ।

ਸੂਬੇ ਦੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਦਾ ਮੰਨਨਾ ਹੈ ਕਿ ਇਸ ਸਭਿਆਚਾਕ ਵਿਰਾਸਤ ਦੇ ਸਮਰਿੱਧ ਕੇਂਦਰ ਰਾਹੀਂ ਨੌਜੁਆਨਾਂ ਨੂੰ ਦੇਸ਼ ਦੇ ਵੱਖ-ਵੱਖ ਸੂਬਿਆਂ ਦੀ ਹਸਤਸ਼ਿਲਪ, ਹੈਂਡਲੂਮ ਅਤੇ ਬੁਨਕਰ ਰਿਵਾਇਤਾਂ ਨੂੰ ਨੇੜੇ ਤੋਂ ਦੇਖਣ-ਸਮਝਣ ਦਾ ਮੌਕਾ ਮਿਲਦਾ ਹੈ।

ਨਾਲ ਹੀ, ਹਰ ਸਾਲ ਚੁਣੇ ਜਾਣ ਵਾਲੇ ਪਾਰਟਨਰ ਨੇਸ਼ਨ ਅਤੇ ਥੀਮ ਸਟੇਟ ਦੀ ਕਲਾ-ਸਭਿਆਚਾਰ ਨਾਲ ਵੀ ਪਰੀਚਿਤ ਹੋਣ ਦਾ ਮੌਕਾ ਮਿਲਦਾ ਹੈ, ਜਿਸ ਨਾਲ ਨੌਜੁਆਨਾਂ ਨੂੰ ਭਾਰਤੀ ਅਤੇ ਵਿਦੇਸ਼ੀ ਰਿਵਾਇਤਾਂ ਦਾ ਵਿਵਹਾਰਕ ਗਿਆਨ ਪ੍ਰਾਪਤ ਹੁੰਦਾ ਹੈ। ਇਸੀ ਉਦੇਸ਼ ਨਾਲ ਉਨ੍ਹਾਂ ਦੇ ਗੋਹਾਨਾਂ ਦਫਤਰ ਵੱਲੋਂ ਰੋਜ਼ਾਨਾ ਦੋ ਸਕੂਲਾਂ ਦੇ ਵਿਦਿਆਰਥੀਆਂ ਦਾ ਬੱਸਾਂ ਰਾਹੀਂ ਸੂਰਜਕੁੰਡ ਲਿਆਉਣ ਦੀ ਵਿਵਸਥਾ ਕੀਤੀ ਗਈ ਹੈ।

ਵੀਰਵਾਰ ਨੂੰ ਗੋਹਾਨਾ ਦੇ ਸਰਕਾਰੀ ਕੰਨਿਆ ਕਾਲਜ ਅਤੇ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੇਂਡਰੀ ਸਕੂਲਾ, ਗੜੀ ਉਜਾਲੇ ਖਾਂ ਦੇ ਵਿਦਿਆਰਥੀ ਮੇਲੇ ਵਿੱਚ ਪਹੁੰਚੇ। ਉਨ੍ਹਾਂ ਨੇ ਪਾਰਟਨਰ ਨੇਸ਼ਨ ਇਜਿਪਟ ਅਤੇ ਥੀਮ ਸਟੇਟ ਉੱਤਰ ਪ੍ਰਦੇਸ਼ ਤੇ ਮੇਘਾਲਯ ਦੇ ਪਵੈਲਿਅਨਾਂ ਦਾ ਦੋਰਾ ਕਰ ਉੱਥੇ ਦੀ ਖੁਸ਼ਹਾਲ ਕਲਾ ਅਤੇ ਸਭਿਆਚਾਰ ਬਾਰੇ ਵਿੱਚ ਜਾਣਕਾਰੀ ਪ੍ਰਾਪਤ ਕੀਤੀ। ਇਸ ਦੇ ਬਾਅਦ ਮੁੱਖ ਚੌਪਾਲ ਅਤੇ ਛੋਟੀ ਚੌਪਾਲ 'ਤੇ ਵੱਖ-ਵੱਖ ਸੂਬਿਆਂ ਦੇ ਕਲਾਕਾਰਾਂ ਅਤੇ ਵਿਦੇਸ਼ੀ ਪਾਰਟੀਆਂ ਦੀ ਪੇਸ਼ਗੀਆਂ ਦਾ ਆਨੰਦ ਲਿਆ। ਵਿਦਿਆਰਥੀਆਂ ਨੇ ਸਵੈ ਸਹਾਇਤਾ ਸਮੂਹਾਂ ਅਤੇ ਕੇਂਦਰ ਸਰਕਾਰ ਦੀ ਵੱਖ-ਵੱਖ ਮੰਤਰਾਲਿਆਂ ਵੱਲੋਂ ਲਗਾਏ ਗਏ ਸਟਾਲਾਂ ਦਾ ਵੀ ਅਵਲੋਕਨ ਕੀਤਾ।

ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਨੌਜੁਆਨ ਪੀੜੀ ਨੂੰ ਸਭਿਆਚਾਰ ਨਾਲ ਜੋੜਨ ਲਈ ਸੂਰਜਕੁੰਡ ਮੇਲੇ ਤੋਂ ਬਿਹਤਰ ਮੰਚ ਨਹੀਂ ਹੋ ਸਕਦਾ।

ਇਸੀ ਉਦੇਸ਼ ਨਾਲ ਗੋਹਾਨਾ ਵਿਧਾਨਸਭਾ ਤੋਂ ਰੋਜ਼ਾਨਾ ਵਿਦਿਆਰਥੀਆਂ ਦੇ ਆਉਣ ਾਣ ਅਤੇ ਦੁਪਹਿਰ ਦੇ ਭੋਜਨ ਦੀ ਵਿਵਸਥਾ ਕੀਤੀ ਗਈ ਹੈ, ਜਿਸ ਦਾ ਪ੍ਰਬੰਧਨ ਸਵੈ ਸੇਵਕਾਂ ਦੀ ਟੀਮ ਵੱਲੋਂ ਕੀਤਾ ਜਾ ਰਿਹਾ ਹੈ।

# ਮੁੱਖ ਸਕੱਤਰ ਦੀ ਅਗਵਾਈ ਹੇਠ ਰਾਜ ਪੱਧਰੀ ਤਾਲਮੇਲ ਕਮੇਟੀ ਦਾ ਗਠਨ

**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਰਾਜ ਪੱਧਰ 'ਤੇ ਪੀਐਮ-ਸੂਰਜ ਘਰ ਮੁਫ਼ਤ ਬਿਜਲੀ ਯੋਜਨਾ ਦੇ ਪ੍ਰਭਾਵੀ ਲਾਗੂਕਰਨ ਅਤੇ ਪੂਰੀ ਨਿਗਰਾਨੀ ਲਈ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਰਾਜ ਪੱਧਰੀ ਤਾਲਮੇਲ ਕਮੇਟੀ ( ਐਸਐਲਸੀਸੀ ) ਦਾ ਗਠਨ ਕੀਤਾ ਹੈ।

ਜਾਰੀ ਨੋਟੀਫਿਕੇਸ਼ਨ ਅਨੁਸਾਰ ਕਮੇਟੀ ਵਿੱਚ ਊਰਜਾ ਵਿਭਾਗ ਦੇ ਵਧੀਕ ਮੁੱਖ ਸਕੱਤਰ/ ਪ੍ਰਧਾਨ ਸਕੱਤਰ/ ਸਕੱਤਰ, ਆਵਾਸ ਅਤੇ ਸ਼ਹਿਰੀ ਕਾਰਜ ਵਿਭਾਗ ਦੇ ਵਧੀਕ ਮੁੱਖ ਸਕੱਤਰ/ ਪ੍ਰਧਾਨ ਸਕੱਤਰ/ ਸਕੱਤਰ, ਗ੍ਰਾਮੀਣ ਵਿਕਾਸ ਵਿਭਾਗ ਦੇ ਵਧੀਕ ਮੁੱਖ ਸਕੱਤਰ/ ਪ੍ਰਧਾਨ ਸਕੱਤਰ/ ਸਕੱਤਰ, ਰਾਜ ਪੱਧਰੀ ਬੈਂਕਰਸ ਕਮੇਟੀ ਦੇ ਪ੍ਰਧਾਨ, ਹਰਿਆਣਾ ਦੇ ਸਾਰੇ ਬਿਜਲੀ ਵੰਡ ਨਿਗਮਾਂ ( ਯੂਐਚਬੀਵੀਐਨਐਲ ਅਤੇ ਡੀਐਚਬੀਵੀਐਨਐਲ) ਦੇ ਪ੍ਰਬੰਧ ਨਿਦੇਸ਼ਕ/ ਮੁੱਖ ਕਾਰਜਕਾਰੀ ਅਧਿਕਾਰੀ ਬਤੌਰ ਮੈਂਬਰ ਸ਼ਾਮਲ ਹੋਣਗੇ। ਇਸ ਦੇ ਇਲਾਵਾ ਯੁਵਾ ਸਸ਼ਕਤੀਕਰਨ ਅਤੇ ਉੱਦਮਤਾ ਵਿਭਾਗ ਦੇ ਪ੍ਰਧਾਨ ਸਕੱਤਰ ਅਤੇ ਊਰਜਾ ਵਿਭਾਗ ਦੇ ਨਵੀਨ ਅਤੇ ਨਵੀਕਰਨੀ ਊਰਜਾ ਡਾਇਰੈਕਟਰ ਜਨਰਲ ਵਿਸ਼ੇਸ਼ ਮੈਂਬਰ ਹੋਣਗੇ।

ਯੋਜਨਾ ਦੇ ਬੇਹਤਰ ਲਾਗੂਕਰਨ ਲਈ ਰਾਜ ਸਰਕਾਰ ਲੋੜ ਅਨੁਸਾਰ ਹੋਰ ਸਬੰਧਿਤ ਅਧਿਕਾਰਿਆਂ ਨੂੰ ਵੀ ਐਸਐਲਸੀਸੀ ਵਿੱਚ ਸ਼ਾਮਲ ਕਰ ਸਕਦੀ ਹੈ। ਕਮੇਟੀ ਆਪਣੇ ਵਿਚਾਰ-ਵਟਾਂਦਰਾ ਲਈ ਹੋਰ ਮੰਤਰਾਲੇ/ ਵਿਭਾਗਾਂ ਦੇ ਸਕੱਤਰਾਂ, ਹੋਰ ਅਧਿਕਾਰਿਆਂ ਜਾਂ ਗੈਰ-ਸਰਕਾਰੀ ਮਾਹਿਰਾਂ ਨੂੰ ਵੀ ਸੱਦਾ ਭੇਜ ਸਕੇਗੀ, ਤਾਂ ਜੋ ਯੋਜਨਾ ਦਾ ਪ੍ਰਭਾਵੀ ਅਤੇ ਸਮੇਬੱਧ ਲਾਗੂਕਰਨ ਯਕੀਨੀ ਕੀਤਾ ਜਾ ਸਕੇ।

ਕਮੇਟੀ ਦੇ ਕਾਰਜਖੇਤਰ ਵਿੱਚ ਯੋਜਨਾ ਦੇ ਸਾਰੇ ਘਟਕਾਂ ਦੀ ਰੇਗੂਲਰ ਸਮੀਖਿਆ ਕਰਨਾ, ਵੱਖ ਵੱਖ ਵਿਭਾਗਾਂ ਵਿੱਚਕਾਰ ਤਾਲਮੇਲ ਸਥਾਪਿਤ ਕਰਨਾ, ਸਾਰੇ ਸਰਕਾਰੀ ਇਮਾਰਤਾਂ 'ਤੇ ਰੂਫ਼ਟਾਪ ਸੋਲਰ ਪਲਾਂਟ ਸਥਾਪਿਤ ਕਰਨ ਲਈ ਕਾਰਜਯੋਜਨਾ ਤਿਆਰ ਕਰਨਾ, ਸਰਕਾਰੀ ਇਮਾਰਤਾਂ ਵਿੱਚ ਰੂਫ਼ਟਾਪ ਸੋਲਰ ਦੀ ਸਥਾਪਨਾ ਦੀ ਤਰੱਕੀ ਦੀ ਨਿਗਰਾਨੀ ਕਰਨਾ ਅਤੇ ਜਾਗਰੂਕਤਾ, ਸਮਰਥਾ ਨਿਰਮਾਣ ਅਤੇ ਰੂਫ਼ਟਾਪ ਸੋਰਲ ਸਥਾਪਨਾ ਨੂੰ ਵੱਧ ਤੋਂ ਵੱਧ ਵਾਧਾ ਦੇਣ ਲਈ ਵਿਭਾਗੀ ਯਤਨਾਂ ਦਾ ਤਾਲਮੇਲ ਯਕੀਨੀ ਕਰਨਾ ਸ਼ਾਮਲ ਹੈ। ਕਮੇਟੀ ਕੇਂਦਰ ਸਰਕਾਰ ਦੇ ਨਵੇਂ ਅਤੇ ਨਵੀਨੀਕਰਨ ਊਰਜਾ ਮੰਤਰਾਲੇ ਦੇ ਨਾਲ ਤਾਲਮੇਲ ਸਥਾਪਿਤ ਕਰਦੇ ਹੋਏ ਯੋਜਨਾ ਦੇ ਬੇਹਤਰ ਲਾਗੂਕਰਨ ਲਈ ਸੁਝਾਅ ਵੀ ਦਵੇਗੀ।

ਪੀਐਮ-ਸੂਰਜ ਘਰ-ਮੁਫ਼ਤ ਬਿਜਲੀ ਯੋਜਨਾ ਲਈ ਨਾਮਿਤ ਰਾਜ ਲਾਗੂਕਰਨ ਏਜੰਸੀ ਕਮੇਟੀ ਨੂੰ ਜਰੂਰੀ ਦਫ਼ਤਰੀ ਸਹਾਇਤਾ ਪ੍ਰਦਾਨ ਕਰੇਗੀ।

# ਵਿਕਸਿਤ ਉਦਯੋਗ-ਵਿਕਸਿਤ ਕਾਮਿਆਂ 'ਤੇ ਰਵੇਗਾ ਸਰਕਾਰ ਦਾ ਫੋਕਸ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਫੋਕਸ ਵਿਕਸਿਤ ਉਦਯੋਗ, ਵਿਕਸਿਤ ਕਾਮਿਆਂ 'ਤੇ ਰਵੇਗਾ ਤਾਂ ਜੋ ਰਾਜ ਦੀ ਤਰੱਕੀ ਹੋਰ ਵੱਧ ਤੇਜੀ ਨਾਲ ਹੋ ਸਕੇ।

ਮੁੱਖ ਮੰਤਰੀ ਬੁੱਧਵਾਰ ਨੂੰ ਚੰਡੀਗੜ੍ਹ ਵਿੱਚ ਇੰਡਸਟ੍ਰੀ-ਲੇਬਰ ਫ੍ਰੇਂਡਲੀ ਕਾਉਂਸਿਲ ਦੀ ਪਹਿਲੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਦੇ ਪ੍ਰਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ, ਉਦਯੋਗ ਅਤੇ ਵਣਜ ਵਿਭਾਗ ਦੇ ਕਮੀਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ, ਕਿਰਤ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਰਾਜੀਵ ਰੰਜਨ, ਮੁੱਖ ਮੰਤਰੀ ਦੇ ਉਪ-ਪ੍ਰਧਾਨ ਸਕੱਤਰ ਸ੍ਰੀ ਯਸ਼ਪਾਲ ਦੇ ਇਲਾਵਾ ਹੋਰ ਅਧਿਕਾਰੀ ਅਤੇ ਕਾਉਂਸਿਲ ਦੇ ਮੈਂਬਰ ਮੌਜੂਦ ਸਨ।ਮੁੱਖ ਮੰਤਰੀ ਅਤੇ ਕਾਉਂਸਿਅ ਦੇ ਚੇਅਰਪਰਸਨ ਸ੍ਰੀ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ਜਦੋਂ ਤੱਕ ਕਿਸੇ ਸੂਬੇ ਵਿੱਚ ਉਦਯੋਗ ਬਿਨਾ ਰੁਕਾਵਟ ਦੇ ਗਤੀ ਤੋਂ ਨਹੀਂ ਚਲਣਗੇ ਅਤੇ ਉੱਥੇ ਦੇ ਮਜਦੂਰ ਖੁਸ਼ਹਾਲ ਨਹੀਂ ਹੋਣਗੇ ਤਦ ਤੱਕ ਉਹ ਸੂਬਾ ਆਰਥਿਕ ਤੌਰ ਨਾਲ ਤਰੱਕੀ ਨਹੀਂ ਕਰ ਸਕਦਾ। ਇਨ੍ਹਾਂ ਦੋਹਾਂ ਵਰਗਾ ਵਿੱਚ ਤਾਲਮੇਲ ਹੋਣਾ ਜਰੂਰੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸੇ ਫ੍ਰੈਂਡਲੀ ਅਤੇ ਭਾਈਚਾਰੇ ਦੀ ਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਹੀ ਇੰਡਸਟ੍ਰੀ-ਲੇਬਰ ਫ੍ਰੇਂਡਲੀ ਕਾਉਂਸਿਲ ਦਾ ਗਠਨ ਕੀਤਾ ਹੈ। ਇਸ ਤਰ੍ਹਾਂ ਦੀ ਕਾਉਂਸਿਲ ਗਠਿਤ ਕਰਨ ਵਾਲਾ ਹਰਿਆਣਾ ਦੇਸ਼ ਦਾ ਪਹਿਲਾ ਰਾਜ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਉਦਯੋਗਾਂ ਨੂੰ ਇਜ਼ ਆਫ਼ ਡੂਇੰਗ ਅਤੇ ਕਾਮਿਆਂ ਨੂੰ ਇਜ਼ ਆਫ਼ ਲਿਵਿੰਗ ਦੇਣ ਦੀ ਨੀਤੀ 'ਤੇ ਕੰਮ ਕਰ ਰਹੀ ਹੈ। ਇਹ ਕਾਉਂਸਿਲ ਉਦਯੋਗਾਂ ਅਤੇ ਕਾਮਿਆਂ ਨਾਲ ਸਬੰਧਿਤ ਸਰਕਾਰ ਦੇ ਐਲਾਨਾਂ ਦੀ ਵੀ ਸਮੀਖਿਆ ਕਰੇਗੀ ਅਤੇ ਕਾਮਿਆਂ ਦੀ ਸੁਰੱਖਿਆ, ਉਦਯੋਗ-ਕਾਮੀ ਮਸਲੇ ਨੂੰ ਸੁਲਝਾਉਣ, ਆਈਟੀਆਈ ਜਿਹੇ ਤਕਨੀਕੀ ਸੰਸਥਾਨਾਂ ਵਿੱਚ ਕਾਮਿਆਂ ਦੇ ਕੌਸ਼ਲ ਵਿਕਾਸ ਨੂੰ ਅਪਗ੍ਰੇਡ ਕਰਨ ਨਾਲ ਸਬੰਧਿਤ ਸੁਝਾਅ ਵੀ ਦਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਉਂਸਿਲ ਰਾਹੀਂ ਰਾਜ ਦੇ ਉਦਯੋਗਾਂ ਵਿੱਚ ਕੰਮ ਕਰ ਰਹੇ ਕਾਮਿਆਂ ਦੀ ਉਤਪਾਦਕਤਾ ਵਧਾਉਣ 'ਤੇ ਵੀ ਫੋਕਸ ਰਵੇਗਾ ਕਿਉਂਕਿ ਉਤਪਾਦਕਤਾ ਵਧਣ ਨਾਲ ਜੀਡੀਪੀ ਵਿੱਚ ਵੀ ਵਾਧਾ ਹੋਵੇਗਾ ਜੋ ਕਿ ਦੇਸ਼ ਅਤੇ ਸੂਬੇ ਦੇ ਵਿਕਾਸ ਦਾ ਮੁੱਖ ਅਧਾਰ ਹੈ।ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਵਿੱਚ ਤਕਰੀਬਨ ਦੋ ਲੱਖ ਸੂਖਮ ਅਤੇ ਮੱਧ ਦਰਜੇ ਦੇ ਉਦਯੋਗ ਇੰਡਸਟ੍ਰਿਅਲ ਏਰਿਆ ਤੋਂ ਬਾਹਰ ਚਲ ਰਹੇ ਸਨ ਜਿਸ ਦੇ ਕਾਰਨ ਉਨ੍ਹਾਂ ਨੂੰ ਕਈ ਤਰ੍ਹਾਂ ਦੀ ਸਹੂਲਤਾਂ ਨਹੀਂ ਮਿਲ ਪਾ ਰਹੀ ਸੀ। ਹੁਣ ਸੂਬਾ ਸਰਕਾਰ ਨੇ ਗਤ 25 ਦਸੰਬਰ 2025 ਨੂੰ ਇੱਕ ਪੋਰਟਲ ਲਾਂਚ ਕਰ ਦਿੱਤਾ ਹੈ ਜਿਸ 'ਤੇ ਇਹ ਉਦਯੋਗ ਆਪਣਾ ਰਜਿਸਟ੍ਰੇਸ਼ਨ ਕਰਕੇ ਰੇਗੁਲਰ ਹੋ ਜਾਣਗੇ ਅਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਮਿਲਣਾ ਸ਼ੁਰੂ ਹੋ ਜਾਵੇਗਾ।

ਉਨ੍ਹਾਂ ਨੇ ਦੱਸਿਆ ਕਿ ਕੁੱਝ ਇੰਡਸਟ੍ਰਿਅਲ ਏਰਿਆ ਵਿੱਚ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਤੋਂ ਐਚਐਸਆਈਆਈਡੀਸੀ ਵਿੱਚ ਪਲਾਂਟ ਨੂੰ ਟ੍ਰਾਂਸਫਰ ਕਰਨ ਵਿੱਚ ਆ ਰਹੀ ਮੁਸ਼ਕਲਾਂ ਨੂੰ ਵੀ ਰਿਆਇਤੀ ਰੇਟਾਂ 'ਤੇ ਦੇਣ ਲਈ ਸਰਕਾਰ ਨੇ ਮੰਜ਼ੂਰੀ ਦੇ ਦਿੱਤੀ ਹੈ। ਇੰਡਸਟ੍ਰਿਅਲ ਏਰਿਆ ਵਿੱਚ ਸਸਤੀ ਰੇਟਾਂ 'ਤੇ ਮਜਦੂਰਾਂ ਲਈ ਡੋਰਮੇਟ੍ਰੀ ਆਵਾਸ ਬਨਾਉਣ ਦੀ ਪ੍ਰਕਿਰਿਆ ਤੇਜੀ ਨਾਲ ਜਾਰੀ ਹੈ। ਉਨ੍ਹਾਂ ਨੇ ਦੱਸਿਆ ਕਿ ਕਈ ਜ਼ਿਲ੍ਹਾਂ ਵਿੱਚ ਇੰਡਸਟ੍ਰਿਅਲ ਏਰਿਆ ਵਿੱਚ ਥਾਂ ਦੀ ਘਾਟ ਨੂੰ ਵੇਖਦੇ ਹੋਏ ਮਲਟੀਲੇਵਲ ਪਾਰਕਿੰਗ ਵੀ ਬਣਾਈ ਜਾਵੇਗੀ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਸਰਕਾਰ ਸੂਬੇ ਵਿੱਚ ਉਦਯੋਗਾਂ ਲਈ ਵਾਤਾਵਰਨ ਨੂੰ ਹੋਰ ਵੱਧ ਅਨੁਕੂਲ ਬਨਾਉਣ ਦਾ ਯਤਨ ਕਰ ਰਹੀ ਹੈ ਤਾਂ ਜੋ ਨਿਵੇਸ਼ਕ ਸੂਬੇ ਵਿੱਚ ਵੱਧ ਤੋਂ ਵੱਧ ਨਿਵੇਸ਼ ਕਰਨ। ਇਸ ਨਾਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਵਿਜਨ ਵਿਕਸਿਤ ਭਾਰਤ-2047 ਦਾ ਟੀਚਾ ਹਾਸਲ ਕਰਨ ਵਿੱਚ ਆਸਾਨੀ ਹੋਵੇਗੀ।

# ਹਰਿਆਣਾ ਵਿੱਚ ਗਰੁੱਪ ਡੀ ਭਰਤੀ ਨਿਯਮਾਂ ਵਿੱਚ ਵੱਡਾ ਬਦਲਾਅ

**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਗਰੁੱਪ ਡੀ ਕਰਮਚਾਰੀਆਂ ਦੀ ਭਰਤੀ ਪ੍ਰਕ੍ਰਿਆ ਨੂੰ ਹੋਰ ਵੱਧ ਪਾਰਦਰਸ਼ੀ ਅਤੇ ਮੈਰਿਟ ਅਧਾਰਿਤ ਬਨਾਉਣ ਦੀ ਦਿਸ਼ਾ ਵਿੱਚ ਮਹਤੱਵਪੂਰਣ ਸੋਧ ਕੀਤਾ ਹੈ। ਹੁਣ ਗਰੁੱਪ ਡੀ ਅਸਾਮੀਆਂ 'ਤੇ ਨਿਯੁਕਤੀ ਦੇ ਲਈ ਉਮੀਦਵਾਰਾਂ ਦਾ ਚੋਣ ਪੂਰੀ ਤਰ੍ਹਾ ਨਾਲ ਆਮ ਯੋਗਤਾ ਪ੍ਰੀਖਿਆ (ਸੀਈਟੀ) ਦੇ ਆਧਾਰ 'ਤੇ ਕੀਤਾ ਜਾਵੇਗਾ। ਜਿਨ੍ਹਾਂ ਅਹੁਦਿਆਂ ਲਈ ਘੱਟੋ ਘੱਟ ਵਿਦਿਅਕ ਯੋਗਤਾ ਮੈਟ੍ਰਿਕ ਤੋਂ ਘੱਟ ਨਿਰਧਾਰਿਤ ਹੈ, ਉਨ੍ਹਾਂ ਨੂੰ ਛੱਡ ਕੇ ਹੋਰ ਸਾਰੇ ਅਸਾਮੀਆਂ 'ਤੇ ਚੋਣ ਪੂਰੀ ਤਰ੍ਹਾ ਸੀਈਟੀ ਵਿੱਚ ਪ੍ਰਾਪਤ ਨੰਬਰਾਂ 'ਤੇ ਅਧਾਰਿਤ ਰਹੇਗੀ।

ਮੁੱਖ ਮੰਤਰੀ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਇੱਕ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ।

ਇਹ ਸੋਧ ਹਰਿਆਣਾ ਗਰੁੱਪ ਸੀ ਕਰਮਚਾਰੀ (ਭਰਤੀ ਅਤੇ ਸੇਵਾ ਸ਼ਰਤਾਂ) ਐਕਟ, 2018 ਦੀ ਧਾਰਾ 26 ਦੇ ਤਹਿਤ ਕੀਤਾ ਗਿਆ ਹੈ, ਜੋ ਗਜਟਿਡ ਵਿੱਚ ਪ੍ਰਕਾਸ਼ਨ ਦੀ ਮਿੱਤੀ ਤੋਂ ਪ੍ਰਭਾਵੀ ਹੋਵੇਗਾ। ਨੋਟੀਫਿਕੇਸ਼ਨ ਅਨੁਸਾਰ ਐਕਟ ਦੀ ਦੂਾੀ ਅਨੁਸੂਚੀ ਨੂੰ ਪ੍ਰਤੀਸਥਾਪਿਤ ਕਰ ਨਵੀਂ ਚੋਣ ਵਿਵਸਥਾ ਲਾਗੂ ਕੀਤੀ ਗਈ ਹੈ।

ਨਵੀਂ ਵਿਵਸਥਾ ਦੇ ਤਹਿਤ ਆਮ ਯੋਗਤਾ ਪ੍ਰੀਖਿਆ ਦਾ ਕੁੱਲ ਸਕੋਲ 100 ਫੀਸਦੀ ਸੀਈਟੀ ਨੰਬਰਾਂ 'ਤੇ ਅਧਾਰਿਤ ਹੋਵੇਗਾ। ਪ੍ਰੀਖਿਆ ਦਾ ਕੋਰਸ ਦੋ ਹਿੱਸਿਆਂ ਵਿੱਚ ਨਿਰਧਾਰਿਤ ਰਹੇਗਾ। ਪਹਿਲੇ ਹਿੱਸੇ ਵਿੱਚ 75 ਫੀਸਦੀ ਨੰਬਰ ਆਮ ਜਾਗਰੂਕਤਾ, ਤਰਕਸ਼ਕਤੀ, ਮਾਤਰਾਤਮਕ ਯੋਗਤਾ, ਅੰਗ੍ਰੇਜੀ, ਹਿੰਦੀ ਅਤੇ ਸਬੰਧਿਤ ਵਿਸ਼ਿਆਂ ਦੇ ਹੋਣਗੇ, ਜਦੋਂ ਕਿ ਦੂਜੇ ਹਿੱਸੇ ਵਿੱਚ 25 ਫੀਸਦੀ ਨੰਬਰ ਹਰਿਆਣਾ ਦੇ ਇਤਿਹਾਸ, ਮੌਜੂਦਾ ਘਟਨਾਵਾਂ, ਸਾਹਿਤ, ਭੂਗੋਲ, ਵਾਤਾਵਰਣ ਅਤੇ ਸਭਿਆਚਾਰ ਨਾਲ ਸਬੰਧਿਤ ਹੋਣਗੇ। ਸੁਆਲ ਪੱਤਰ ਦਾ ਪੱਧਰ ਸੈਕੇਂਡਰੀ ਸਿਖਿਆ (ਮੈਟ੍ਰਿਕ) ਦਾ ਰਹੇਗਾ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਕ ਮਹੀਨੇ ਵਿੱਚ ਦੂਜੀ ਵਾਰ ਜਲੰਧਰ ਪਹੁੰਚੇ, ਲੋਕ ਮਿਲਣੀ ਦੌਰਾਨ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ

**ਜਲੰਧਰ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਨਾਲ ਸਿੱਧੇ ਰਾਬਤਾ ਕਾਇਮ ਕਰਨ ਸਬੰਧੀ ਆਪਣੀਆਂ ਸਰਗਰਮੀਆਂ ਨੂੰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜਲੰਧਰ ਆਪਣੇ ਆਪਣੇ ਨਿਵਾਸ ਸਥਾਨ 'ਤੇ ਲੋਕ ਮਿਲਣੀ ਪ੍ਰੋਗਰਾਮ ਰੱਖ ਕੇ ਇਥੋਂ ਦੇ ਨਾਗਰਿਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਇਸ ਪਹਿਲਕਦਮੀ ਨੂੰ ਇੱਕੋ ਪਲੇਟਫਾਰਮ 'ਤੇ ਲੋਕਾਂ ਦੀਆਂ ਸ਼ਿਕਾਇਤਾਂ ਹੱਲ ਕਰਨ ਲਈ ਸਭ ਤੋਂ ਪ੍ਰਭਾਵਸ਼ਾਲੀ ਜ਼ਰੀਆ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਇਕਲੌਤਾ ਸੂਬਾ ਹੈ ਜਿੱਥੇ ਸੂਬੇ ਦਾ ਮੁਖੀ ਲੋਕਾਂ ਨੂੰ ਨਿੱਜੀ ਤੌਰ 'ਤੇ ਮਿਲ ਕੇ ਉਨ੍ਹਾਂ ਦੇ ਮਸਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨਾ ਯਕੀਨੀ ਬਣਾਉਂਦਾ ਹੈ।

ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ 'ਆਪ' ਸਰਕਾਰ ਪੂਰੀ ਇਮਾਨਦਾਰੀ ਅਤੇ ਜਵਾਬਦੇਹੀ ਨਾਲ ਲੋਕਾਂ ਦੀ ਹਰ ਸਮੱਸਿਆ ਹੱਲ ਕਰਨ ਲਈ ਵਚਨਬੱਧ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮ ਸਰਕਾਰ ਅਤੇ ਜਨਤਾ ਦਰਮਿਆਨ ਇੱਕ ਢਾਂਚਾਗਤ ਪੁਲ ਵਜੋਂ ਕੰਮ ਕਰਦਿਆਂ ਜਵਾਬਦੇਹ ਅਤੇ ਪਾਰਦਰਸ਼ੀ ਸ਼ਾਸਨ ਨੂੰ ਯਕੀਨੀ ਬਣਾਉਂਦਾ ਹੈ, ਜਿਸਨੂੰ ਅੱਗੇ ਵੀ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕ ਮਿਲਣੀਆਂ ਇੱਕੋ ਪਲੇਟਫਾਰਮ 'ਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਅਤੇ ਸੁਚੱਜੇ ਸ਼ਾਸਨ ਸਬੰਧੀ ਜਨਤਾ ਤੋਂ ਫੀਡਬੈਕ ਲੈਣ ਲਈ ਸਭ ਤੋਂ ਬਿਹਤਰੀਨ ਢੰਗਾਂ ਵਿੱਚੋਂ ਇੱਕ ਹਨ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਸ਼ਾਇਦ ਹੀ ਕਿਤੇ ਅਜਿਹੀ ਨਾਗਰਿਕ ਕੇਂਦਰਿਤ ਪਹਿਲ ਦੇਖਣ ਨੂੰ ਮਿਲੇ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਅਜਿਹਾ ਕੋਈ ਹੋਰ ਰਾਜ ਨਹੀਂ ਹੈ ਜੋ ਆਮ ਜਨਤਾ ਦੀ ਭਲਾਈ ਲਈ ਅਜਿਹੀ ਲੋਕ-ਪੱਖੀ ਪਹਿਲਕਦਮੀ ਕਰ ਰਿਹਾ ਹੋਵੇ। ਉਨ੍ਹਾਂ ਕਿਹਾ ਕਿ ਇਹ ਰਿਕਾਰਡ 'ਤੇ ਹੈ ਕਿ ਲੋਕ ਮਿਲਣੀ ਪ੍ਰੋਗਰਾਮ ਸਮਾਜ ਦੇ ਹਰ ਵਰਗ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਵਧੇਰੇ ਲਾਹੇਵੰਦ ਸਿੱਧ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਲੋਕ ਮਿਲਣੀ ਸੱਚਮੁੱਚ ਇੱਕ ਵਿਲੱਖਣ ਪਹਿਲ ਹੈ ਜਿੱਥੇ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਦੇ ਯੋਜਨਾਬੱਧ ਹੱਲ ਲਈ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਰਾਬਤਾ ਕਾਇਮ ਕਰਦੀ ਹੈ।



ਇਸ ਪਹਿਲਕਦਮੀ ਨੂੰ ਪੰਜਾਬ ਲਈ ਮਾਣ ਵਾਲੀ ਗੱਲ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਪੰਜਾਬ ਇਕਲੌਤਾ ਸੂਬਾ ਹੈ ਜਿੱਥੇ ਰਾਜ ਦਾ ਮੁਖੀ ਜਨਤਾ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਅਜਿਹੀ ਮੁਹਿੰਮ ਵਿੱਚ ਨਿੱਜੀ ਤੌਰ 'ਤੇ ਸ਼ਾਮਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਲੋਕ ਮਿਲਣੀ ਇੱਕ ਪਾਸੇ ਰਾਜ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਂਦੀ ਹੈ ਉਥੇ ਇਹ ਦੂਜੇ ਪਾਸੇ ਸਰਕਾਰ ਨੂੰ ਆਪਣੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਬਾਰੇ ਚੰਗੀ ਤਰ੍ਹਾਂ ਜਾਣਨ ਦਾ ਮੌਕਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪੂਰੇ ਦੇਸ਼ ਵਿੱਚ ਆਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਹੈ ਕਿਉਂਕਿ ਕਿਸੇ ਵੀ ਹੋਰ ਰਾਜ ਦਾ ਮੁੱਖ ਮੰਤਰੀ ਲੋਕਾਂ ਨਾਲ ਨਿੱਜੀ ਤੌਰ 'ਤੇ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਜਾਣਨ ਅਤੇ ਇਨ੍ਹਾਂ ਦੇ ਹੱਲ ਦੀ ਖੇਚਲ ਨਹੀਂ ਕਰਦਾ।

ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਇਹ ਪਹਿਲ ਪੱਖਪਾਤੀ ਵਿਚਾਰਾਂ ਤੋਂ ਕਿਤੇ ਉੱਪਰ ਦੀ ਗੱਲ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕ ਮਿਲਣੀਆਂ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇੱਕੋ-ਇੱਕ ਉਦੇਸ਼ ਸੂਬੇ ਅਤੇ ਇਥੋਂ ਦੇ ਲੋਕਾਂ ਦੇ ਵਿਕਾਸ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਲੋਕ ਮਿਲਣੀਆਂ ਇੱਕੋ ਪਲੇਟਫਾਰਮ 'ਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦਾ ਸਭ ਤੋਂ ਵਧੀਆ ਜ਼ਰੀਆ ਹਨ, ਕਿਉਂਕਿ ਇਹ ਸਰਕਾਰ ਅਤੇ ਜਨਤਾ ਵਿਚਕਾਰ ਸੰਚਾਰ ਦੇ ਪਾੜੇ ਨੂੰ ਪੂਰਦਿਆਂ ਲੋਕਤੰਤਰੀ ਢਾਂਚੇ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਦਾ ਬਿਹਤਰੀਨ ਢੰਗ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੀ ਹੈ ਜਿਸ ਲਈ ਸੂਬੇ ਵਿੱਚ ਪਹਿਲਾਂ ਹੀ ਕਈ ਮੁੱਖ ਪਹਿਲਕਦਮੀਆਂ ਕੀਤੀਆਂ ਜਾ ਚੁੱਕੀਆਂ ਹਨ।ਨੌਜਵਾਵਾਂ ਦੇ ਸਸ਼ਕਤੀਕਰਨ 'ਤੇ ਸਰਕਾਰ ਦੇ ਧਿਆਨ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਸਰਕਾਰ ਦਾ ਕੰਮ ਨੌਜਵਾਨਾਂ ਦੇ ਸੁਪਨਿਆਂ ਨੂੰ ਖੰਭ ਦੇਣਾ ਹੁੰਦਾ ਹੈ ਤਾਂ ਜੋ ਉਹ ਜ਼ਿੰਦਗੀ ਵਿੱਚ ਸਫ਼ਲਤਾ ਦੀਆਂ ਨਵੀਆਂ ਕਹਾਣੀਆਂ ਲਿਖ ਸਕਣ। ਉਨ੍ਹਾਂ ਕਿਹਾ ਕਿ ਮੇਰੇ ਦੁਆਰਾ ਦਸਤਖਤ ਕੀਤੀ ਜਾਂਦੀ ਹਰ ਫਾਈਲ ਆਮ ਆਦਮੀ ਅਤੇ ਰਾਜ ਦੇ ਲਾਭ ਲਈ ਹੁੰਦੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਜਾਂ ਸਿਫਾਰਸ਼ ਤੋਂ ਬਿਨਾਂ 63,000 ਤੋਂ ਵੱਧ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਹਰ ਫੈਸਲਾ ਸੂਬੇ ਦੀ ਤਰੱਕੀ ਅਤੇ ਇਸਦੇ ਲੋਕਾਂ ਦੀ ਖੁਸ਼ਹਾਲੀ ਵੱਲ ਸੇਧਿਤ ਹੁੰਦਾ ਹੈ।

ਸਿੱਖਿਆ ਸੁਧਾਰਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਖੇਤਰ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਰਾਜ ਭਰ ਵਿੱਚ ਸਕੂਲ ਆਫ਼ ਐਮੀਨੈਂਸ ਸਥਾਪਤ ਕੀਤੇ ਗਏ ਹਨ। ਇਨ੍ਹਾਂ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਪੂਰੀ ਤਰ੍ਹਾਂ ਲੈਸ ਲੈਬਾਟਰੀਆਂ ਅਤੇ ਵਿਗਿਆਨਕ ਸਿੱਖਿਆ ਲਈ ਪਲੇਅ-ਗਰਾਊਂਡ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀ ਮੁਹਾਰਤ ਨੂੰ ਨਿਖਾਰਨ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਜਾ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਆਧੁਨਿਕ ਸਿੱਖਿਆ ਅਭਿਆਸਾਂ ਤੋਂ ਜਾਣੂ ਹੋ ਕੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਭਵਿੱਖ ਦੇ ਮੁਕਾਬਲਿਆਂ ਲਈ ਤਿਆਰ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਨੇ ਭਾਰਤ ਸਰਕਾਰ ਦੁਆਰਾ ਕਰਵਾਏ ਗਏ ਨੈਸ਼ਨਲ ਅਚੀਵਮੈਂਟ ਸਰਵੇ ਵਿੱਚ ਕੇਰਲਾ ਨੂੰ ਵੀ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਸੂਬੇ ਦੇ ਵਿਦਿਆਰਥੀਆਂ ਨੂੰ ਹਥਿਆਰਬੰਦ ਬਲਾਂ ਦੀ ਪ੍ਰੀਖਿਆ ਲਈ ਤਿਆਰੀਆਂ ਦੇ ਨਾਲ-ਨਾਲ ਨੀਟ, ਜੇਈਈ, ਕਲੈਟ ਅਤੇ ਐਨਆਈਐਫਟੀ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਵਿਸ਼ੇਸ਼ ਕੋਚਿੰਗ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸਕੂਲ ਆਫ਼ ਐਮੀਨੈਂਸ ਅਤੇ ਹੋਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਜੇਈਈ ਮੇਨਜ਼, ਜੇਈਈ ਐਡਵਾਂਸਡ ਅਤੇ ਨੀਟ ਪ੍ਰੀਖਿਆਵਾਂ ਲਈ ਕੁਆਲੀਫਾਈ ਕੀਤਾ ਹੈ। ਉਨ੍ਹਾਂ ਕਿਹਾ ਕਿ ਇੱਕ ਹੋਰ ਮਹੱਤਵਪੂਰਨ ਕਦਮ ਵਿੱਚ ਰਾਜ ਦੇ ਸਾਰੇ 65 ਲੱਖ ਪਰਿਵਾਰਾਂ ਲਈ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਇਲਾਜ ਦੇ ਨਾਲ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਗਈ ਹੈ।

ਸਿਹਤ ਸੰਭਾਲ ਪਹਿਲਕਦਮੀਆਂ ਦਾ ਵੇਰਵਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯੋਜਨਾ ਤਹਿਤ ਆਮਦਨੀ ਦੀ ਕੋਈ ਸ਼ਰਤ ਨਹੀਂ ਲਾਈ ਗਈ ਅਤੇ ਹੁਣ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵੀ ਇਸ ਯੋਜਨਾ ਅਧੀਨ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਪੰਜਾਬ ਸਮੁੱਚੇ ਨਾਗਰਿਕਾਂ ਨੂੰ ਮੁਫਤ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਵਾਲਾ ਪਹਿਲਾ ਰਾਜ ਬਣ ਗਿਆ ਹੈ। ਉਨ੍ਹਾਂ ਕਿਹਾ ਕਿ 881 ਆਮ ਆਦਮੀ ਕਲੀਨਿਕ ਰੋਜ਼ਾਨਾ ਮੁਫ਼ਤ ਇਲਾਜ ਪ੍ਰਦਾਨ ਕਰ ਰਹੇ ਹਨ ਅਤੇ ਸਾਲ 2022 ਵਿੱਚ ਰਾਜ ਸਰਕਾਰ ਦੇ ਸੱਤਾ ਸੰਭਾਲਣ ਤੋਂ ਲੈ ਕੇ ਸੂਬੇ ਦੇ ਲਗਭਗ 90 ਫੀਸਦ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ।

ਕਿਸਾਨਾਂ ਲਈ ਸਹੂਲਤ ਅਤੇ ਮਜ਼ਬੂਤ ਬੁਨਿਆਦੀ ਢਾਂਚੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਰਾਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਟਿਊਬਵੈੱਲਾਂ ਨੂੰ ਦਿਨ ਵੇਲੇ ਵੀ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਪ੍ਰਦਾਨ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਰਾਜ ਵਿੱਚ 6900 ਕਿਲੋਮੀਟਰ ਦੀ ਲੰਬਾਈ ਵਾਲੇ 18349 ਜਲ ਮਾਰਗਾਂ ਨੂੰ ਮੁੜ ਸੁਰਜੀਤ ਕਰਦਿਆਂ ਟੇਲਾਂ 'ਤੇ ਰਹਿੰਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਯਕੀਨੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਰਾਜ ਵਿੱਚ ਕਈ ਸਰਕਾਰੀ ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਦਿਆਰਥੀ ਚੰਗੀ ਪੜ੍ਹਾਈ-ਲਿਖਾਈ ਕਰ ਕਰਕੇ ਜ਼ਿੰਦਗੀ ਵਿੱਚ ਉੱਚੇ ਮੁਕਾਮ ਹਾਸਲ ਕਰ ਸਕਣ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅੱਜ ਪੰਜਾਬ ਹਰ ਖੇਤਰ ਵਿੱਚ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ ਕਿਉਂਕਿ ਸੂਬਾ ਸਰਕਾਰ ਨੇ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਹਰ ਸੰਭਵ ਕਦਮ ਚੁੱਕਿਆ ਹੈ।

# ਬਟਾਲਾ ਹਲਕੇ ਦੀਆਂ ਵਾਰਡਾਂ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਹੈਲਥ ਕਾਰਡ ਬਣਾਉਣ ਵਿਸ਼ੇਸ਼ ਕੈਂਪ



**ਬਟਾਲਾ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੈਲਥ ਕਾਰਡ ਬਣਾਉਣ ਲਈ ਲੋਕਾਂ ਦੀ ਸਹੂਲਤ ਲਈ ਬਟਾਲਾ ਵਿਖੇ ਵਿਸ਼ੇਸ਼ ਕੈਂਪ ਲਗਾਏ ਗਏ ਹਨ, ਜਿਥੇ ਲੋਕਾਂ ਵਲੋਂ ਕੈਂਪ ਵਿੱਚ ਪਹੁੰਚ ਕੇ ਆਪਣੇ ਹੈਲਥ ਕਾਰਡ ਬਣਾਉਣ ਦੀ ਰਜਿਸ਼ਟੇਸ਼ਨ ਕਰਵਾਈ ਜਾ ਰਹੀ ਹੈ।

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਹਲਕੇ ਅੰਦਰ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕਾਰਡ ਬਣਾਉਣ ਲਈ 7 ਸਥਾਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ ਹਨ। ਇਸ ਤੋਂ ਇਲਾਵਾ ਕਾਮਨ ਸਰਵਿਸ ਸੈਂਟਰਾਂ ਵਿੱਚ ਵੀ ਹੈਲਥ ਕਾਰਡ ਬਣ ਰਹੇ ਹਨ।

ਬਟਾਲਾ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਵਾਰਡ ਨੰਬਰ 7, 37, ਵਾਰਡ ਨੰਬਰ 28 ਡੋਗਰਾ ਮੁਹੱਲਾ ਕਸ਼ਮੀਰ ਗਲੀ, ਵਾਰਡ ਨੰਬਰ 31 ਨੇੜੇ ਰਾਮਲੀਲ੍ਹਾ ਗਰਾਊਂਡ ਮੀਆਂ ਮੁਹੱਲਾ ਵਿੱਚ ਵਿਸ਼ੇਸ਼ ਕੈਂਪ ਲੱਗੇ ਹਨ, ਜਿਥੇ ਲੋਕਾਂ ਦੀ ਮਦਦ ਲਈ ਯੂਥ ਵਲੰਟੀਅਰਾਂ ਰਾਹੀਂ ਹੈਲਥ ਕਾਰਡ ਬਣਾਉਣ ਦੀ ਰਜਿਸ਼ਟੇਸ਼ਨ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਪਿੰਡ ਡੱਲਾ ਮੋੜ ਨੇੜੇ ਕਾਨਵੈਂਟ ਸਕੂਲ ਹਰਚੋਵਾਲ ਰੋਡ, ਪਿੰਡ ਭਗਤਪੁਰ ਰੱਬਵਾਲਾ ਨੇੜੇ ਡੀਏਵੀ ਸਕੂਲ ਕਾਦੀਆਂ ਅਤੇ ਪਿੰਡ ਕੋਟਲਾ ਮੂਸਾ ਨੇੜੇ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਵਿਸ਼ੇਸ਼ ਕੈਂਪ ਲੱਗੇ ਹਨ।

ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਬਣੇ ਹੈਲਥ ਕਾਰਡਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਮਰੀਜ਼ ਆਪਣੇ ਇਲਾਜ ਸਰਕਾਰੀ ਹਸਪਤਾਲਾਂ ਦੇ ਨਾਲ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਕਰਵਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸਿਹਤ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ।

ਇਸ ਮੌਕੇ ਪ੍ਰਧਾਨ ਵੀਨੂੰ ਕਾਹਲੋਂ, ਹਲਕਾ ਕੁਆਰਡੀਨੇਟਰ ਮਨਜੀਤ ਸਿੰਘ ਬੁਮਰਾਹ, ਮਨਦੀਪ ਸਿੰਘ, ਨਵਜੋਤ ਸਿੰਘ, ਅਜੇ ਕੁਮਾਰ ਦਲਜਿੰਦਰ ਸਿੰਘ ਅਤੇ ਪ੍ਰਦੀਪ ਕੁਮਾਰ ਆਦਿ ਮੌਜੂਦ ਸਨ।

# ਆਕਾਸ਼ਵਾਣੀ ਪਟਿਆਲਾ ਵੱਲੋਂ ਮਨਾਇਆ ਗਿਆ ਰੇਡੀਓ ਕਿਸਾਨ ਦਿਵਸ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਕਾਸ਼ਵਾਣੀ: ਪਟਿਆਲਾ ਨੇ ਅੱਜ ਇੱਥੇ ਆਕਾਸ਼ਵਾਣੀ ਪਰਿਸਰ ਵਿੱਚ ਸਥਿਤ ਦੂਰਦਰਸ਼ਨ ਸਟੂਡੀਓ ਵਿੱਚ ਰੇਡੀਓ ਕਿਸਾਨ ਦਿਵਸ ਮਨਾਉਣ ਲਈ ਇੱਕ ਸੱਭਿਆਚਾਰਕ ਸਮਾਗਮ ਦਾ ਆਯੋਜਨ ਕੀਤਾ। ਇਹ ਸਮਾਗਮ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੁਆਰਾ ਸਪਾਂਸਰ ਕੀਤਾ ਗਿਆ ਸੀ। ਇਸ ਸਮਾਗਮ ਵਿੱਚ ਕਈ ਪ੍ਰਗਤੀਸ਼ੀਲ ਕਿਸਾਨ, ਖੇਤੀਬਾੜੀ ਅਧਿਕਾਰੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਹੋਰ ਵਿਭਾਗਾਂ ਦੇ ਖੇਤੀਬਾੜੀ ਮਾਹਿਰ ਸ਼ਾਮਲ ਹੋਏ।

ਡਿਪਟੀ ਡਾਇਰੈਕਟਰ ਜਨਰਲ (ਇੰਜੀਨੀਅਰਿੰਗ) ਸ੍ਰੀ ਰਣਜੀਤ ਮੀਣਾ ਨੇ ਕਿਹਾ ਕਿ ਆਕਾਸ਼ਵਾਣੀ ਕਿਸਾਨਾਂ ਨੂੰ ਖੇਤੀਬਾੜੀ ਵਿੱਚ ਵਿਗਿਆਨਕ ਤਕਨੀਕਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦੀ ਸੇਵਾ ਕਰਦੀ ਰਹੀ ਹੈ। ਉਨ੍ਹਾਂ ਨੇ ਪਿਛਲੇ ਸਮੇਂ ਵਿੱਚ ਹਰੀ ਕ੍ਰਾਂਤੀ ਵਿੱਚ ਰੇਡੀਓ ਦੀ ਭੂਮਿਕਾ ਦਾ ਜ਼ਿਕਰ ਕੀਤਾ।

ਆਕਾਸ਼ਵਾਣੀ: ਪਟਿਆਲਾ ਦੇ ਪ੍ਰੋਗਰਾਮ ਮੁਖੀ ਨੇ ਕਿਹਾ ਕਿ ਆਕਾਸ਼ਵਾਣੀ ਕਿਸਾਨਾਂ ਨੂੰ ਖੇਤੀਬਾੜੀ ਮਾਹਿਰਾਂ ਨਾਲ ਜੋੜ ਕੇ ਉਨ੍ਹਾਂ ਦੀ ਖੁਸ਼ਹਾਲੀ ਲਈ ਯਤਨਸ਼ੀਲ ਹੈ।

ਪ੍ਰਸਿੱਧ ਨਾਟਕਕਾਰ ਡਾ. ਸਤੀਸ਼ ਕੁਮਾਰ ਵਰਮਾ ਦੁਆਰਾ ਲਿਖਿਆ ਪੰਜਾਬੀ ਵਿੱਚ ਇੱਕ ਨਾਟਕ, 'ਪਰਤ ਆਉਣ ਤੱਕ' ਮੋਹਨ ਕੰਬੋਜ ਅਤੇ ਹੋਰ ਨਾਟਕ ਕਲਾਕਾਰਾਂ ਦੁਆਰਾ ਖੇਡਿਆ ਗਿਆ। ਇਸ ਨਾਟਕ ਨੇ ਪੇਂਡੂ ਜੀਵਨ ਨੂੰ ਸਮਾਜਿਕ ਏਕਤਾ ਦੇ ਸੰਦੇਸ਼ ਨਾਲ ਦਰਸਾਇਆ।

ਸਵਰਨ ਯਮਲਾ ਦੀ ਆਕਾਸ਼ਵਾਣੀ ਦੀ ਏ-ਗ੍ਰੇਡ ਪਾਰਟੀ ਨੇ ਲੋਕ ਸੰਗੀਤ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਪ੍ਰੋਗਰਾਮ ਕਾਰਜਕਾਰੀ, ਆਕਾਸ਼ਵਾਣੀ: ਜਲੰਧਰ, ਸ਼੍ਰੀ ਸੋਹਨ ਕੁਮਾਰ, ਪ੍ਰੋਗਰਾਮ ਕਾਰਜਕਾਰੀ, ਆਕਾਸ਼ਵਾਣੀ: ਪਟਿਆਲਾ, ਸ਼੍ਰੀ ਸੁਕੀਨ ਮੁਹੰਮਦ ਅਤੇ ਸੀਨੀਅਰ ਇੰਜੀਨੀਅਰਿੰਗ ਸਹਾਇਕ ਸ੍ਰੀ ਪ੍ਰਦੀਪ ਪੂਨੀਆ ਵੀ ਇਸ ਸਮਾਗਮ ਵਿੱਚ ਮੌਜੂਦ ਸਨ।

ਪ੍ਰੋਗਰਾਮ ਦੀ ਰਿਕਾਰਡਿੰਗ ਆਕਾਸ਼ਵਾਣੀ: ਪਟਿਆਲਾ ਦੀ ਐਫਐਮ ਫ੍ਰੀਕੁਐਂਸੀ 100.2 ਮੈਗਾਹਰਟਜ਼ ਅਤੇ ਮੋਬਾਈਲ ਐਪ ਨਿਊਜ਼ ਆਨ ਏਅਰ 'ਤੇ 15 ਫਰਵਰੀ, 2026 ਨੂੰ ਕਿਸ਼ਨਵਾਣੀ ਪ੍ਰੋਗਰਾਮ ਦੌਰਾਨ ਪ੍ਰਸਾਰਿਤ ਕੀਤੀ ਜਾਵੇਗੀ।

ਰੇਡੀਓ ਕਿਸਾਨ ਦਿਵਸ ਹਰ ਸਾਲ 15 ਫਰਵਰੀ ਨੂੰ ਜਾਂ ਇਸ ਦੇ ਆਸ-ਪਾਸ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ ਤਾਂ ਜੋ ਆਕਾਸ਼ਵਾਣੀ ਅਤੇ ਕਿਸਾਨ ਭਾਈਚਾਰੇ ਵਿਚਕਾਰ ਇੱਕ ਸਬੰਧ ਬਣਾਇਆ ਜਾ ਸਕੇ।

# ਪੰਜਾਬ ਵਿੱਚ ਪਹਿਲਾ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲਿਸ ਸਟੇਸ਼ਨ ਤਿਆਰ

## ਨਾਗਰਿਕਾਂ ਦੀ ਗੁਪਤ ਜਾਣਕਾਰੀ ਲਈ ਐਂਟੀ-ਗੈਂਗਸਟਰ ਹੈਲਪਲਾਈਨ ਜਾਰੀ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਅਪਰਾਧਾਂ ਵਿਰੁੱਧ ਕਾਰਵਾਈ ਤੇਜ਼ ਕਰਨ ਲਈ ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਵਿੱਚ ਪਹਿਲਾ ਐਂਟੀ-ਗੈਂਗਸਟਰ ਟਾਸਕ ਫੋਰਸ ਪੁਲੀਸ ਸਟੇਸ਼ਨ ਸਥਾਪਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ।



ਗਜ਼ਟ ਨੋਟੀਫਿਕੇਸ਼ਨ ਅਨੁਸਾਰ, ਇਹ ਨਵਾਂ ਪੁਲਿਸ ਸਟੇਸ਼ਨ ਪੂਰੇ ਪੰਜਾਬ ਵਿੱਚ ਕੰਮ ਕਰੇਗਾ। ਇਹ ਕਦਮ ਪੰਜਾਬ ਪੁਲੀਸ ਵੱਲੋਂ 'ਅਪਰੇਸ਼ਨ ਪ੍ਰਹਾਰ' ਤਹਿਤ ਵਿੱਢੀ ਗਈ ਮੁਹਿੰਮ ਦੌਰਾਨ ਚੁੱਕਿਆ ਗਿਆ ਹੈ। ਹਾਲਾਂਕਿ ਗੈਂਗਸਟਰ ਨੈੱਟਵਰਕਾਂ ਅਤੇ ਉਨ੍ਹਾਂ ਦੇ ਸਹਿਯੋਗੀ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਰਾਜ ਵਿਆਪੀ ਛਾਪੇਮਾਰੀ ਅਤੇ ਗ੍ਰਿਫਤਾਰੀਆਂ ਦੇ ਦੋ ਪੜਾਅ ਪਹਿਲਾਂ ਹੀ ਮੁਕੰਮਲ ਕੀਤੇ ਜਾ ਚੁੱਕੇ ਹਨ।

ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਨੇ 2026 ਨੂੰ ÷ਗੈਂਗਸਟਰਾਂ ਵਿਰੁੱਧ ਸਾਲ÷ ਵਜੋਂ ਐਲਾਨਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਉਸ ਪੂਰੇ ਈਕੋਸਿਸਟਮ ਨੂੰ ਖਤਮ ਕਰਨਾ ਹੈ ਜੋ ਸੰਗਠਿਤ ਅਪਰਾਧ ਨੂੰ ਸਮਰੱਥ ਬਣਾਉਂਦਾ ਹੈ, ਜਿਸ ਵਿੱਚ ਵਿੱਤ ਪ੍ਰਬੰਧਕ, ਹਥਿਆਰਾਂ ਦੇ ਸਪਲਾਇਰ ਅਤੇ ਸੁਰੱਖਿਅਤ ਪਨਾਹਗਾਹਾਂ ਪ੍ਰਦਾਨ ਕਰਨ ਵਾਲੇ ਸ਼ਾਮਲ ਹਨ। ਪੁਲੀਸ ਨੇ ਇੱਕ 'ਓਵਰਸੀਜ਼ ਫਿਊਜਿਟਿਵ ਟ੍ਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ' ਸਥਾਪਤ ਕੀਤਾ ਹੈ ਅਤੇ ਨਾਗਰਿਕਾਂ ਦੀ ਗੁਪਤ ਜਾਣਕਾਰੀ ਲਈ ਇੱਕ ਐਂਟੀ-ਗੈਂਗਸਟਰ ਹੈਲਪਲਾਈਨ (93946-93946) ਸ਼ੁਰੂ ਕੀਤੀ ਹੈ।

ਪਹਿਲਾ ਪੜਾਅ ਮੁਤਾਬਕ ਸਰਗਰਮ ਗੈਂਗਾਂ ਅਤੇ ਉਨ੍ਹਾਂ ਦੇ ਸਥਾਨਕ ਸਹਿਯੋਗੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤਾਲਮੇਲ ਵਾਲੀ ਛਾਪੇਮਾਰੀ ਕੀਤੀ ਗਈ। ਜੇਲ੍ਹਾਂ ਵਿੱਚ ਬੰਦ ਗੈਂਗ ਲੀਡਰਾਂ ਦੇ ਨੈੱਟਵਰਕ ਨੂੰ ਰੋਕਣ ਲਈ ਚੈਕਿੰਗ ਸਖ਼ਤ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਕਈ ਗ੍ਰਿਫਤਾਰੀਆਂ ਅਤੇ ਨਾਜਾਇਜ਼ ਹਥਿਆਰਾਂ ਤੇ ਮੋਬਾਈਲ ਫੋਨਾਂ ਦੀ ਬਰਾਮਦਗੀ ਹੋਈ

ਦੂਜਾ ਪੜਾਅ ਦੌਰਾਨ ਸ਼ੁਰੂਆਤੀ ਕਾਰਵਾਈ ਤੋਂ ਮਿਲੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਗੈਂਗਾਂ ਦੀ ਵਿੱਤੀ ਅਤੇ ਲੌਜਿਸਟਿਕ ਰੀੜ੍ਹ ਦੀ ਹੱਡੀ ਨੂੰ ਨਿਸ਼ਾਨਾ ਬਣਾਇਆ ਗਿਆ।

ਪੁਲਿਸ ਨੇ ਸ਼ੂਟਰਾਂ ਅਤੇ ਹੈਂਡਲਰਾਂ ਵਿਰੁੱਧ ਕਾਰਵਾਈ ਤੇਜ਼ ਕੀਤੀ, ਫਿਰੌਤੀ ਦੇ ਪੈਸਿਆਂ ਦੇ ਸੋਰਸ ਲੱਭੇ ਅਤੇ ਅਪਰਾਧਿਕ ਕਮਾਈ ਨਾਲ ਬਣਾਈਆਂ ਜਾਇਦਾਦਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ।

ਅਧਿਕਾਰੀਆਂ ਨੇ ਕਿਹਾ ਕਿ ਰਾਜਪੁਰਾ ਵਿੱਚ ਨਵਾਂ ਸੂਬਾ ਵਿਆਪੀ ਪੁਲੀਸ ਸਟੇਸ਼ਨ ਅਜਿਹੀਆਂ ਕਾਰਵਾਈਆਂ ਦੇ ਤਾਲਮੇਲ ਲਈ ਇੱਕ ਕੇਂਦਰੀ ਹੱਬ ਵਜੋਂ ਕੰਮ ਕਰੇਗਾ, ਜੋ ਕਾਨੂੰਨੀ ਅਤੇ ਸੰਚਾਲਨ ਪੱਧਰ 'ਤੇ ਪੰਜਾਬ ਦੀ ਸੰਗਠਿਤ ਅਪਰਾਧ ਵਿਰੁੱਧ ਜੰਗ ਨੂੰ ਹੋਰ ਮਜ਼ਬੂਤ ਕਰੇਗਾ।

# ਮਹਾਂਸ਼ਿਵਰਾਤਰੀ ਸਬੰਧੀ ਗੰਗਾ ਜੱਲ ਲੈਣ ਜਾ ਰਹੇ ਡਾਕ ਬੈਕੁੰਠ ਕਾਂਵੜ ਯਾਤਰੀਆਂ ਤੇ ਫੁੱਲਾਂ ਦੀ ਵਰਖਾ ਕਰ ਕੀਤਾ ਵਿਸ਼ੇਸ਼ ਸਨਮਾਨ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਕਾਲਜ ਰੋਡ ਬਡੂੰਗਰ ਵਿਖੇ ਸਥਿਤ ਪ੍ਰਾਚੀਨ ਸ਼ਿਵ ਮੰਦਿਰ ਬਰੋਟੇ ਵਾਲੇ ਵਿਖੇ ਮਹਾਂ ਸ਼ਿਵਰਾਤਰੀ ਤੇ ਸ਼ਿਵਲਿੰਗ ਜਲ ਅਭਿਸ਼ੇਕ ਕਰਨ ਲਈ ਪਵਿੱਤਰ ਗੰਗਾ ਜਲ ਲੈਣ ਲਈ ਜਾ ਰਹੇ ਡਾਕ ਬੈਕੁੰਡ ਕਾਵੜ ਯਾਤਰੀਆਂ ਤੇ ਪ੍ਰਾਚੀਨ ਮਨੋਕਾਮਨਾ ਸਿੱਧ ਸ਼ਿਵ ਮੰਦਿਰ ਬਰੋਟੇ ਵਾਲੇ ਕਮੇਟੀ ਦੇ ਪ੍ਰਧਾਨ ਗੰਗਾ ਬਿਸ਼ਨ, ਜਨਰਲ ਸਕੱਤਰ ਜਗਦੀਸ਼ ਚੰਦ ਅਤੇ ਰਾਜੀਵ ਕਪੂਰ ਅਤੇ ਰਾਇਲ ਯੂਥ ਕਲੱਬ ਦੇ ਪ੍ਰਧਾਨ ਰਾਹੁਲ ਬਡੂੰਗਰ ਦੀ ਅਗਵਾਈ ਵਿੱਚ ਫੁੱਲਾਂ ਦੀ ਵਰਖਾ ਕਰ ਕਾਵੜੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਗੰਗਾ ਬਿਸ਼ਨ ਅਤੇ ਰਾਹੁਲ ਬਡੂੰਗਰ ਨੇ ਦੱਸਿਆ ਕਿ ਬਡੂੰਗਰ ਦੇ ਪ੍ਰਾਚੀਨ ਬਰੋਟੇ ਵਾਲੇ ਸ਼ਿਵ ਮੰਦਿਰ ਵਿਖੇ ਮਹਾਂਸ਼ਿਵਰਾਤਰੀ ਸਬੰਧੀ ਹੋਣ ਜਾ ਰਹੇ ਸਮਾਰੋਹ ਮੌਕੇ ਸ਼ਿਵਲਿੰਗ ਜਲ ਅਭਿਸ਼ੇਕ ਸਬੰਧੀ ਇਲਾਕੇ ਨਾਲ ਸਬੰਧਤ ਕਾਂਵੜ ਯਾਤਰੀ ਹਰਿਦੁਆਰ ਤੋਂ ਪਟਿਆਲਾ ਪੈਦਲ ਯਾਤਰਾ ਕਰ ਰਿਤੀ ਰਸਮਾਂ ਅਨੁਸਾਰ ਪਵਿੱਤਰ ਜਲ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਸਮੂੰਹ ਬਡੂੰਗਰ ਦੇ ਬਹੁਗਿਣਤੀ ਸ਼ਰਧਾਲੂ ਪ੍ਰਾਚੀਨ ਮੰਦਿਰ ਤੇ ਜਿੱਥੇ ਆਸਥਾ ਰੱਖਦੇ ਹਨ ਉੱਥੇ ਹੀ ਇਲਾਕੇ ਦੇ ਅਨੇਕਾਂ ਨੌਜਵਾਨ ਧਾਰਮਿਕ ਅਤੇ ਸਮਾਜਿਕ ਕਾਰਜਾਂ ਨਾਲ ਜੁੜੇ ਹੋਏ ਹਨ। ਜਿਹੜੇ ਕਿ ਸਮੇਂ—ਸਮੇਂ ਅਨੁਸਾਰ ਵਿਸ਼ੇਸ਼ ਦਿਨਾਂ ਤੇ ਆਯੋਜਿਤ ਸਮਾਰੋਹ ਦੌਰਾਨ ਆਪਣਾ ਵਿਸ਼ੇਸ਼ ਯੋਗਦਾਨ ਸੇਵਾ ਦੇ ਰੂਪ ਵਿੱਚ ਜਰੂਰ ਪਾਉਂਦੇ ਹਨ। ਇਸ ਮੌਕੇ ਜਗਦੀਸ਼ ਚੰਦ, ਆਦਿਤਿਆ, ਨਿਖਿਲ, ਚਿਰਾਗ, ਸ਼ਿਵਮ, ਅਨੁਰਾਗ, ਗਗਨ, ਸੂਰਜ, ਵਿਜੇ, ਵਿੱਕੀ, ਅਸ਼ੋਕ ਕੁਮਾਰ ਜ਼ੋਸ਼ੀ, ਰਾਜੇਸ਼ ਮੰਡੋਰਾ, ਬਿੱਲੂ, ਬੋਬੀ, ਭੱਲਾ, ਬਾਦਲ, ਪੱਪੂ, ਕਾਕਾ, ਪਵਨ, ਆਦਿ ਹਾਜਰ ਸਨ।

# ਆਪ ਪਟਿਆਲਾ ਇਕਾਈ ਵੱਲੋਂ ਕਾਂਗਰਸ ਖ਼ਿਲਾਫ਼ ਜ਼ਬਰਦਸਤ ਮੁਜ਼ਾਹਰਾ, ਐਮ.ਪੀ. ਗਾਂਧੀ ਦੀ ਕੋਠੀ ਘੇਰੀ

➢ ਕਾਂਗਰਸੀ ਲੀਡਰ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਵਾ ਕੇ ਆਪਣਾ ਇਲਾਜ ਕਰਵਾਉਣ: ਹਰਪਾਲ ਜੁਨੇਜਾ ➢ ਪੰਜਾਬ 'ਚ ਦਲਿਤ ਵਿਰੋਧੀ ਮਾਨਸਿਕਤਾ ਦੀ ਕੋਈ ਥਾਂ ਨਹੀਂ, ਕਾਂਗਰਸੀਆਂ ਨੂੰ 2027 'ਚ ਲੋਕ ਸਬਕ ਸਿਖਾਉਣਗੇ: ਤੇਜਿੰਦਰ ਮਹਿਤਾ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪਟਿਆਲਾ ਦੀ ਸਮੁੱਚੀ ਲੀਡਰਸ਼ਿਪ ਤੇ ਵੱਡੀ ਗਿਣਤੀ ਆਗੂਆਂ ਤੇ ਵਰਕਰਾਂ ਨੇ ਅੱਜ 'ਦਲਿਤ ਵਿਰੋਧੀ ਕਾਂਗਰਸ: ਪ੍ਰਤਾਪ ਬਾਜਵਾ ਮੁਆਫ਼ੀ ਮੰਗੇ' ਦਾ ਨਾਅਰਾ ਜ਼ੋਰਦਾਰ ਢੰਗ ਨਾਲ ਬੁਲੰਦ ਕਰਦਿਆਂ ਪਟਿਆਲਾ ਦੇ ਐਮਪੀ ਡਾ. ਧਰਮਵੀਰ ਗਾਂਧੀ ਦੇ ਘਰ ਦੇ ਮੂਹਰੇ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ।

ਆਪ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ ਅਤੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਇੰਪਰੂਵਮੈਂਟ ਟਰਸਟ ਹਰਪਾਲ ਸਿੰਘ ਵਿਰਕ ਦੀ ਅਗਵਾਈ ਹੇਠ ਇੱਥੇ ਅਫ਼ਸਰ ਕਲੋਨੀ



ਨੇੜੇ ਗਊ ਚੌਂਕ ਵਿਖੇ ਬੈਂਡ ਵਾਜੇ ਨਾਲ ਪੁੱਜੀ ਆਪ ਲੀਡਰਸ਼ਿਪ ਨੇ ਮੰਗ ਕੀਤੀ ਕਿ ਦਲਿਤ ਵਿਰੋਧੀ ਮਾਨਸਿਕਤਾ ਰੱਖਣ ਵਾਲਾ ਕਾਂਗਰਸੀ ਆਗੂ ਪ੍ਰਤਾਪ ਬਾਜਵਾ ਮੁਆਫ਼ੀ ਮੰਗੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਬਹੁਤ ਹੀ ਸੂਝਵਾਨ ਆਗੂ ਹਨ, ਇਨ੍ਹਾਂ ਵਿਰੁੱਧ ਕੀਤੀ ਗਈ ਮਾੜੀ ਬਿਆਨਬਾਜੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਧਰਨੇ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਕਾਂਗਰਸ ਪਾਰਟੀ ਤੇ ਇਸਦੇ ਆਗੂ ਦਲਿਤ ਵਰਗ ਤੋਂ ਉਠਕੇ ਮੰਤਰੀ ਬਣੇ ਆਪ ਆਗੂ ਸ. ਹਰਭਜਨ ਸਿੰਘ ਨੂੰ ਬਰਦਾਸ਼ਤ ਨਹੀਂ ਕਰ ਰਹੀ, ਜਿਸ ਕਰਕੇ ਪ੍ਰਤਾਪ ਬਾਜਵਾ ਦੀ ਦਲਿਤ ਵਿਰੋਧੀ ਮਾਨਸਿਕਤਾ ਸਾਹਮਣੇ ਆ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸ਼ਮਾਂ ਪੂਰੇ ਦੇਸ਼ ਵਿੱਚ ਬੁਝਣ ਵਾਲੀ ਹੈ ਤੇ ਕਾਂਗਰਸ ਦਾ ਮੱਕੂ ਪੂਰੀ ਤਰ੍ਹਾਂ ਠੱਪਿਆ ਜਾਣਾ ਹੈ। ਵਿਧਾਇਕ ਕੋਹਲੀ ਨੇ ਮੰਗ ਕੀਤੀ ਕਿ ਪ੍ਰਤਾਪ ਬਾਜਵਾ ਤੇ ਕਾਂਗਰਸ ਪਾਰਟੀ ਬਿਨ੍ਹਾਂ ਸ਼ਰਤ ਮੁਆਫ਼ੀ ਮੰਗੇ। ਵਿਧਾਇਕ ਨੇ ਕਾਂਗਰਸ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਬਾਜਵਾ ਨੇ ਬਿਨ੍ਹਾਂ ਸ਼ਰਤ ਮੁਆਫ਼ੀ ਨਾ ਮੰਗੀ ਤਾਂ ਉਸਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਕਰ ਦਿਤਾ ਜਾਵੇਗਾ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਤੋਂ ਜਨਤਾ ਬਹੁਤ ਖੁਸ਼ ਹੈ ਪਰੰਤੂ ਇਹ ਖੁਸ਼ੀ ਇਨ੍ਹਾਂ ਕਾਂਗਰਸੀਆਂ ਤੋਂ ਬਰਦਾਸ਼ਤ ਨਹੀਂ ਹੋ ਰਹੀ, ਜਿਸ ਲਈ ਅਜਿਹੇ ਮਾੜੀ ਸੋਚ ਵਾਲੇ ਆਗੂ ਆਪਣੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰ ਰਹੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਪੀ.ਆਰ.ਟੀ.ਸੀ. ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ ਕਿ ਇਹ ਬਹੁਤ ਅਫ਼ਸੋਸਨਾਕ ਹੈ ਕਿ ਪ੍ਰਤਾਪ ਬਾਜਵਾ, ਰਾਜਾ ਵੜਿੰਗ ਤੇ ਹੋਰ ਵਿਰੋਧੀ ਆਗੂ ਅੱਜ ਪੂਰੀ ਤਰ੍ਹਾਂ ਹਿੱਲ ਕੇ ਪਾਗਲਪਨ ਕਰਦਿਆਂ ਘਟੀਆ ਹਰਕਤਾਂ 'ਤੇ ਉਤਰ ਆਏ ਹਨ। ਜੁਨੇਜ਼ਾ ਨੇ ਕਿਹਾ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸੀ ਕਿ ਜਿਉਂ-ਜਿਉਂ ਪੰਜਾਬ ਸਰਕਾਰ ਲੋਕਾਂ ਲਈ ਕੰਮ ਕਰਦੀ ਜਾਵੇਗੀ, ਤਿਉਂ-ਤਿਉਂ ਬਾਜਵੇ, ਰਾਜੇ ਤੇ ਹੋਰ ਵਿਰੋਧੀ ਹਿਲਦੇ ਜਾਣਗੇ, ਉਹ ਗੱਲ ਹੁਣ ਸੱਚ ਸਾਬਤ ਹੋ ਰਹੀ ਹੈ।

ਚੇਅਰਮੈਨ ਜੁਨੇਜਾ ਨੇ ਕਿਹਾ ਬਾਜਵਾ ਆਪਣੀ ਸਿਆਣਪ ਪੂਰੀ ਤਰ੍ਹਾਂ ਗੁਆ ਚੁੱਕੇ ਹਨ।

# ਮਾਤਾ ਕੌਸ਼ਲਿਆ ਹਸਪਤਾਲ 'ਚ ਸਾਡੇ ਬਜ਼ੁਰਗ ਸਾਡਾ ਮਾਣ ਤਹਿਤ ਵਿਸ਼ੇਸ਼ ਸਿਹਤ ਕੈਂਪ ਆਯੋਜਿਤ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਅੱਜ ਪਟਿਆਲਾ ਦੇ ਮਾਤਾ ਕੌਸ਼ਲਿਆ ਹਸਪਤਾਲ ਵਿੱਚ ਵਿਸ਼ੇਸ਼ ਸਿਹਤ ਅਤੇ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਉਦੇਸ਼ ਬਜ਼ੁਰਗ



ਨਾਗਰਿਕਾਂ ਨੂੰ ਘਰ ਦੇ ਨੇੜੇ ਹੀ ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਨੂੰ ਸਰਕਾਰੀ ਭਲਾਈ ਸਕੀਮਾਂ ਬਾਰੇ ਜਾਗਰੂਕ ਕਰਨਾ ਸੀ।

ਕੈਂਪ ਦੌਰਾਨ ਤਜਰਬੇਕਾਰ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਵਿਸਥਾਰਪੂਰਵਕ ਸਿਹਤ ਜਾਂਚ ਕੀਤੀ ਗਈ। ਇਸ ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ ਲੈਵਲ, ਅੱਖਾਂ ਦੀ ਜਾਂਚ, ਹੱਡੀਆਂ ਅਤੇ ਜੋੜਾਂ ਨਾਲ ਸੰਬੰਧਿਤ ਸਮੱਸਿਆਵਾਂ, ਦਿਲ ਦੀ ਬਿਮਾਰੀਆਂ ਅਤੇ ਹੋਰ ਆਮ ਰੋਗਾਂ ਦੀ ਸਕ੍ਰੀਨਿੰਗ ਸ਼ਾਮਲ ਸੀ।

# ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ਼ੁਕਰਾਨਾ ਸਮਾਗਮ ਆਯ



**ਲੁਧਿਆਣਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਨੇੜੇ ਈਸਾ ਨਗਰੀ ਪੁੱਲੀ, ਲੁਧਿਆਣਾ ਵਿਖੇ ਅੱਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛੱਤਰ ਛਾਇਆ ਹੇਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸ਼ੁਕਰਾਨਾ ਦਿਵਸ ਮਨਾਇਆ ਗਿਆ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਲੁਧਿਆਣਾ ਕੇਂਦਰੀ ਵਿਧਾਨ ਸਭਾ ਹਲਕੇ ਦੇ ਐਮਐਲਏ ਅਸ਼ੋਕ ਪਰਾਸ਼ਰ ਪੱਪੀ ਪਹੁੰਚੇ ਸਨ। ਜਿਨ੍ਹਾਂ ਨੇ ਆਰਟ ਐਂਡ ਕਰਾਫਟ, ਸਾਇੰਸ, ਰੰਗੋਲੀ ਸਣੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

ਅਸ਼ੋਕ ਪਰਾਸ਼ਰ ਪੱਪੀ ਨੇ ਸੰਬੋਧਨ ਕਰਦਿਆਂ, ਕਿਹਾ ਕਿ ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤਾ ਜਾ ਰਿਹਾ ਉਪਰਾਲਾ ਸ਼ਲਾਘਾ ਦੇ ਯੋਗ ਹੈ। ਉਹਨਾਂ ਨੇ ਖਾਸ ਤੌਰ ਤੇ ਸਕੂਲ ਦੇ ਪ੍ਰਬੰਧਕ ਅਤੇ ਡਾ. ਏ.ਵੀ.ਐਮ ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਰਾਜੀਵ ਕੁਮਾਰ ਲਵਲੀ ਵੱਲੋਂ ਸਮਾਜ ਨੂੰ ਨਵੀਂ ਦਿਸ਼ਾ ਦੇਣ ਲਈ ਕੀਤੇ ਜਾ ਰਹੇ ਕੰਮ ਨੂੰ ਸਰਾਹਿਆ।

ਰਾਜੀਵ ਕੁਮਾਰ ਲਵਲੀ ਨੇ ਪੱਪੀ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਪ੍ਰਗਟਾਉਂਦਿਆਂ, ਕਿਹਾ ਕਿ ਇਹ ਸਕੂਲ ਉਹਨਾਂ ਦੇ ਪਿਤਾ ਸਵ. ਬਾਬੂ ਅਜੀਤ ਕੁਮਾਰ, ਸਾਬਕਾ ਐਮਐਲਏ ਵੱਲੋਂ ਸੰਵਿਧਾਨ ਨਿਰਮਾਤਾ ਡਾ. ਬੀ.ਆਰ ਅੰਬੇਡਕਰ ਦੇ ਵਿਚਾਰਾਂ ਨੂੰ ਅੱਗੇ ਵਧਾਉਣ ਅਤੇ ਸਿੱਖਿਆ ਦੇ ਪ੍ਰਸਾਰ ਲਈ ਸ਼ੁਰੂ ਕੀਤਾ ਗਿਆ ਸੀ।

ਉਨਾਂ ਦੀ ਸੰਸਥਾ ਸਮਾਜ ਦੇ ਲੋੜਵੰਦ ਵਰਗਾਂ ਤੱਕ ਸਿੱਖਿਆ ਤੇ ਪ੍ਰਸਾਰ ਲਈ ਕੰਮ ਕਰਦੀ ਹੈ। ਲਵਲੀ ਨੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਕੀਤੇ ਗਏ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ, ਕਿਹਾ ਕਿ ਇਹ ਸਭ ਪਰਮਾਤਮਾ ਦੀ ਮਿਹਰ ਅਤੇ ਇਹਨਾਂ ਦੇ ਅਧਿਆਪਕਾਂ ਤੇ ਮਾਪਿਆਂ ਵੱਲੋਂ ਕੀਤੀ ਗਈ ਸਖਤ ਮਿਹਨਤ ਦਾ ਨਤੀਜਾ ਹੈ।

ਉਹਨਾਂ ਨੇ ਕਿਹਾ ਕਿ ਅੱਜ ਸਕੂਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਹੇਠ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਵਾਹਿਗੁਰੂ ਨੂੰ ਸ਼ੁਕਰਾਨਾ ਕਰਕੇ ਬੱਚਿਆਂ ਦੇ ਸੁਨਹਿਰੀ ਭਵਿੱਖ ਅਤੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ ਹੈ, ਤਾਂ ਜੋ ਵਿਦਿਆਰਥੀ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਅਤੇ ਭਵਿੱਖ ਵਿੱਚ ਹੋਰ ਤਰੱਕੀ ਕਰਨ ਤੇ ਸਾਡਾ ਪੰਜਾਬ ਅਤੇ ਦੇਸ਼ ਤਰੱਕੀ ਕਰੇ।

ਇਸ ਦੌਰਾਨ ਪੰਜਾਬ ਭਾਜਪਾ ਖਜਾਨਚੀ ਗੁਰਦੇਵ ਸ਼ਰਮਾ ਦੇਬੀ, ਕੌਂਸਲਰ ਨਿੱਕੂ ਭਾਰਤੀ, ਕੌਂਸਲਰ ਰਾਜੂ ਬਾਬਾ, ਅਵਿਨਾਸ਼ ਸਿੱਕਾ, ਰਮੇਸ਼ ਬਾਂਗੜ, ਇੰਦਰਜੀਤ ਸਿੰਘ ਐਡਵੋਕੇਟ, ਜਸਬੀਰ ਸਿੰਘ ਲੁਧਿਆਣਾ, ਸਿਧਾਰਥ ਕੁਮਾਰ ਆਸਟ੍ਰੇਲੀਆ, ਪਵਨ ਕੁਮਾਰ ਹੈਪੀ, ਰਣਜੀਤ ਸਿੰਘ ਲਲਤੋਂ, ਕੁਲਵੰਤ ਸਿੰਘ ਵਿਰਦੀ, ਅਜੇ ਕੁਮਾਰ, ਵੰਸ਼, ਨਿਰਭੈ ਸਿੰਘ, ਬਿੰਨੀ, ਬ੍ਰਿਜੇਸ਼, ਵੇਦਾਂਤ, ਕੋਚ ਜੱਸੀ, ਬਲਵਿੰਦਰ ਗੋਲਡੀ, ਰਾਮਦਾਸ, ਵਿਕਾਸ ਮਲਹੋਤਰਾ, ਜੀਵਨ ਕੁਮਾਰ, ਨਿਹੰਗ ਬਾਬਾ ਬੋਹੜ ਸਿੰਘ ਵੱਲੋਂ ਵੀ ਸ਼ੁਕਰਾਨਾ ਸਮਾਗਮ ਸ਼ਿਰਕਤ ਕੀਤੀ ਗਈ।

# ਕਾਰ-ਮੋਟਰਸਾਈਕਲ ਟੱਕਰ 'ਚ ਮੋਟਰਸਾਈਕਲ ਸਵਾਰ ਦੀ ਮੌਤ



**ਸਮਾਣਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਗਲੋਲੀ ਨੇੜੇ ਕਾਰ ਦੀ ਟੱਕਰ ਕਾਰਨ ਇੱਕ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਜਾਣ 'ਤੇ ਉਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ, ਜਦੋਂਕਿ ਕਾਰ ਚਾਲਕ ਕਾਰ ਸਮੇਤ ਫ਼ਰਾਰ ਹੋ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਠਰੂਆ ਪੁਲਸ ਚੌਂਕੀ ਦੇ ਇੰਚਾਰਜ ਏ.ਐੱਸ.ਆਈ. ਜੈ ਪ੍ਰਕਾਸ਼ ਨੇ ਦੱਸਿਆ ਕਿ ਮ੍ਰਿਤਕ ਭੁਪਿੰਦਰ ਸਿੰਘ (30) ਪੁੱਤਰ ਸਤਨਾਮ ਸਿੰਘ, ਵਾਸੀ ਪਿੰਡ ਗੁਲਾਹੜ ਦੇ ਭਰਾ ਹਰਜਿੰਦਰ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਬੁੱਧਵਾਰ ਦੁਪਹਿਰ ਤੋਂ ਬਾਅਦ ਉਸ ਦਾ ਭਰਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਗਲੋਲੀ ਨੇੜਿਓਂ ਜਾ ਰਿਹਾ ਸੀ। ਸਾਹਮਣੇ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਦੇ ਚਾਲਕ ਨੇ ਲਾਪਰਵਾਹੀ ਨਾਲ ਆਪਣੀ ਕਾਰ ਮੋਟਰਸਾਈਕਲ ਵਿੱਚ ਮਾਰ ਦਿੱਤੀ। ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਣ ਕਾਰਨ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀ ਅਨੁਸਾਰ, ਅਣਪਛਾਤੇ ਕਾਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ, ਜਦਕਿ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਦੇ ਹਵਾਲੇ

# ਸ਼ਰਧਾਲੂਆਂ ਦਾ ਜਥਾ ਡਾਕ ਕਾਂਵੜ ਲੈਣ ਲਈ ਹਰਿਦੁਆਰ ਲਈ ਹੋਇਆ ਰਵਾਨਾ



**ਸੁਨਾਮ ਊਧਮ ਸਿੰਘ ਵਾਲਾ, 16 ਫਰਵਰੀ**
**-ਸੁਭਾਸ਼ ਭਾਰਤੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼੍ਰੀ ਬਾਲਾ ਜੀ ਖਾਟੂਸ਼ਿਆਮ ਮੰਦਿਰ ਤੋਂ ਸ਼ਰਧਾਲੂਆਂ ਦਾ ਇੱਕ ਜੱਥਾ ÷ਬਮ ਬਮ ਭੋਲੇ÷ ਦੇ ਜੈਕਾਰੇ ਲਗਾਉਂਦੇ ਹੋਏ ਡਾਕ ਕਾਂਵੜ ਲੈਣ ਲਈ ਹਰਿਦੁਆਰ ਲਈ ਰਵਾਨਾ ਹੋਇਆ। ਰਵ ਜਨਾਲੀਆ ਨੇ ਦੱਸਿਆ ਕਿ ਕਾਂਸਲ ਫਾਊਂਡੇਸ਼ਨ ਦੇ ਸੰਸਥਾਪਕ ਡਾ. ਅਮਿਤ ਕਾਂਸਲ ਯਾਤਰਾ ਨੂੰ ਰਵਾਨਾ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਝੰਡੀ ਦੇ ਕੇ ਕਾਂਵੜ ਯਾਤਰਾ ਨੂੰ ਰਵਾਨਾ ਕੀਤਾ। ਯਾਤਰਾ ਤੋਂ ਪਹਿਲਾਂ, ਸ਼ਰਧਾਲੂਆਂ ਨੇ ਸਮੂਹਿਕ ਤੌਰ 'ਤੇ ਹਨੂੰਮਾਨ ਚਾਲੀਸਾ ਜੀ ਦਾ ਪਾਠ ਕੀਤਾ। ਸ਼੍ਰੀ ਬਾਲਾਜੀ ਮਹਾਰਾਜ ਅਤੇ ਭੋਲੇ ਬਾਬਾ ਨੂੰ ਲੱਡੂਆ ਦਾ ਭੋਗ ਲਗਾਇਆ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਸੰਤ ਸ਼ਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾ ਚੈਰੀਟੇਬਲ ਟਰੱਸਟ ਸੁਨਾਮ ਵੱਲੋਂ ਹਰਿਦੁਆਰ ਤੋਂ ਸੁਨਾਮ ਤੱਕ ਦੇ ਰਸਤੇ ਵਿੱਚ ਮੋਬਾਈਲ ਹਸਪਤਾਲ ਵੈਨ ਰਾਹੀਂ ਚਾਰ ਦਿਨਾਂ ਮੈਡੀਕਲ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਫਾਰਮਾਸਿਸਟ ਅਮਨਦੀਪ ਗੋਇਲ ਕਾਵੜੀਆਂ ਅਤੇ ਲੋੜਵੰਦਾਂ ਦਾ ਮੁਫਤ ਚੈੱਕਅਪ ਕਰਨਗੇ। ਸ਼੍ਰੀ ਬਾਲਾਜੀ ਟਰੱਸਟ ਵੱਲੋਂ_ਆਰਾ ਦਵਾਈਆਂ ਅਤੇ ਪਾਣੀ ਦੀਆਂ ਬੋਤਲਾਂ ਮੁਫਤ ਦਿੱਤੀਆ ਜਾਣਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਕਾਵੜੀਏ ਹਰਿਦੁਆਰ ਤੋਂ ਪਵਿੱਤਰ ਗੰਗਾ ਜਲ ਲਿਆਉਣਗੇ ਅਤੇ ਮਹਾਸ਼ਿਵਰਾਤਰੀ 'ਤੇ ਸ਼੍ਰੀ ਬਾਲਾਜੀ ਮੰਦਰ ਵਿਖੇ ਨਰਮਦੇਸ਼ਵਰ ਮਹਾਦੇਵ ਸ਼ਿਵਲਿੰਗ ਦਾ ਜਲਭਿਸ਼ੇਕ ਕਰਨਗੇ।

ਸ਼ਿਵ ਭਗਤ ਭਗਵਾਨ ਸ਼ਿਵ ਨੂੰ ਖੁਸ਼ ਕਰਨ ਲਈ ਕਾਵੜ੍ਹ ਲਿਆਉਂਦੇ ਹਨ ਅਤੇ ਸ਼ਿਵ ਮੰਦਰ ਵਿੱਚ ਗੰਗਾ ਜਲ ਚੜ੍ਹਾਉਣ ਨਾਲ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ। ਇਸ ਮੌਕੇ ਪੰਕਜ ਸ਼ਰਮਾ, ਸ਼ੀਤਲ ਮਿੱਤਲ, ਪ੍ਰਵੇਸ਼ ਅਗਰਵਾਲ, ਕਮਲ ਠੇਕੇਦਾਰ, ਅਜੇ ਗੁਪਤਾ, ਅਨਿਲ ਲੀਲਾ, ਜਤਿਨ ਕੁਮਾਰ, ਲੱਕੀ ਖਿਪਲਾ, ਸਚਿਨ ਗੋਇਲ, ਕੇਸ਼ਵ ਗੁਪਤਾ, ਮਾਧਵ, ਗੌਤਮ, ਚਕਸ਼ੂ ਅਤੇ ਸੋਨੂੰ ਸਿੰਗਲਾ, ਗਗਨ, ਵਿਕਾਸ, ਗੋਲੂ ਆਦਿ ਮੌਜੂਦ ਸਨ।

# ਪ੍ਰੀਖਿਆਵਾਂ ਤੋਂ ਪਹਿਲਾਂ ਸਹੀ ਤਿਆਰੀ ਸਫਲਤਾ ਨੂੰ ਦੁੱਗਣੀ ਕਰ ਦਿੰਦੀ ਹੈ: ਅਨਿਲ ਭਾਰਤੀ

## ਰਿਟਾਇਰਮੈਂਟ ਤੋਂ ਬਾਅਦ ਵੀ ਵਿਦਿਆਰਥੀਆਂ ਨੂੰ ਸਫਲਤਾ ਦੇ ਗੁਰ ਸਿਖਾ ਰਹੇ ਨੇ, ਸਿੱਖਿਆ ਸ਼ਾਸਤਰੀ ਅਨਿਲ ਭਾਰਤੀ

**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਸਨਾਤਨ ਧਰਮ ਸਭਾ ਰਜਿਸਟਰਡ ਪਟਿਆਲਾ ਦੁਆਰਾ ਚਲਾਏ ਜਾ ਰਹੇ ਸ਼ਹਿਰ ਦੇ 101 ਸਾਲ ਪੁਰਾਣੇ ਇਤਿਹਾਸਕ ਸਕੂਲ, ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਚੰਗੀ ਤਰ੍ਹਾਂ ਤਿਆਰੀ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਦੇ ਗੁਰ ਸਿਖਾਉਣ ਲਈ ਇੱਕ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ ਗਿਆ। ਸਭਾ ਦੇ ਪ੍ਰਧਾਨ ਸ਼੍ਰੀ ਲਾਲ ਚੰਦ ਜਿੰਦਲ, ਸੀਨੀਅਰ ਉਪ ਪ੍ਰਧਾਨ ਵਿਜੇ ਮੋਹਨ ਗੁਪਤਾ, ਉਪ ਪ੍ਰਧਾਨ ਐਨ.ਕੇ. ਜੈਨ, ਜਨਰਲ ਸਕੱਤਰ ਅਨਿਲ ਗੁਪਤਾ, ਅਤੇ ਸਕੂਲ ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ ਦੀ ਯੋਗ ਅਗਵਾਈ ਹੇਠ ਆਯੋਜਿਤ, ਇਸ ਵਿਸ਼ੇਸ਼ ਸੈਸ਼ਨ ਦੀ ਪ੍ਰਧਾਨਗੀ ਸਕੂਲ ਦੇ ਪ੍ਰਿੰਸੀਪਲ, ਸ਼੍ਰੀ ਰਿਪੁਦਮਨ ਸਿੰਘ ਨੇ ਕੀਤੀ, ਜੋ ਕਿ ਸਕੂਲ ਦੀ ਰਣਨੀਤੀ ਦੇ ਇੱਕ ਹਿੱਸੇ ਵਜੋਂ ਸਾਰੇ ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਅਪਣਾਈ ਗਈ ਹੈ।



ਸੈਸ਼ਨ ਵਿੱਚ ਮੌਜੂਦ 500 ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਇਸੇ ਸਕੂਲ ਤੋਂ ਸੇਵਾਮੁਕਤ ਹੋਏ ਸਮਾਜਿਕ ਵਿਗਿਆਨ ਅਧਿਆਪਕ, ਅਨਿਲ ਕੁਮਾਰ ਭਾਰਤੀ ਨੇ ਦੱਸਿਆ ਕਿ ਸਹੀ ਤਕਨੀਕਾਂ ਨਾਲ ਪ੍ਰੀਖਿਆਵਾਂ ਦੀ ਤਿਆਰੀ ਸਫਲਤਾ ਨੂੰ ਦੁੱਗਣੀ ਕਿਵੇਂ ਕਰ ਸਕਦੀ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਪੜ੍ਹਨਾ ਜਿੰਨਾ ਮਹੱਤਵਪੂਰਨ ਹੈ, ਵਿਸ਼ੇ ਨਾਲ ਸੰਬੰਧਤ ਸਮੱਗਰੀ ਨੂੰ ਯਾਦ ਕਰਨਾ, ਉਸਨੂੰ ਲਿਖਣਾ, ਅਤੇ ਫਿਰ ਗਲਤੀਆਂ ਦੀ ਜਾਂਚ ਆਪ ਕਰਨਾ ਅਤੇ ਖ਼ੁਦ ਹੀ ਸੁਧਾਰ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ। ਉਹਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਆਪਣੀਆਂ ਜ਼ਰੂਰਤਾਂ ਦੇ ਅਧਾਰ ਤੇ ਆਪਣੀ ਸਮਾਂ-ਸਾਰਣੀ ਆਪ ਬਣਾ ਕੇ ਤਿਆਰੀ ਕਰਨ ਦੀ ਸਲਾਹ ਵੀ ਦਿੱਤੀ। ਕਿਉਂਕਿ ਸਾਰੇ ਵਿਦਿਆਰਥੀਆਂ ਦੇ ਬੌਧਿਕ ਪੱਧਰ ਵੱਖ-ਵੱਖ ਹੁੰਦੇ ਹਨ, ਇਸ ਲਈ ਪ੍ਰੀਖਿਆ ਦੀ ਤਿਆਰੀ ਲਈ ਸਭਨਾਂ ਲਈ ਇੱਕ ਸਮਾਨ ਸਮਾਂ-ਸਾਰਣੀ ਢੁਕਵੀਂ ਨਹੀਂ ਹੁੰਦੀ। ਹਰੇਕ ਵਿਦਿਆਰਥੀ ਨੂੰ ਆਪਣੀਆਂ ਜ਼ਰੂਰਤਾਂ ਦੇ ਅਧਾਰ ਤੇ ਆਪਣੀ ਸਮਾਂ-ਸਾਰਣੀ ਆਪ ਬਣਾ ਲੈਣੀ ਚਾਹੀਦੀ ਹੈ। ਵਧੇਰੇ ਔਖੇ ਵਿਸ਼ਿਆਂ ਦੀ ਤਿਆਰੀ ਲਈ ਵਧੇਰਾ ਸਮਾਂ ਅਤੇ ਆਸਾਨ ਵਿਸ਼ਿਆਂ ਦੀ ਤਿਆਰੀ ਲਈ ਘੱਟ ਸਮਾਂ ਦੇਣਾ ਸਲਾਹਿਆ ਜਾਂਦਾ ਹੈ। ਪ੍ਰੀਖਿਆਵਾਂ ਦੀ ਤਿਆਰੀ ਕਰਦੇ ਸਮੇਂ, ਕਿਸੇ ਵੀ ਵਿਸ਼ੇ ਨੂੰ ਆਸਾਨ ਸਮਝ ਕੇ ਕਦੇ ਵੀ ਨਜ਼ਰਅੰਦਾਜ਼ ਕਰਨ ਦੀ ਗਲਤੀ ਨਹੀਂ ਕਰਨੀ ਚਾਹੀਦੀ। ਸਾਰੇ ਵਿਸ਼ੇ ਹੀ ਮਹੱਤਵਪੂਰਨ ਹੁੰਦੇ ਹਨ, ਅਤੇ ਸਾਰੇ ਵਿਸ਼ਿਆਂ ਦੀ ਪੂਰੀ ਤਰ੍ਹਾਂ ਤਿਆਰੀ ਨਾਲ ਹੀ ਪ੍ਰੀਖਿਆ ਦਾ ਨਤੀਜਾ ਵਧੀਆ ਹੁੰਦਾ ਹੈ। ਉਸਨੇ ਸਵੈ-ਅਧਿਐਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ, ਇਹ ਕਹਿੰਦੇ ਹੋਏ ਕਿ ਜੇਕਰ ਤੁਸੀਂ ਪੜ੍ਹਾਈ ਦੌਰਾਨ ਕੋਈ ਸਵਾਲ ਨਹੀਂ ਸਮਝ ਪਾਉਂਦੇ, ਤਾਂ ਸਕੂਲ ਵਿੱਚ ਆਪਣੇ ਅਧਿਆਪਕਾਂ ਨੂੰ ਪੁੱਛਣਾ, ਤਿਆਰੀ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਤਿੰਨ ਪੜਾਵਾਂ ਵਿੱਚ ਰਵੀਜ਼ਨ ਕਰਨ ਦਾ ਇੱਕ ਸਧਾਰਨ, ਪਰ ਪ੍ਰਭਾਵਸ਼ਾਲੀ ਤਰੀਕਾ ਵੀ ਸਿਖਾਇਆ ਗਿਆ। ਇਸ ਵਿਧੀ ਦੇ ਅਨੁਸਾਰ, ਪਹਿਲੇ ਦਿਨ ਵਿਸ਼ੇ ਨੂੰ ਯਾਦ ਕਰਨਾ, ਦੂਜੇ ਦਿਨ ਨਵੀਂ ਸਮੱਗਰੀ ਸਿੱਖਣਾ ਅਤੇ ਫਿਰ ਪਿਛਲੇ ਦਿਨ ਦੇ ਕੰਮ ਨੂੰ ਦੁਹਰਾਉਣਾ ਸਭ ਤੋਂ ਵਧੀਆ ਢੰਗ ਹੈ। ਇਸੇ ਤਰ੍ਹਾਂ, ਜਦੋਂ ਕਿ ਤੀਜੇ ਦਿਨ ਨਵੀਂ ਸਮੱਗਰੀ ਨੂੰ ਯਾਦ ਕਰਨਾ ਚੰਗਾ ਹੁੰਦਾ ਹੈ, ਪਿਛਲੇ ਦੋ ਦਿਨਾਂ ਵਿੱਚ ਸਿੱਖੇ ਗਏ ਕੰਮ ਨੂੰ ਦੁਹਰਾਉਣ ਨਾਲ ਸ਼ਾਨਦਾਰ ਨਤੀਜੇ ਮਿਲਦੇ ਹਨ।

ਇਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ, ਪ੍ਰਿੰਸੀਪਲ ਰਿਪੁਦਮਨ ਸਿੰਘ ਨੇ ਕਿਹਾ ਕਿ ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਨਾ ਸਿਰਫ਼ ਪਟਿਆਲਾ ਵਿੱਚ ਸਗੋਂ ਪੂਰੇ ਰਾਜ ਵਿੱਚ ਆਪਣੀ ਗੁਣਵੱਤਾ ਵਾਲੀ ਸਿੱਖਿਆ ਅਤੇ ਖੇਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਪ੍ਰਦਰਸ਼ਨ ਲਈ ਜਾਣਿਆ ਜਾਂਦਾ ਹੈ। ਇਹ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਯੋਗ ਮਾਰਗਦਰਸ਼ਨ ਦੇ ਨਾਲ-ਨਾਲ ਸਾਰੇ ਸਮਰਪਿਤ ਅਧਿਆਪਕਾਂ ਦੀ ਸਖ਼ਤ ਮਿਹਨਤ ਕਾਰਨ ਹੀ ਇਸ ਸਕੂਲ ਦਾ ਨਾਂ ਸਿੱਖਿਆ ਦੇ ਖੇਤਰ ਵਿੱਚ ਬਹੁਤ ਸਨਮਾਨ ਨਾਲ ਲਿਆ ਜਾਂਦਾ ਹੈ। ਇਸ ਵਿਸ਼ੇਸ਼ ਸੈਸ਼ਨ ਵਿੱਚ ਮੌਜੂਦ 500 ਤੋਂ ਵੱਧ ਵਿਦਿਆਰਥੀਆਂ ਨੇ ਪ੍ਰੀਖਿਆ ਦੀ ਤਿਆਰੀ ਦੀਆਂ ਪੇਚੀਦਗੀਆਂ ਨੂੰ ਚੰਗੀ ਤਰ੍ਹਾਂ ਸਿੱਖਿਆ ਅਤੇ ਸਫਲਤਾ ਦੇ ਉੱਚ ਪੱਧਰ ਪ੍ਰਾਪਤ ਕਰਨ ਦਾ ਵਾਅਦਾ ਕੀਤਾ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ : ਸਰਲਾ ਭਟਨਾਗਰ



**ਪਟਿਆਲਾ, 16 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਵਲੋਂ ਵਿਦਿਆਰਥੀਆਂ ਅਧਿਆਪਕਾਂ ਦੀ ਸੁਰੱਖਿਆ ਬਚਾਉ ਮਦਦ ਅਤੇ ਟ੍ਰੇਨਿੰਗ ਹਿੱਤ ਲਾਗੂ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਜਾਗਰੂਕ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਦੱਸਿਆ ਕਿ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ਼੍ਰੀਮਤੀ ਸ਼ਾਇਨਾ ਕਪੂਰ ਵਲੋਂ ਜ਼ਿਲੇ ਦੇ ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲਾਂ ਦੀ ਮੀਟਿੰਗ ਦੌਰਾਨ ਸੇਫ ਸਕੂਲ ਵਾਹਨ ਪਾਲਿਸੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਦਸਿਆ ਕਿ ਸਤਿਕਾਰਯੋਗ ਸੁਪਰੀਮ ਕੋਰਟ, ਪੰਜਾਬ ਹਰਿਆਣਾ ਹਾਈਕੋਰਟ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਵਲੋਂ ਵਿਦਿਆਰਥੀਆਂ ਦੀ ਸੁਰੱਖਿਆ ਹਿੱਤ ਚਿੰਤਾ ਪ੍ਰਗਟ ਕਰਦਿਆਂ ਹੁਕਮ ਦਿੱਤੇ ਹਨ ਕਿ 2012 ਵਿੱਚ ਲਾਗੂ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲਾਂ ਵਿਖੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਅਤੇ ਵਿਸ਼ਾ ਮਾਹਿਰਾਂ ਦੀ ਕਮੇਟੀਆਂ ਬਣਾਕੇ ਹਰ ਮਹੀਨੇ ਮੀਟਿੰਗਾਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਯੋਗ ਪ੍ਰਬੰਧ ਕੀਤੇ ਜਾਣ। ਸਾਲ ਵਿੱਚ ਦੋ ਵਾਰ ਸਕੂਲਾਂ ਵਿਖੇ ਆਵਾਜਾਈ ਸੁਰੱਖਿਆ, ਫਸਟ ਏਡ, ਸੀ ਪੀ ਆਰ, ਅਤੇ ਫਾਇਰ ਸੇਫਟੀ ਦੀ ਟ੍ਰੇਨਿੰਗਾਂ ਅਤੇ ਮੌਕ ਡਰਿੱਲਾਂ ਕਰਵਾਈਆਂ ਜਾਣ ਤਾਂ ਜ਼ੋ ਵਿਦਿਆਰਥੀਆਂ, ਅਧਿਆਪਕਾਂ ਨੂੰ ਆਵਾਜਾਈ ਹਾਦਸਿਆਂ, ਸਜ਼ਾਵਾਂ ਤੋਂ ਬਚਣ, ਪੀੜਤਾਂ ਦੀ ਸਹਾਇਤਾ ਕਰਨ ਅਤੇ ਅੱਗਾਂ ਲਗਣ, ਗੈਸਾਂ ਲੀਕ ਹੋਣ, ਬਿਜਲੀ ਸ਼ਾਟ ਸਰਕਟ ਸਮੇਂ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਤਿਆਰ ਕੀਤਾ ਜਾਵੇ। ਇਸ ਮੌਕ ਵਿਸ਼ਾ ਮਾਹਰ ਸ਼੍ਰੀ ਕਾਕਾ ਰਾਮ ਵਰਮਾ, ਆਫ਼ਤ ਪ੍ਰਬੰਧਨ, ਫਸਟ ਏਡ, ਫਾਇਰ ਸੇਫਟੀ ਟ੍ਰੇਨਰ ਅਤੇ ਏ ਐਸ ਆਈ ਰਾਮ ਸਰਨ ਟਰੇਫਿਕ ਪੁਲਿਸ ਸਿੱਖਿਆ ਸੈਲ ਨੇ ਸੇਫ ਸਕੂਲ ਵਾਹਨ ਪਾਲਿਸੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ 2009 ਦੇ ਲਾਜ਼ਮੀ ਸਿਖਿਆ ਦੇ ਅਧਿਕਾਰ ਐਕਟ ਤਹਿਤ ਵੀ ਵਿਦਿਆਰਥੀਆਂ ਦੀ ਸੁਰੱਖਿਆ, ਬਚਾਉ, ਮਦਦ ਲਈ ਸਕੂਲਾਂ ਵਿਖੇ ਯੋਗ ਪ੍ਰਬੰਧ ਅਤੇ ਟ੍ਰੇਨਿੰਗਾਂ ਕਰਵਾਉਣ ਦੇ ਕਾਨੂੰਨ ਬਣਾਏ ਹਨ। ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵੀਰ ਹਕੀਕਤ ਰਾਏ ਸਕੂਲ ਵਲੋਂ ਵਿਦਿਆਰਥੀਆਂ, ਅਧਿਆਪਕਾਂ ਦੀ ਜਾਗਰੂਕਤਾ ਹਿੱਤ ਸਮੇਂ ਸਮੇਂ ਆਵਾਜਾਈ ਸੁਰੱਖਿਆ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ, ਨਸ਼ਿਆਂ ਸਾਇਬਰ ਕਰਾਇਮ, ਪੋਸਕੋ ਬਾਰੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਂਦੇ ਹਨ।

# ਬੋਰਡ ਜਮਾਤਾਂ ਦੀਆਂ ਉੱਤਰ-ਪੱਤਰੀਆਂ ਦੀ ਕੰਪਿਊਟਰ ਉੱਤੇ ਜਾਂਚ ਕਰੇਗਾ ਪੀ.ਐਸ.ਈ.ਬੀ.

## ਪੰਜਾਬ ਸਰਕਾਰ ਵੱਲੋਂ ਮਾਰਚ 2026 ਦੀਆਂ ਪ੍ਰੀਖਿਆਵਾਂ ਲਈ ’ਆਨ-ਸਕ੍ਰੀਨ ਮਾਰਕਿੰਗ ਸਿਸਟਮ’ ਲਾਗੂ ਕਰਨ ਦੀ ਤਿਆਰੀ

**ਚੰਡੀਗੜ੍ਹ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਸਰਕਾਰ ਬੋਰਡ ਪ੍ਰੀਖਿਆਵਾਂ ਦੇ ਮੁਲਾਂਕਣ ਦੀ ਪ੍ਰਕਿਰਿਆ ਵਿੱਚ ਵੱਡਾ ਸੁਧਾਰ ਕਰਨ ਜਾ ਰਹੀ ਹੈ, ਜਿਸ ਤਹਿਤ ਪੰਜਾਬ ਸਕੂਲ ਸਿੱਖਿਆ ਬੋਰਡ (PSEB) ਮਾਰਚ 2026 ਦੀਆਂ ਪ੍ਰੀਖਿਆਵਾਂ ਲਈ ’ਆਨ-ਸਕ੍ਰੀਨ ਮਾਰਕਿੰਗ ਸਿਸਟਮ’ ਲਾਗੂ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਪਹਿਲਕਦਮੀ ਦਾ ਐਲਾਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੇਸ਼ ਦੇ ਉਨ੍ਹਾਂ ਪਹਿਲੇ ਸੂਬਾਈ ਬੋਰਡਾਂ ਵਿੱਚੋਂ ਇੱਕ ਬਣ ਜਾਵੇਗਾ ਜੋ ਮੁਕੰਮਲ ਡਿਜੀਟਲ ਮੁਲਾਂਕਣ ਪ੍ਰਣਾਲੀ ਨੂੰ ਅਪਣਾਉਣਗੇ, ਜੋ ਕਿ ਉੱਤਰ-ਪੱਤਰੀਆਂ ਦੀ ਜਾਂਚ ਦੇ ਤਰੀਕੇ ਵਿੱਚ ਇੱਕ ਕ੍ਰਾਂਤੀਕਾਰੀ ਤਬਦੀਲੀ ਹੋਵੇਗੀ।

ਪ੍ਰੋਜੈਕਟ ਦੇ ਵੇਰਵੇ ਸਾਂਝੇ ਕਰਦਿਆਂ ਬੈਂਸ ਨੇ ਕਿਹਾ, ਇਹ ਡਿਜੀਟਲ ਪ੍ਰਣਾਲੀ ਅਧਿਆਪਕਾਂ ਨੂੰ ਕੰਪਿਊਟਰ ’ਤੇ ਸਕੈਨ ਕੀਤੀਆਂ ਉੱਤਰ-ਪੱਤਰੀਆਂ ਦਾ ਮੁਲਾਂਕਣ ਕਰਨ ਦੇ ਯੋਗ ਬਣਾਏਗੀ, ਜਿਸ ਵਿੱਚ ਸੌਫਟਵੇਅਰ ਦੁਆਰਾ ਅੰਕਾਂ ਦੀ ਗਣਨਾ ਆਪਣੇ ਆਪ ਕੀਤੀ ਜਾਵੇਗੀ, ਜਿਸ ਨਾਲ ਨਤੀਜੇ ਤੇਜ਼ੀ ਨਾਲ ਅਤੇ ਵਧੇਰੇ ਸਹੀ ਤਰੀਕੇ ਨਾਲ ਤਿਆਰ ਹੋਣਗੇ।



ਉਨ੍ਹਾਂ ਦੱਸਿਆ, ਸਤੰਬਰ 2025 ਦੀਆਂ ਸਪਲੀਮੈਂਟਰੀ ਪ੍ਰੀਖਿਆਵਾਂ ਦੌਰਾਨ 23,000 ਉੱਤਰ-ਪੱਤਰੀਆਂ ਦਾ ਤੇਜ਼ੀ ਅਤੇ ਸਹੀ ਢੰਗ ਨਾਲ ਮੁਲਾਂਕਣ ਕਰਕੇ ਇਸ ਪ੍ਰਣਾਲੀ ਨੇ ਆਪਣੀ ਕਾਬਲੀਅਤ ਸਾਬਤ ਕੀਤੀ ਹੈ।

ਤਕਨੀਕੀ ਸੁਰੱਖਿਆ ਬਾਰੇ ਦੱਸਦਿਆਂ ਬੈਂਸ ਨੇ ਕਿਹਾ, ÷ਨਵੇਂ ਡਿਜ਼ਾਈਨ ਕੀਤੇ ਗਏ ਉੱਤਰ-ਪੱਤਰ ਦੇ ਹਰੇਕ ਪੰਨੇ ’ਤੇ ਇੱਕ ਵਿਲੱਖਣ QR ਕੋਡ ਹੈ, ਜੋ ਸੁਰੱਖਿਅਤ ਸਕੈਨਿੰਗ ਅਤੇ ਨਿਰਵਿਘਨ ਡਿਜੀਟਲ ਪ੍ਰੋਸੈਸਿੰਗ ਨੂੰ ਯੋਗ ਬਣਾਉਂਦਾ ਹੈ।

ਓਐੱਸਐੱਮ ਪ੍ਰਣਾਲੀ ਦੇ ਤਹਿਤ, ਉੱਤਰ-ਪੱਤਰੀਆਂ ਨੂੰ ਇੱਕ ਸੁਰੱਖਿਅਤ ਵਾਤਾਵਰਣ ਵਿੱਚ ਸਕੈਨ ਕੀਤਾ ਜਾਂਦਾ ਹੈ ਅਤੇ ਇੱਕ ਕੇਂਦਰੀ ਡੈਸ਼ਬੋਰਡ ’ਤੇ ਅਪਲੋਡ ਕੀਤਾ ਜਾਂਦਾ ਹੈ, ਜਿੱਥੇ ਪ੍ਰੀਖਿਅਕ ਸਵੈਚਾਲਿਤ ਟੋਟਲਿੰਗ, ਨਿਰਧਾਰਤ ਮਾਰਕਿੰਗ ਸਕੀਮਾਂ ਅਤੇ ਰੀਅਲ-ਟਾਈਮ ਪ੍ਰਗਤੀ ਨਿਗਰਾਨੀ ਦੇ ਨਾਲ ਆਨਲਾਈਨ ਮੁਲਾਂਕਣ ਕਰਦੇ ਹਨ। ਇਸ ਸੁਧਾਰ ਨੂੰ ਸਿਰਫ਼ ਇੱਕ ਤਕਨੀਕੀ ਅੱਪਗ੍ਰੇਡ ਤੋਂ ਕਿਤੇ ਵੱਧ ਦੱਸਦਿਆਂ ਬੈਂਸ ਨੇ ਕਿਹਾ, ÷ਇਹ ਸਿਰਫ਼ ਇੱਕ ਅੱਪਗ੍ਰੇਡ ਨਹੀਂ ਹੈ, ਇਹ ਸਾਡੇ ਬੱਚਿਆਂ ਦੇ ਭਵਿੱਖ ਦੇ ਮੁਲਾਂਕਣ ਦਾ ਇੱਕ ਮੁਕੰਮਲ ਸੁਧਾਰ ਹੈ। ਇਹ ਪ੍ਰੀਖਿਆਵਾਂ ਵਿੱਚ ਹਰ ਵਿਦਿਆਰਥੀ ਲਈ ਨਿਰਪੱਖਤਾ, ਗਤੀ ਅਤੇ ਸ਼ੁੱਧਤਾ ਨੂੰ ਯਕੀਨੀ ਬਣਾਏਗਾ।÷

PSEB ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਇਸ ਸੁਧਾਰ ਪਿੱਛੇ ’ਵਿਦਿਆਰਥੀ-ਪਹਿਲਾਂ’ ਦੇ ਵਿਜ਼ਨ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ÷ਇਹ ਪਹਿਲਕਦਮੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇਮਾਨਦਾਰੀ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ। ਵਿਦਿਆਰਥੀਆਂ ਨੂੰ ਨਤੀਜਿਆਂ ਦੇ ਘੱਟ ਸਮੇਂ, ਮਿਆਰੀ ਮਾਰਕਿੰਗ ਅਤੇ ਮੁਲਾਂਕਣ ਵਿੱਚ ਪੂਰੀ ਪਾਰਦਰਸ਼ਤਾ ਦਾ ਫਾਇਦਾ ਹੋਵੇਗਾ।

ਸਾਡੇ ਅਧਿਆਪਕ ਵੀ ਇੱਕ ਡਿਜੀਟਲ ਇੰਟਰਫੇਸ ਨਾਲ ਕੰਮ ਕਰਨਗੇ ਜੋ ਇਕਸਾਰਤਾ ਅਤੇ ਰਿਕਾਰਡ ਰੱਖਣ ਨੂੰ ਯਕੀਨੀ ਬਣਾਉਂਦਾ ਹੈ।÷ ਹਰਜੋਤ ਬੈਂਸ ਨੇ ਦੱਸਿਆ ਕਿ ਬੋਰਡ ਨੇ ਮਾਰਚ 2026 ਦੇ ਰੋਲਆਊਟ ਲਈ ਸਾਰੀਆਂ ਤਕਨੀਕੀ ਅਤੇ ਪ੍ਰਬੰਧਕੀ ਤਿਆਰੀਆਂ ਮੁਕੰਮਲ ਕਰ ਲਈਆਂ ਹਨ।

# ਹੋਲਾ ਮਹੱਲਾ ਮੌਕੇ ਸ਼ਰਧਾਲੂਆਂ ਲਈ 2 ਥਾਵਾਂ ਤੇ ਟਰਾਲੀ ਸਿਟੀ ਦਾ ਹੋਵੇਗਾ ਨਿਰਮਾਣ: ਹਰਜੋਤ ਬੈਂਸ

## ਸੰਗਤਾਂ ਲਈ 8 ਏਕੜ ਵਿੱਚ ਟੈਂਟ ਸਿਟੀ, 100 ਈ-ਰਿਕਸ਼ਾ, 60 ਸ਼ਟਲ ਬੱਸ ਸਰਵਿਸ ਦੀ ਮੁਫਤ ਸਹੂਲਤ ਹੋਵੇਗੀ ਉਪਲੱਬਧ : ਕੈਬਨਿਟ ਮੰਤਰੀ

**ਸ੍ਰੀ ਆਨੰਦਪੁਰ ਸਾਹਿਬ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿਦੇਸ਼ ਤੋਂ ਹੋਲਾ ਮਹੱਲਾ 2026 ਮਨਾਉਣ ਲਈ ਲੱਖਾਂ ਦੀ ਤਾਦਾਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਲਈ ਪੁਖਤਾ ਪ੍ਰਬੰਧ ਯਕੀਨੀ ਕਰਨ ਲਈ ਸ੍ਰ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਿਹਾ ਹੈ ਕਿ ਇਸ ਵਾਰ ਸੰਗਤਾਂ ਦੀ ਸਹੂਲਤ ਲਈ ਮੇਲਾ ਖੇਤਰ ਵਿੱਚ ਟੈਂਟ ਸਿਟੀ, ਟਰਾਲੀ ਸਿਟੀ, ਈ-ਰਿਕਸ਼ਾ ਵਿਵਸਥਿਤ ਢੰਗ ਨਾਲ ਮੁਹੱਈਆ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਹੋਲਾ ਮਹੱਲਾ ਮੌਕੇ ਵਿਸ਼ਵ ਪ੍ਰਸਿੱਧ ਵਿਰਾਸਤ ਏ ਖਾਲਸਾ ਯਾਦਗਾਰ ਵਿੱਚ ਆਤਿਸ਼ਬਾਜੀ ਦੇ ਅਲੌਕਿਕ ਦ੍ਰਿਸ਼ ਵਿਖਾਈ ਦੇਣਗੇ। ਗੁਰੂ ਨਗਰੀ ਦਾ ਕੋਨਾ ਕੋਨਾ ਸੁੰਦਰ ਲਾਈਟਾਂ ਨਾਲ ਰੁਸ਼ਨਾਇਆ ਜਾਵੇਗਾ।

ਸ੍ਰ.ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਮੁੱਖ ਮੰਤਰੀ ਸ੍ਰ.ਭਗਵੰਤ ਸਿੰਘ ਮਾਨ ਦੇ ਧਿਆਨ ਵਿਚ ਆਇਆ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਸਰਾਵਾਂ ਹੋਣ ਦੇ ਬਾਵਜੂਦ ਵੀ ਸ਼ਰਧਾਲੂਆਂ ਨੂੰ ਰਹਿਣ ਵਿਚ ਕਾਫੀ ਦਿੱਕਤ ਆਉਂਦੀ ਹੈ ਅਤੇ ਇਸ ਦੇ ਨਾਲ ਹੀ ਵੱਡੀ ਗਿਣਤੀ ਵਿਚ ਸ਼ਰਧਾਲੂ ਆਪਣੀਆਂ ਟਰੈਕਟਰ ਟਰਾਲੀਆਂ ਨੂੰ ਸਜ਼ਾ ਕੇ ਇਸ ਵਿੱਚ ਰਹਿਣ ਦਾ ਪ੍ਰਬੰਧ ਕਰਕੇ ਆਉਂਦੇ ਹਨ। ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਇੱਕ ਸਥਾਈ ਟੈਂਟ ਸਿਟੀ ਅਤੇ ਟਰਾਲੀ ਸਿਟੀ ਸਥਾਪਿਤ ਕੀਤੀ ਜਾ ਰਹੀ ਹੈ, ਜੋ ਆਪਣੇ ਆਪ ਵਿਚ ਵਿਲੱਖਣ ਹੋਵੇਗੀ।

ਇਸ ਉਪਰੰਤ ਹਰਜੋਤ ਸਿੰਘ ਬੈਂਸ ਨੇ ਹਦਾਇਤ ਕਰਦਿਆਂ ਕਿਹਾ ਕਿ ਵੱਡੀ ਗਿਣਤੀ ਵਿਚ ਆਉਣ ਵਾਲੇ ਵਾਹਨਾਂ ਲਈ ਸੁਚੱਜੇ ਢੰਗ ਨਾਲ ਵੱਡੀਆ ਪਾਰਕਿੰਗਾਂ ਦਾ ਇੰਤਜਾਮ ਮੁਕੰਮਲ ਕੀਤਾ ਜਾਵੇ, ਜਿੱਥੇ ਸ਼ਰਧਾਲੂਆਂ ਦੀ ਸਹੂਲਤ ਲਈ ਹੈਲਪ ਡੈਸਕ ਅਤੇ ਹੋਰ ਸੂਚਨਾ ਮੁਹੱਇਆ ਕਰਵਾਉਣ ਦਾ ਪ੍ਰਬੰਧ ਯਕੀਨੀ ਕੀਤਾ ਜਾਵੇ ਅਤੇ ਪਾਰਕਿੰਗਾਂ ਵਿੱਚ ਈ ਰਿਕਸ਼ਾ, ਸ਼ਟਲ ਬੱਸ ਸਰਵਿਸ, ਪੀਣ ਵਾਲਾ ਪਾਣੀ, ਰੋਸ਼ਨੀ ਅਤੇ ਪਖਾਨੇ ਅਤੇ ਹੋਰ ਪ੍ਰਬ?ਧ ਵੀ ਕੀਤੇ ਜਾਣਗੇ। ਉਨ੍ਹਾ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਮੇਲਾ ਖੇਤਰ ਬਾਰੇ ਸਮੁੱਚੀ ਜਾਣਕਾਰੀ ਦੇਣ ਲਈ 20 ਐਲ.ਈ.ਡੀ ਸਕਰੀਨ ਲਗਾਈਆਂ ਜਾਣਗੀਆਂ, ਜਿੱਥੇ ਪਬਲਿਕ ਐਡਰੈਸ ਸਿਸਟਮ ਵੀ ਸਥਾਪਿਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿੱਚ ਸਾਫ ਸਫਾਈ, ਪੀਣ ਵਾਲਾ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਸੁਚਾਰੂ ਆਵਾਜਾਈ, ਸੁਰੱਖਿਆਂ, ਸਿਹਤ ਸਹੂਲਤਾਂ ਦੇ ਵਿਸੇਸ਼ ਪ੍ਰਬੰਧ ਕੀਤੇ ਜਾਣਗੇ।

ਅੱਜ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਅਦਿੱਤਿਆ ਡੇਚਲਵਾਲ ਅਤੇ ਐਸ.ਐਸ.ਪੀ ਸ੍ਰੀ ਮਨਿੰਦਰ ਸਿੰਘ ਸਮੇਤ ਜਿਲ੍ਹਾ ਅਧਿਕਾਰੀਆਂ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਪ੍ਰਬੰਧਾਂ ਸਬੰਧੀ ਵਿਸੇਸ਼ ਮੀਟਿੰਗ ਕਰਦੇ ਹੋਏ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ.ਭਗਵੰਤ ਸਿੰਘ ਮਾਨ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਵਿਸ਼ਵ ਪ੍ਰਸਿੱਧ ਤਿਉਹਾਰ ਹੋਲਾ ਮਹੱਲਾ ਮਨਾਉਣ ਲਈ ਵਿਆਪਕ ਪੱਧਰ ਤੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਨੇ ਕਿਹਾ ਕਿ ਦੇਸ਼ ਵਿਦੇਸ਼ ਤੋਂ ਲੱਖਾਂ ਸੰਗਤਾਂ/ਸ਼ਰਧਾਲੂ ਇਸ ਤਿਉਹਾਰ ਨੂੰ ਮਨਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਪੁੱਜਦੇ ਹਨ। 27,28 ਫਰਵਰੀ ਤੇ 1 ਮਾਰਚ ਕੀਰਤਪੁਰ ਸਾਹਿਬ ਵਿਖੇ ਅਤੇ 2,3,4 ਮਾਰਚ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਚੜ੍ਹਦੀਕਲਾਂ ਦਾ ਪ੍ਰਤੀਕ ਤਿਉਹਾਰ ਹੋਲਾ ਮਹੱਲਾ ਮਨਾਇਆ ਜਾ ਰਿਹਾ ਹੈ। ਪ੍ਰਸਾਸ਼ਨ ਵੱਲੋਂ ਲਗਾਤਾਰ ਬੈਠਕਾਂ ਕਰਕੇ ਸਮੁੱਚੇ ਪ੍ਰਬੰਧਾਂ ਨੂੰ ਅੰਤਿਮ ਛੋਹਾ ਦਿੱਤੀਆਂ ਜਾ ਰਹੀਆਂ ਹਨ।



ਕੈਬਨਿਟ ਮੰਤਰੀ ਬੈਂਸ ਨੇ ਕਿਹਾ ਕਿ ਹੋਲਾ ਮਹੱਲਾ ਤਿਉਹਾਰ ਮੌਕੇ ਸਮੁੱਚੇ ਮੇਲਾ ਖੇਤਰ ਨੂੰ 11 ਸੈਕਟਰਾਂ ਵਿਚ ਵੰਡਿਆ ਗਿਆ ਹੈ। ਸੰਗਤਾਂ ਦੀ ਸਹੂਲਤ ਲਈ ਦੋ ਥਾਵਾਂ ਤੇ ਟਰਾਲੀ ਸਿਟੀ ਬਣਾਈ ਜਾ ਰਹੀ ਹੈ, ਸਾਢੇ ਪੰਜ ਏਕੜ ਵਿਚ ਝਿੰਜੜੀ ਅਤੇ ਚਰਨ ਗੰਗਾ ਖੱਡ ਨੂੰ ਟਰਾਲੀ ਸਿਟੀ ਲਈ ਨਿਰਧਾਰਤ ਕੀਤਾ ਹੈ। 8 ਏਕੜ ਵਿੱਚ ਟੈਂਟ ਸਿਟੀ ਸ਼ਰਧਾਲੂਆਂ ਦੇ ਠਹਿਰਾਓ ਲਈ ਬਣਾਈ ਜਾ ਰਹੀ ਹੈ ਜੋ ਪੂਰਾ ਸਾਲ ਸਥਾਪਿਤ ਰਹੇਗੀ। ਮੁੱਖ ਮੰਤਰੀ ਤੀਰਥ ਯਾਤਰਾਂ ਮੌਕੇ ਗੁਰੂ ਨਗਰੀ ਵਿਚ ਗੁਰਧਾਮਾਂ ਦੇ ਦਰਸ਼ਨਾ ਲਈ ਆਉਣ ਵਾਲੀ ਸੰਗਤ ਨੂੰ ਠਹਿਰਣ ਵਿਚ ਕੋਈ ਮੁਸ਼ਕਿਲ ਪੇਸ਼ ਨਹੀ ਆਵੇਗੀ। ਉਨ੍ਹਾਂ ਨੇ ਕਿਹਾ ਕਿ ਸ਼ਰਧਾਲੂਆਂ ਲਈ 60 ਸ਼ਟਲ ਬੱਸ ਸਰਵਿਸ ਅਤੇ 100 ਈ ਰਿਕਸ਼ਾ ਦੀ ਮੁਫਤ ਸੇਵਾ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾਂ ਦੇ ਕਾਰਡ ਵੀ ਹੋਲਾ ਮਹੱਲਾ ਦੌਰਾਨ ਬਣਾਏ ਜਾਣਗੇ। ਸਮੁੱਚੇ ਮੇਲਾ ਖੇਤਰ ਵਿੱਚ ਹਰ ਸੈਕਟਰ ਵਿੱਚ ਆਮ ਆਦਮੀ ਕਲੀਨਿਕ ਸਥਾਪਿਤ ਹੋਣਗੇ, ਜਿੱਥੇ ਡਾਕਟਰਾਂ ਦੀਆਂ ਟੀਮਾਂ ਸ਼ਰਧਾਲੂਆਂ ਨੂੰ ਮੁਫਤ ਸਿਹਤ ਸਹੂਲਤਾਂ ਦੇਣਗੀਆਂ। ਉਨ੍ਹਾਂ ਨੇ ਕਿਹਾ ਕਿ ਹੋਲਾ ਮਹੱਲਾ ਮੋਕੇ ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾ ਨਿਹੰਗ ਸਿੰਘ ਆਪਣੇ ਘੋੜੀਆਂ ਨਾਲ ਇੱਥੇ ਪੁੱਜਦੇ ਹਨ, ਜਿਨ੍ਹਾਂ ਦੇ ਘੋੜੀਆਂ ਲਈ ਵਿਸੇਸ਼ ਵੈਟਨਰੀ ਡਿਸਪੈਂਸਰੀਆਂ ਕਾਇਮ ਕੀਤੀਆ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਸਮੁੱਚੇ ਮੇਲਾ ਖੇਤਰ ਵਿਚ ਨਿਰਵਿਘਨ ਬਿਜਲੀ ਅਤੇ ਜਲ ਸਪਲਾਈ ਆਰਜ਼ੀ ਪਖਾਨੇ, ਰੋਸ਼ਨੀ, ਸਾਫ ਸਫਾਈ, ਪਾਣੀ ਦਾ ਛਿੜਕਾਓ, ਫੋਗਿੰਗ ਦਾ ਪ੍ਰਬੰਧ ਕੀਤਾ ਗਿਆ ਹੈ।

ਸ੍ਰ.ਬੈਂਸ ਨੇ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਲਈ ਵਿਸੇਸ਼ ਟੀਮਾਂ ਦਾ ਗਠਨ ਕੀਤਾ ਗਿਆ , ਹਰ ਸੈਕਟਰ ਦੇ ਇੰਚਾਰਜ ਜੀ.ਓ ਲਗਾਏ ਗਏ ਹਨ, ਪਾਰਕਿੰਗ ਸਥਾਨਾ ਤੇ ਵੀ ਢੁਕਵੀਆਂ ਸਹੂਲਤਾਂ ਉਪਲੱਬਧ ਹੋਣਗੀਆਂ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਹੋਲਾ ਮਹੱਲਾ ਤਿਉਹਾਰ ਮੌਕੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਤੇ ਪੂਰੀ ਤਰਾਂ ਮਨਾਹੀ ਕੀਤੀ ਗਈ ਹੈ। ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੀ ਹਦੂਦ ਅੰਦਰ ਸ਼ਰਾਬ, ਮੀਟ ਅਤੇ ਕਿਸੇ ਵੀ ਕਿਸਮ ਦਾ ਤੰਬਾਕੂ ਵਾਲੀਆਂ ਵਸਤੂਆਂ ਦੇ ਵੇਚਣ ਤੇ ਵਰਤਣ ਤੇ ਪੂਰੀ ਪਾਬੰਦੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਸ ਬਾਰੇ ਧਾਰਮਿਕ ਸਖਸ਼ੀਅਤਾਂ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਸੰਗਤਾਂ ਨੂੰ ਅਪੀਲ ਕਰਨ ਕਿ ਉਹ ਇਸ ਤਿਉਹਾਰ ਮੌਕੇ ਮਰਿਆਦਾ ਦਾ ਪਾਲਣ ਕਰਨ। ਉਨ੍ਹਾਂ ਨੇ ਕਿਹਾ ਕਿ ਹੋਲਾ ਮਹੱਲਾ ਤਿਉਹਾਰ ਸਾਡਾ ਸਭ ਤੋਂ ਵੱਡਾ ਤਿਉਹਾਰ ਹੈ ਜਿਸ ਨੂੰ ਅਸੀ ਰਲ ਮਿਲ ਕੇ ਮਨਾਂਉਣਾਂ ਹੈ, ਇਸ ਦੇ ਲਈ ਸਭ ਦਾ ਸਹਿਯੋਗ ਜਰੂਰੀ ਹੈ।

ਹੋਲਾ ਮਹੱਲਾ ਤਿਉਹਾਰ ਮੌਕੇ ਕਰਾਫਟ ਮੇਲਾ ਅਤੇ ਵਿਰਾਸਤੀ ਖੇਡਾਂ ਹੋਣਗੀਆਂ ਮੁੱਖ ਆਕਰਸ਼ਣ ਸ੍ਰ.ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਵਿਰਾਸਤ ਏ ਖਾਲਸਾ ਵਿਚ ਕਰਾਫਟ ਮੇਲਾ ਲਗਾਇਆ ਜਾਵੇਗਾ ਜਿੱਥੇ ਪੰਜਾਬ ਦੇ ਹੁਨਰ ਨੂੰ ਦਰਸਾਇਆ ਜਾਵੇਗਾ। ਚਰਨ ਗੰਗਾ ਸਟੇਡੀਅਮ ਵਿੱਚ ਵਿਰਾਸਤੀ ਖੇਡਾਂ ਕਰਵਾਇਆ ਜਾਣਗੀਆਂ ਜਿਸ ਵਿੱਚ ਪੰਜਾਬ ਦੇ ਵਿਰਸੇ ਦੀ ਝਲਕ ਨਜ਼ਰ ਆਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵ) ਚੰਦਰਜਯੋਤੀ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਅਵਿਕੇਸ਼ ਗੁਪਤਾ, ਐਸਪੀ ਅਰਵਿੰਦ ਮੀਨਾ, ਐਸਡੀਐਮ ਸ੍ਰੀ ਅਨੰਦਪੁਰ ਸਾਹਿਬ ਕਮ ਮੇਲਾ ਅਫਸਰ ਜਸਪ੍ਰੀਤ ਸਿੰਘ, ਆਰਟੀਓ ਅਰਸ਼ਦੀਪ ਸਿੰਘ, ਸ.ਗੁਰਕਰਨ ਸਿੰਘ ਐਕਸੀਅਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਪਟਿਆਲਾ, ਐਸਡੀਐਮ ਮੋਰਿੰਡਾ ਗੁਰਦੇਵ ਸਿੰਘ ਧੰਮ, ਸਹਾਇਕ ਕਮਿਸ਼ਨਰ ਅਰਵਿੰਦਰਪਾਲ ਸਿੰਘ ਸੋਮਲ, ਡੀਐਸਪੀ ਸ੍ਰੀ ਅਨੰਦਪੁਰ ਸਾਹਿਬ ਜਸ਼ਨਦੀਪ ਸਿੰਘ ਮਾਨ, ਡੀਐਸਪੀ ਕੁਲਭੂਸ਼ਣ, ਜ਼ਿਲ੍ਹਾ ਮਾਲ ਅਫ਼ਸਰ ਬਾਦਲਦੀਨ, ਸਿਵਲ ਸਰਜਨ ਡਾ. ਨਵਰੂਪ ਕੌਰ, ਐਸਜੀਪੀਸੀ ਤੋਂ ਸੂਚਨਾ ਅਫਸਰ ਹਰਪ੍ਰੀਤ ਸਿੰਘ, ਐਕਸੀਅਨ ਲੋਕ ਨਿਰਮਾਣ ਵਿਭਾਗ ਐਸਐਸ ਭੁੱਲਰ, ਐਸਐਚਓ ਸ੍ਰੀ ਅਨੰਦਪੁਰ ਸਾਹਿਬ ਦਾਨਿਸ਼ਵੀਰ ਸਿੰਘ, ਕਾਰਜ ਸਾਧਕ ਅਫਸਰ ਸ੍ਰੀ ਅਨੰਦਪੁਰ ਸਾਹਿਬ ਗੁਰਦੀਪ ਸਿੰਘ, ਜ਼ਿਲ੍ਹਾ ਫੂਡ ਸਪਲਾਈ ਅਫਸਰ ਡਾ.ਕਿੰਮੀ ਵਨੀਤ ਕੌਰ ਸੇਠੀ, ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੇਮ ਕੁਮਾਰ ਮਿੱਤਲ ਅਤੇ ਵੱਖ ਵੱਖ ਵਿਭਾਗਾਂ ਤੋਂ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

# ਐਮ ਐਲ ਏ ਕੁਲਵੰਤ ਸਿੰਘ ਵੱਲੋਂ ਕੱਚੇ ਮਕਾਨ ਪੱਕੇ ਕਰਨ ਲਈ ਕਰੀਬ ਇੱਕ ਕਰੋੜ ਰੁਪਏ ਦੇ ਮਨਜ਼ੂਰੀ ਪੱਤਰਾਂ ਦੀ ਵੰਡ

## ਭਗਵੰਤ ਸਿੰਘ ਮਾਨ ਸਰਕਾਰ ਗਰੀਬ ਤੇ ਲੋੜਵੰਦ ਲੋਕਾਂ ਨੂੰ ਮਿਆਰੀ ਸਿੱਖਿਆ, ਚੰਗੀਆਂ ਸਿਹਤ ਸਹੂਲਤਾਂ ਅਤੇ ਸਿਰ ਦੀ ਛੱਤ ਦੇਣ ਲਈ ਵਚਨਬੱਧ

**ਮੁਹਾਲੀ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਵੱਲੋਂ ਕੱਚੇ ਮਕਾਨ ਪੱਕੇ ਕਰਨ ਲਈ ਅੱਜ ਕਰੀਬ ਇੱਕ ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਲਾਭਪਾਤਰੀ ਪਰਿਵਾਰਾਂ ਨੂੰ ਵੰਡੇ ਗਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਗਰੀਬ ਤੇ ਲੋੜਵੰਦ ਲੋਕਾਂ ਨੂੰ ਮਿਆਰੀ ਸਿੱਖਿਆ, ਚੰਗੀਆਂ ਸਿਹਤ ਸਹੂਲਤਾਂ ਅਤੇ ਸਿਰ ਦੀ ਛੱਤ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਅੱਜ ਰੰਗਲਾ ਪੰਜਾਬ ਸਕੀਮ ਤਹਿਤ 18 ਪਰਿਵਾਰਾਂ ਨੂੰ 36 ਲੱਖ ਰੁਪਏ ਅਤੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ 39 ਪਰਿਵਾਰਾਂ ਨੂੰ ਲਗਭੱਗ 64 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ। ਦੋਨਾਂ ਯੋਜਨਾਵਾਂ ਤਹਿਤ ਕੁੱਲ ਰਕਮ ਕਰੀਬ ਇੱਕ ਕਰੋੜ ਰੁਪਏ ਬਣਦੀ ਹੈ।

ਵਿਧਾਇਕ ਨੇ ਦੱਸਿਆ ਕਿ ਰੰਗਲਾ ਪੰਜਾਬ ਸਕੀਮ ਅਧੀਨ ਮੋਹਾਲੀ ਹਲਕੇ ਦੇ 32 ਲੋੜਵੰਦ ਪਰਿਵਾਰਾਂ ਨੂੰ ਕੱਚੇ ਮਕਾਨ ਪੱਕੇ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਵੇਗੀ, ਜਿਸ ਵਿੱਚੋਂ 18 ਪਰਿਵਾਰਾਂ ਨੂੰ 2-2 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਅੱਜ ਜਾਰੀ ਕੀਤੇ ਗਏ ਹਨ। ਬਾਕੀ ਰਹਿੰਦੇ 14 ਪਰਿਵਾਰਾਂ ਨੂੰ ਵੀ ਜਲਦ ਹੀ ਇਹ ਸਹਾਇਤਾ ਮੁਹੱਈਆ ਕਰਵਾ ਦਿੱਤੀ ਜਾਵੇਗੀ। ਇਹ ਰਕਮ ਪੰਚਾਇਤ ਦੇ ਖਾਤਿਆਂ ਵਿੱਚ ਤਬਦੀਲ ਕੀਤੀ ਜਾਵੇਗੀ ਅਤੇ ਮਕਾਨਾਂ ਦੀ ਉਸਾਰੀ ਬੀ.ਡੀ.ਪੀ.ਓ. ਦਫ਼ਤਰ ਦੀ ਦੇਖ-ਰੇਖ ਹੇਠ ਕਰਵਾਈ ਜਾਵੇਗੀ।




ਉਨ੍ਹਾਂ ਹੋਰ ਦੱਸਿਆ ਕਿ ਬਰਸਾਤ ਕਾਰਨ ਨੁਕਸਾਨੇ ਗਏ 39 ਘਰਾਂ ਦੇ ਪਰਿਵਾਰਾਂ ਨੂੰ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਮਕਾਨ ਬਣਾਉਣ ਲਈ 1.20 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਹ ਰਕਮ ਤਿੰਨ ਕਿਸ਼ਤਾਂ ਵਿੱਚ ਦਿੱਤੀ ਜਾਵੇਗੀ—ਮਕਾਨ ਸ਼ੁਰੂ ਹੋਣ ‘ਤੇ 70 ਹਜ਼ਾਰ ਰੁਪਏ, ਪਲਿੰਥ ਲੈਵਲ ‘ਤੇ ਪਹੁੰਚਣ ‘ਤੇ 40 ਹਜ਼ਾਰ ਰੁਪਏ ਅਤੇ ਲੈਂਟਰ ਪੈਣ ਤੋਂ ਬਾਅਦ 10 ਹਜ਼ਾਰ ਰੁਪਏ। ਇਸ ਤੋਂ ਇਲਾਵਾ ਲਾਭਪਾਤਰੀਆਂ ਨੂੰ ਮਕਾਨ ਬਣਾਉਣ ਲਈ ਮਨਰੇਗਾ ਤਹਿਤ 90 ਦਿਨ ਦੀ ਮਜ਼ਦੂਰੀ (ਕੁੱਲ 31,140 ਰੁਪਏ ਪ੍ਰਤੀ ਮਕਾਨ) ਵੀ ਦਿੱਤੀ ਜਾਵੇਗੀ। ਜਿਨ੍ਹਾਂ ਘਰਾਂ ਵਿੱਚ ਪਹਿਲਾਂ ਪਖ਼ਾਨੇ (ਟਾਇਲਟ) ਨਹੀਂ ਹਨ ਜਾਂ ਪਹਿਲਾਂ ਇਸ ਲਈ ਕੋਈ ਵਿੱਤੀ ਸਹਾਇਤਾ ਨਹੀਂ ਲਈ ਗਈ, ਉਨ੍ਹਾਂ ਪਰਿਵਾਰਾਂ ਨੂੰ ਪਖ਼ਾਨਾ ਬਣਾਉਣ ਲਈ ਵੱਖਰੇ ਤੌਰ ‘ਤੇ 12 ਹਜ਼ਾਰ ਰੁਪਏ ਮਨਰੇਗਾ ਤਹਿਤ ਪ੍ਰਦਾਨ ਕੀਤੇ ਜਾਣਗੇ।

ਵਿਧਾਇਕ ਨੇ ਕਿਹਾ ਕਿ ਸਰਕਾਰ ਦੀ ਇਹ ਪਹਿਲ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਲਿਆਵੇਗੀ ਅਤੇ ਹਰ ਪਰਿਵਾਰ ਨੂੰ ਪੱਕੀ ਛੱਤ ਮੁਹੱਈਆ ਕਰਵਾਉਣ ਦੇ ਟੀਚੇ ਨੂੰ ਸਾਕਾਰ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਇਸ ਮੌਕੇ ਧਨਵੰਤ ਸਿੰਘ ਰੰਧਾਵਾ ਬੀ.ਡੀ.ਪੀ.ਓ. ਮੋਹਾਲੀ,ਪਰਮਜੀਤ ਸਿੰਘ, ਕੁਲਦੀਪ ਸਿੰਘ ਸਮਾਣਾ, ਅਵਤਾਰ ਸਿੰਘ ਮੌਲੀ, ਕੁਲਬੀਰ ਸਿੰਘ, ਸਰਪੰਚ, ਮਨੌਲੀ, ਨਰਿੰਦਰ ਸਿੰਘ, ਸਰਪੰਚ, ਸੈਦਪੁਰ, ਧਰਮਪ੍ਰੀਤ ਸਿੰਘ, ਪੰਚ, ਮੌਜਪੁਰ, ਬਲਕਾਰ ਸਿੰਘ, ਸਰਪੰਚ, ਸੁੱਖਗੜ੍ਹ, ਗੁਰਮੁੱਖ ਗਿਰ, ਸਰਪੰਚ, ਸ਼ਾਮਪੁਰ, ਕਰਮਾ ਪੁਰੀ, ਸਰਪੰਚ, ਗੋਬਿੰਦਗੜ੍ਹ, ਰਜਿੰਦਰ ਸਿੰਘ, ਸਰਪੰਚ, ਸਿਆਊ, ਕਰਮਜੀਤ ਬਿੱਟੂ, ਸਰਪੰਚ, ਝਿਊਰਹੇੜੀ, ਸੁਖਵਿੰਦਰ ਸਿੰਘ, ਸਰਪੰਚ, ਬਾਕਰਪੁਰ, ਗੌਰਵ ਕੁਮਾਰ, ਸਰਪੰਚ ਸੰਭਾਲਕੀ, ਹਰਵਿੰਦਰ ਸਿੰਘ, ਸਰਪੰਚ, ਝਾਂਮਪੁਰ, ਹਰਪਾਲ ਸਿੰਘ, ਤਰਲੋਚਨ ਸਿੰਘ ਤੋਚੀ, ਸਰਪੰਚ ਕੈਲੋਂ, ਸਤਨਾਮ ਸਿੰਘ, ਸਰਪੰਚ, ਗੀਗਾ ਮਾਜਰਾ ਮੌਜੂਦ ਸਨ।

# ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਪਿੰਡ ਲੱਡਾ-ਬਾਲੀਆਂ ਸੜਕ ’ਤੇ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦੀ ਕਰਵਾਈ ਸ਼ੁਰੂਆਤ



**ਧੂਰੀ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸ. ਸੁਖਵੀਰ ਸਿੰਘ ਵੱਲੋਂ ਅੱਜ ਧੂਰੀ ਹਲਕੇ ਅਧੀਨ ਆਉਂਦੇ ਪਿੰਡ ਕਾਂਝਲਾ ਵਿਖੇ 89 ਲੱਖ ਰੁਪਏ ਦੀ ਲਾਗਤ ਨਾਲ ਲਗਭਗ 18 ਕਿ ਮੀ ਲੱਡਾ -ਬਾਲੀਆਂ ਸੜਕ ਦੇ ਦੋਵੇਂ ਪਾਸੇ 5-5 ਫੁੱਟ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ੍ਰੀ ਹਰਜਿੰਦਰ ਸਿੰਘ ਕਾਂਝਲਾ ਅਤੇ ਬਲਾਕ ਸੰਮਤੀ ਮੈਂਬਰ ਸ੍ਰੀ ਰਣਜੋਧ ਸਿੰਘ ਯੋਧਾ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਅਤੇ ਪਿੰਡ ਵਾਸੀ ਵੀ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਪਿੰਡ ਕਿਲਾ ਹਕੀਮਾ, ਕਾਂਝਲਾ ਅਤੇ ਬਾਲੀਆਂ ਦੀਆਂ 18 ਫੁੱਟ ਚੌੜੀਆਂ ਸੜਕਾਂ ਦੇ ਦੋਵੇਂ ਪਾਸਿਆਂ 5-5 ਫੁੱਟ ਇੰਟਰਲਾਕ ਟਾਈਲਾਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਸੜਕਾਂ ਦੇ ਕਿਨਾਰਿਆਂ ਦੀ ਮਜ਼ਬੂਤੀ ਯਕੀਨੀ ਬਣੇਗੀ ਅਤੇ ਬਰਸਾਤੀ ਮੌਸਮ ਦੌਰਾਨ ਸੜਕਾਂ ਦੇ ਕਟਾਅ ਦੀ ਸਮੱਸਿਆ ਤੋਂ ਵੀ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਪੈਦਲ ਜਾਣ ਵਾਲਿਆਂ ਅਤੇ ਦੋ ਪਹੀਆ ਵਾਹਨਾਂ ਲਈ ਆਵਾਜਾਈ ਹੋਰ ਸੁਖਾਲੀ ਅਤੇ ਸੁਰੱਖਿਅਤ ਹੋਵੇਗੀ।

ਉਨ੍ਹਾਂ ਦੱਸਿਆ ਕਿ ਪਿੰਡ ਕਿਲਾ ਹਕੀਮਾ ਵਿੱਚ 40.24 ਲੱਖ ਰੁਪਏ, ਪਿੰਡ ਕਾਂਝਲਾ ਵਿੱਚ 36.31 ਲੱਖ ਰੁਪਏ ਅਤੇ ਪਿੰਡ ਬਾਲੀਆਂ ਵਿੱਚ 12.51 ਲੱਖ ਰੁਪਏ ਦੀ ਲਾਗਤ ਨਾਲ ਇਹ ਵਿਕਾਸ ਕਾਰਜ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੰਮ ਨੂੰ ਨਿਰਧਾਰਤ ਸਮੇਂ ਅੰਦਰ ਉੱਚ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਅਤੇ ਮੌਕੇ ’ਤੇ ਨਿਯਮਤ ਨਿਗਰਾਨੀ ਯਕੀਨੀ ਬਣਾਈ ਜਾਵੇ।

ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ ਹਲਕੇ ਦੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਯੋਜਨਾਬੱਧ ਤਰੀਕੇ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੜਕਾਂ, ਪਾਣੀ, ਸੀਵਰੇਜ ਅਤੇ ਹੋਰ ਜਨ ਸਹੂਲਤਾਂ ਨਾਲ ਜੁੜੇ ਪ੍ਰੋਜੈਕਟਾਂ ਨੂੰ ਤਰਜੀਹ ਦੇ ਆਧਾਰ ’ਤੇ ਪੂਰਾ ਕੀਤਾ ਜਾ ਰਿਹਾ ਹੈ, ਤਾਂ ਜੋ ਪਿੰਡ ਵਾਸੀਆਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਉਪਲਬਧ ਕਰਵਾਈਆਂ ਜਾ ਸਕਣ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ, ਤਾਂ ਜੋ ਹਰ ਪਿੰਡ ਤਰੱਕੀ ਅਤੇ ਸਹੂਲਤਾਂ ਦੇ ਮਾਮਲੇ ਵਿੱਚ ਮਿਸਾਲ ਬਣ ਸਕੇ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨਾਲ ਪਿੰਡ ਵਿੱਚ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਵੀ ਵਿਚਾਰ ਚਰਚਾ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪੰਚਾਇਤ ਮੈਂਬਰ ਅਤੇ ਇਲਾਕਾ ਨਿਵਾਸੀ ਵੀ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਅਨੰਨਿਆ ਸਿੰਘ ਨੇ ਰਾਸ਼ਟਰੀ ਪੱਧਰ ਦੇ ਲੇਖ ਮੁਕਾਬਲੇ ਵਿੱਚ ਮਾਰੀ ਬਾਜ਼ੀ



**ਪਟਿਆਲਾ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਅਨੰਨਿਆ ਸਿੰਘ ਨੇ ਗਣਤੰਤਰ ਦਿਵਸ 2026 ਦੇ ਸਬੰਧ ਵਿੱਚ ਕਰਵਾਏ ਗਏ ਰਾਸ਼ਟਰੀ ਪੱਧਰ ਦੇ ਲੇਖ ਮੁਕਾਬਲੇ ‘ਸਵਤੰਤਰਤਾ ਕਾ ਮੰਤਰਾ- ਵੰਦੇ ਮਾਤਰਮ’ ਵਿੱਚ ਪੂਰੇ ਭਾਰਤ ਵਿੱਚੋਂ 40ਵੀਂ ਰਨਰ-ਅੱਪ ਪੁਜੀਸ਼ਨ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਅਨੰਨਿਆ ਸਿੰਘ ਯੂਨੀਵਰਸਿਟੀ ਦੇ ਹਿਊਮਨ ਜੈਨੇਟਿਕਸ ਵਿਭਾਗ ਵਿਖੇ ਬੀ.ਐੱਸ-ਸੀ. (ਬਾਇਓਲੋਜੀਕਲ ਸਾਇੰਸਿਜ਼ - ਹਿਊਮਨ ਜੈਨੇਟਿਕਸ) ਦੀ ਵਿਦਿਆਰਥਣ ਹੈ।

ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਉਸ ਨੂੰ ਇਸ ਪ੍ਰਾਪਤੀ ਲਈ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ। ਡਾ. ਜਗਦੀਪ ਸਿੰਘ ਨੇ ਇਸ ਮੌਕੇ ਉਸਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਦਾ ਰਾਸ਼ਟਰੀ ਪੱਧਰ ’ਤੇ ਅਜਿਹੇ ਵੱਕਾਰੀ ਮੁਕਾਬਲਿਆਂ ਵਿੱਚ ਸਥਾਨ ਹਾਸਲ ਕਰਨਾ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ ਹੈ। ਇਹ ਪ੍ਰਾਪਤੀ ਦਰਸਾਉਂਦੀ ਹੈ ਕਿ ਸਾਡੇ ਵਿਗਿਆਨ ਵਿਸ਼ੇ ਦੇ ਵਿਦਿਆਰਥੀ ਨਾ ਸਿਰਫ਼ ਵਿਗਿਆਨਕ ਖੇਤਰ ਵਿੱਚ, ਸਗੋਂ ਸਾਹਿਤਕ ਅਤੇ ਹੋਰ ਬੌਧਿਕ ਗਤੀਵਿਧੀਆਂ ਵਿੱਚ ਵੀ ਮੋਹਰੀ ਹਨ। ਇਸ ਮੌਕੇ ਹਾਜ਼ਿਰ ਹਿਊਮਨ ਜੈਨੇਟਿਕਸ ਵਿਭਾਗ ਦੇ ਮੁਖੀ ਡਾ. ਪੁਨੀਤਪਾਲ ਸਿੰਘ ਨੇ ਵੀ ਵਿਦਿਆਰਥਣ ਦੀ ਇਸ ਸਲਾਘਾਯੋਗ ਪ੍ਰਾਪਤੀ ’ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਆਰਮੀ ਅਗਨੀਵੀਰ ਦੀ ਭਰਤੀ ਰੈਲੀ ਲਈ ਮੁਫ਼ਤ ਕੋਚਿੰਗ




**ਗੁਰਦਾਸਪੁਰ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਅਦਾਰੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ, ਨਜ਼ਦੀਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਗੁਰਦਾਸਪੁਰ ਵੱਲੋਂ ਸਾਲ 2026-27 ਲਈ ਹੋਣ ਵਾਲੀ ਆਰਮੀ ਅਗਨੀਵੀਰ ਭਰਤੀ ਲਈ ਮੁਫ਼ਤ ਲਿਖਤੀ ਪੇਪਰ ਦੀ ਸਿਖਲਾਈ ਲਈ ਕੈਂਪ ਵਿੱਚ ਰਜ਼ਿਸਟਰੇਸ਼ਨ ਸੁਰੂ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀ-ਪਾਈਟ ਕੈਂਪ ਦੇ ਟਰੇਨਿੰਗ ਅਫ਼ਸਰ ਸੂਬੇਦਾਰ ਗੁਰਨਾਮ ਸਿੰਘ ਦੱਸਿਆ ਕਿ ਕੈਂਪ ਵਿੱਚ ਲਿਖਤੀ ਪੇਪਰ ਦੀ ਤਿਆਰੀ ਲਈ ਰਜ਼ਿਸਟਰੇਸ਼ਨ ਬੈਚ ਵਾਇਜ ਹੋਵੇਗੀ। ਪਹਿਲਾ ਬੈਚ 16 ਫਰਵਰੀ ਤੋਂ 15 ਮਾਰਚ ਅਤੇ ਦੂਜਾ ਬੈਚ 16 ਮਾਰਚ ਤੋਂ 15 ਅਪ੍ਰੈਲ ਤੱਕ ਹੋਵੇਗਾ।

ਉਨ੍ਹਾਂ ਨੇ ਦੱਸਿਆ ਕਿ ਜਿਹੜੇ ਯੁਵਕ ਜ਼ਿਲ੍ਹਾ ਗੁਰਦਾਸਪੁਰ, ਪਠਾਨਕੋਟ ਅਤੇ ਅੰਮ੍ਰਿਤਸਰ ਦੇ ਨਾਲ ਸਬੰਧਤ ਹਨ ਅਤੇ ਦਸਵੀਂ ਕਲਾਸ ਪਾਸ ਕਰ ਚੁੱਕੇ ਹਨ ਅਤੇ ਉਮਰ ਸਾਢੇ ਸਤਾਰਾਂ ਤੋਂ ਇੱਕੀ ਸਾਲ ਤੱਕ ਹੈ ਅਤੇ ਆਰਮੀ ਅਗਨੀਵੀਰ ਵਿੱਚ ਜਾਣ ਦੇ ਚਾਹਵਾਨ ਹਨ ਉਹ ਆਨਲਾਈਨ ਫਾਰਮ ਭਰ ਕੇ ਉਪਰ ਦਿੱਤੀਆਂ ਤਰੀਕਾਂ ਅਨੁਸਾਰ ਆਪਣੇ ਸਾਰੇ ਅਸਲ ਦਸਤਾਵੇਜ ਉਹਨਾਂ ਦੀਆਂ ਫੋਟੋ ਕਾਪੀਆਂ ਦੇ ਨਾਲ ਦੋ ਪਾਸਪੋਰਟ ਸਾਈਜ ਫੋਟੋਗਰਾਫ ਨਾਲ ਲੈ ਕੇ ਕੈਂਪ ਵਿੱਚ ਰਿਪੋਰਟ ਕਰ ਸਕਦੇ ਹਨ।

ਕੈਂਪ ਦੀ ਟਰੇਨਿੰਗ ਦੌਰਾਨ ਯੁਵਕਾਂ ਨੂੰ ਰਿਹਾਇਸ਼, ਖਾਣਾ ਅਤੇ ਟਰੇਨਿੰਗ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਦੇ ਸੰਪਰਕ ਨੰਬਰਾਂ 62830-31125, 94174-20125,94647-56808 ਜਾਂ 94145-83847 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਜਪਾ ਸਰਕਾਰ ਦੇ ਕਿਸਾਨ ਵਿਰੋਧੀ ਅਤੇ ਵਪਾਰ ਵਿਰੋਧੀ ਸਮਝੌਤਿਆਂ ਵਿਰੁੱਧ ’ਆਪ’ ਦਾ ਵਿਰੋਧ ਮੁਜ਼ਾਹਰਾ




**ਹੁਸ਼ਿਆਰਪੁਰ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਅਤੇ ਮਾਰਕੀਟ ਕਮੇਟੀ, ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਹੁਸ਼ਿਆਰਪੁਰ ਵਿੱਚ ਭਾਜਪਾ ਦਫ਼ਤਰ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਹ ਵਿਰੋਧ ਪ੍ਰਦਰਸ਼ਨ ਕੇਂਦਰੀ ਭਾਜਪਾ ਸਰਕਾਰ ਵੱਲੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਕੀਤੇ ਗਏ ਕਥਿਤ ਵਪਾਰ ਵਿਰੋਧੀ ਅਤੇ ਕਿਸਾਨ ਵਿਰੋਧੀ ਸਮਝੌਤਿਆਂ ਦੇ ਵਿਰੋਧ ਵਿੱਚ ਕੀਤਾ ਗਿਆ ਸੀ।

ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਫੈਸਲੇ ਦੇਸ਼ ਦੇ ਵਪਾਰੀਆਂ ਅਤੇ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਸਮਝੌਤੇ ਭਾਰਤੀ ਬਾਜ਼ਾਰ, ਛੋਟੇ ਵਪਾਰੀਆਂ ਅਤੇ ਖੇਤੀਬਾੜੀ ਖੇਤਰ ’ਤੇ ਮਾੜਾ ਪ੍ਰਭਾਵ ਪਾ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਆਮ ਆਦਮੀ ਪਾਰਟੀ ਆਪਣੇ ਵਪਾਰੀ ਅਤੇ ਕਿਸਾਨ ਭਰਾਵਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਪੱਧਰ ’ਤੇ ਲੜੇਗੀ।

ਉਨ੍ਹਾਂ ਕਿਹਾ ਕਿ ’ਆਪ’ ਇਸ ਮੁੱਦੇ ’ਤੇ ਪੰਜਾਬ ਭਰ ਵਿੱਚ ਵਿਰੋਧ ਪ੍ਰਦਰਸ਼ਨ ਕਰ ਰਹੀ ਹੈ ਤਾਂ ਜੋ ਜਨਤਾ ਦੀ ਆਵਾਜ਼ ਕੇਂਦਰ ਸਰਕਾਰ ਤੱਕ ਪਹੁੰਚਾਈ ਜਾ ਸਕੇ। ਪਾਰਟੀ ਆਗੂਆਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਕਿਸਾਨਾਂ ਅਤੇ ਵਪਾਰੀਆਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਵਾਲੇ ਕਿਸੇ ਵੀ ਸਮਝੌਤੇ ’ਤੇ ਮੁੜ ਵਿਚਾਰ ਕਰੇ।

ਪ੍ਰਦਰਸ਼ਨ ਦੌਰਾਨ ਵਰਕਰਾਂ ਨੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਕਿਸਾਨ ਵਿਰੋਧੀ ਅਤੇ ਵਪਾਰ ਵਿਰੋਧੀ ਨੀਤੀਆਂ ਵਾਪਸ ਨਾ ਲਈਆਂ ਗਈਆਂ ਤਾਂ ਅੰਦੋਲਨ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਅਮਿਤ ਨੇਗੀ, ਮੈਂਬਰ ਵਪਾਰ ਕਮਿਸ਼ਨ, ਦਰਿਪਨ ਸੈਣੀ, ਜ਼ਿਲ੍ਹਾ ਚੇਅਰਮੈਨ ਵਪਾਰ ਵਿੰਗ, ਸਤਵੰਤ ਸਿੰਘ ਸਿਆਨ, ਕੰਚਨ ਦਿਓਲ, ਸੁਖਦੇਵ ਸਿੰਘ, ਮਨਿੰਦਰ ਸਿੰਘ, ਅਮਰੀਕ ਸਿੰਘ, ਜਗਦੀਪ ਸਿੰਘ, ਅਤੇ ਹੋਰ ਅਧਿਕਾਰੀ ਅਤੇ ਵਰਕਰ ਮੌਜੂਦ ਸਨ।

# ਸ੍ਰੀ ਅਨੰਦਪੁਰ ਸਾਹਿਬ ਹੋਲੇ ਮੁਹੱਲੇ ਲਈ ਪੂਰੀ ਤਰ੍ਹਾਂ ਤਿਆਰ



**ਸ੍ਰੀ ਆਨੰਦਪੁਰ ਸਾਹਿਬ, 16 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹੋਲੇ ਮਹੱਲੇ ਦੇ ਪਵਿੱਤਰ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿੱਚ ਪਹੁੰਚਣ ਵਾਲੀ ਸੰਗਤ ਦੇ ਮੱਦੇਨਜ਼ਰ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਰੂਪਨਗਰ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਟੈਂਟ ਸਿਟੀ, ਟਰਾਲੀ ਸਿਟੀ, ਸਮਰਪਿਤ ਪਾਰਕਿੰਗ ਜ਼ੋਨ ਬਣਾਉਣ ਤੋਂ ਇਲਾਵਾ ਸੰਗਤ ਦੀ ਸੌਖਾਲੀ ਯਾਤਰਾ ਲਈ ਸ਼ਟਲ ਬੱਸ ਅਤੇ ਆਟੋਰਿਕਸ਼ਾ ਸੇਵਾ ਸ਼ੁਰੂ ਕਰਨ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਆਉਣ ਵਾਲੀ ਸਾਰੀ ਸੰਗਤ ਲਈ ਅਧਿਆਤਮਿਕ ਮਾਹੌਲ ਨੂੰ ਯਕੀਨੀ ਬਣਾਇਆ ਜਾ ਸਕੇ।

ਸਿੱਖ ਪਰੰਪਰਾਵਾਂ ਦੇ ਸ਼ਾਨਦਾਰ ਜਸ਼ਨਾਂ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਰੂਪਨਗਰ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਸ. ਹਰਜੋਤ ਸਿੰਘ ਬੈਂਸ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਪਵਿੱਤਰ ਨਗਰੀ ਵਿਖੇ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੀ ਸੰਗਤ ਦੀ ਸਹੂਲਤ ਪ੍ਰਤੀ ਵਚਨਬੱਧਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਬੁਨਿਆਦੀ ਢਾਂਚੇ ਅਤੇ ਭਾਰੀ ਇਕੱਠ ਦੇ ਪ੍ਰਬੰਧਨ ਲਈ ਰਣਨੀਤੀਆਂ ਦੀ ਵਿਸਤ੍ਰਿਤ ਸਮੀਖਿਆ ਕੀਤੀ। ਸਮੀਖਿਆ ਦੌਰਾਨ ਇਹ ਯਕੀਨੀ ਬਣਾਇਆ ਗਿਆ ਕਿ ਤਿੰਨ ਦਿਨਾਂ ਸਮਾਗਮ ਦੌਰਾਨ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਬਰਕਰਾਰ ਰੱਖਿਆ ਜਾਵੇ।

ਸ. ਬੈਂਸ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਅੱਠ ਏਕੜ ਵਿੱਚ ਟੈਂਟ ਸਿਟੀ, ਇੱਕ ਸਮਰਪਿਤ ਟਰਾਲੀ ਸਿਟੀ, 60 ਸ਼ਟਲ ਬੱਸਾਂ, 100 ਈ-ਰਿਕਸ਼ਾ, ਪੈਦਲ ਚੱਲਣ ਵਾਲਿਆਂ ਲਈ ਰਸਤੇ ਵਾਲੀਆਂ ਅਤੇ 25 ਪਾਰਕਿੰਗ ਜ਼ੋਨਾਂ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸ. ਹਰਜੋਤ ਸਿੰਘ ਬੈਂਸ ਨੇ ਸਬੰਧਤ ਸੀਨੀਅਰ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਗਏ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਵਾਲੀ ਸੰਗਤ ਲਈ ਸੁਚਾਰੂ ਆਵਾਜਾਈ ਯਕੀਨੀ ਜਾਵੇ, ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਿਆ ਜਾਵੇ ਅਤੇ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਹੋਣ ਦਿੱਤੀ ਜਾਵੇ।

ਸ. ਬੈਂਸ ਨੇ ਕਿਹਾ, ਅਸੀਂ ਮਿਲ ਕੇ ਇਕ ਅਜਿਹਾ ਮਾਹੌਲ ਸਿਰਜਣਾ ਚਾਹੁੰਦੇ ਹਾਂ ਜਿੱਥੇ ਸ਼ਰਧਾ ਭਾਵਨਾ ‘ਤੇ ਧਿਆਨ ਕੇਂਦਰਤ ਕੀਤਾ ਜਾਵੇ। ਅਸੀਂ ਆਪਣੀ ਯੋਜਨਾਬੰਦੀ ਵਿੱਚ ਕੋਈ ਕਸਰ ਨਹੀਂ ਛੱਡਾਂਗੇ। ਸੰਗਤ ਦੀ ਸਹੂਲਤ ਲਈ ਅੱਠ ਏਕੜ ਵਿੱਚ ਫੈਲੀ ਟੈਂਟ ਸਿਟੀ ਤੋਂ ਲੈ ਕੇ ਸ਼ਟਲ ਬੱਸਾਂ ਦੇ ਬੇੜੇ ਤੱਕ ਹਰ ਲੌਜਿਸਟਿਕਲ ਸਹਾਇਤਾ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਪ੍ਰਸ਼ਾਸਨ ਨੂੰ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਸੁਚਾਰੂ ਆਵਾਜਾਈ, ਸਾਫ਼-ਸੁਥਰਾ ਵਾਤਾਵਰਣ ਯਕੀਨੀ ਬਣਾਇਆ ਜਾਵੇ ਅਤੇ ਸੰਗਤ ਨੂੰ ਕਿਸੇ ਵੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਸ. ਬੈਂਸ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਾਈ ਅਲਰਟ ’ਤੇ ਰੱਖਿਆ ਗਿਆ ਹੈ ਤਾਂ ਜੋ ਹੋਲੇ ਮੁਹੱਲੇ ਦੌਰਾਨ ਸਾਰਾ ਸਿਸਟਮ ਸੁਚੱਜੇ ਢੰਗ ਨਾਲ ਕੰਮ ਕਰੇ।

# ਡੇਰਾ ਸੱਚਖੰਡ ਬੱਲਾਂ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ

**ਕੌਮੀ ਪਤ੍ਰਿਕਾ**

ਟਾਂਡਾ ਉੜਮੁੜ 16 ਫਰਵਰੀ। ਸਤਿਗੁਰੂ ਮਹਾਰਾਜ ਜੀ ਦੇ ਪਾਵਨ ਪਵਿੱਤਰ ਅਸਥਾਨ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਧੰਨ-ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਬ੍ਰਹਮਲੀਨ 108 ਸੰਤ ਸਰਵਣ ਦਾਸ ਮਹਾਰਾਜ ਜੀ ਦਾ 131ਵਾਂ ਜਨਮ ਦਿਨ ਅਤੇ ਰਵਿਦਾਸੀਆ ਧਰਮ ਦਾ 17ਵਾਂ ਸਥਾਪਨਾ ਦਿਵਸ ਸ਼ਰਧਾ, ਸਤਿਕਾਰ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਅਸਥਾਨ ਦੇ ਮੌਜੂਦਾ ਗੱਦੀਨਸ਼ੀਨ ਪਦਮ ਸ਼੍ਰੀ ਸੰਤ ਨਿਰੰਜਨ ਦਾਸ ਮਹਾਰਾਜ ਜੀ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਟਰਸਟ ਵਾਰਾਨਸੀ ਯੂ. ਪੀ. ਦੀ ਸਰਪ੍ਰਸਤੀ ਹੇਠ ਹੋਏ ਇਸ ਸਮਾਗਮ ਵਿੱਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਭਾਗ ਲੈਂਦੇ ਹੋਏ ਹਾਜ਼ਰੀ ਲਗਵਾਈ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਸਭ ਤੋਂ ਪਹਿਲਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਅੰਮ੍ਰਿਤ ਬਾਣੀ ਦੇ ਭੋਗ ਪਾਏ ਗਏ ਉਪਰੰਤ ਪੰਜਾਬ ਭਰ ਵਿਚੋਂ ਪਹੁੰਚੇ ਸਤਿਕਾਰਯੋਗ ਸੰਤਾਂ ਮਹਾਂਪੁਰਸ਼ਾਂ, ਰਾਗੀ, ਢਾਡੀ ,ਕਵੀਸ਼ਰੀ ਅਤੇ ਪ੍ਰਸਿੱਧ ਜਥਿਆਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਹੋਏ ਉਨਾਂ ਦੀ ਪਵਿੱਤਰ ਬਾਣੀ ਅਤੇ ਮਹਾਨ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੂੰ ਆਸ਼ੀਰਵਾਦ ਦਿੰਦੇ ਹੋਏ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ, ਬ੍ਰਹਮਲੀਨ ਸੰਤ ਸਰਵਨ ਦਾਸ ਜੀ ਦੇ 131ਵੇਂ



ਜਨਮ ਦਿਨ ਅਤੇ ਰਵਿਦਾਸੀਆਂ ਸਮਾਜ ਦੇ ਸਥਾਪਨਾ ਦਿਵਸ ਤੇ ਮੁਬਾਰਕਬਾਦ ਦਿੰਦੇ ਹੋਏ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਹਾਨ ਜੀਵਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਇਸ ਮੌਕੇ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650 ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸਮਾਗਮਾਂ ਦੀ ਆਰੰਭਤਾ ਸਮੂਹ ਸੰਗਤਾਂ ਵੱਲੋਂ ਕਰ ਦਿੱਤੀ ਗਈ ਹੈ ਅਤੇ ਇਹ ਮਹਾਨ ਦਿਹਾੜਾ ਦੇਸ਼ਾਂ-ਵਿਦੇਸ਼ਾਂ ਵਿੱਚ ਸੰਗਤਾਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਸੰਤ ਨਿਰੰਜਨ ਦਾਸ ਜੀ ਨੇ ਦੱਸਿਆ ਕਿ 20 ਫਰਵਰੀ 2027 ਨੂੰ ਵਿਸ਼ਵ ਪੱਧਰ ਤੇ ਮਨਾਏ ਜਾ ਰਹੇ ਪਵਿੱਤਰ ਦਿਹਾੜੀ ਨੂੰ ਮੁੱਖ ਰੱਖਦੇ ਹੋਏ ਸਾਰਾ ਸਾਲ ਹੀ ਧਾਰਮਿਕ ਸਮਾਗਮ ਕੀਤੇ ਜਾਣਗੇ, ਜਿਸ ਦੌਰਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾਵੇਗਾ। ਸਮਾਗਮ ਦੌਰਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਨੂੰ ਮੁੱਖ ਰੱਖਦੇ ਹੋਏ ਰਾਜ ਗਾਇਕ ਹੰਸ ਰਾਜ ਹੰਸ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਮੌਜੂਦਗੀ ਵਿੱਚ ਪ੍ਰੋਗਰਾਮ ਪੱਤਰ ਵੀ ਜਾਰੀ ਕੀਤਾ ਗਿਆ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਮੁੱਖ ਰੱਖਦੇ ਹੋਏ ਡੇਰਾ ਸੱਚਖੰਡ ਬੱਲਾਂ ਵਿੱਚ ਸ਼ਾਮ ਦੇ ਸਮੇਂ ਸੁੰਦਰ ਦੀਪਮਾਲਾ ਤੇ ਆਤਿਸ਼ਬਾਜੀ ਵੀ ਕੀਤੀ ਗਈ।

## ਪੰਜਾਬ 'ਚ ਜੰਗਲ ਰਾਜ, ਦਿਨ ਦਿਹਾੜੇ ਲੁੱਟ ਲਿਆ ਦੁਕਾਨਦਾਰ

ਮਲੋਟ 16 ਫਰਵਰੀ। ਮਲੋਟ ਸਹਿਰ ਦੇ ਨੈਸਨਲ ਹਾਈਵੇ ਤੇ ਪੈਂਦੀ ਇਕ ਦੁਕਾਨ ਤੋਂ ਦੋ ਅਣਪਛਤੇ ਲੁਟੇਰਿਆਂ ਵੱਲੋਂ ਦਿਨ -ਦਿਹਾੜੇ ਹਥਿਆਰਾਂ ਦੀ ਨੋਕ 'ਤੇ ਕਰੀਬ 2 ਲੱਖ ਰੁਪਏ ਦਾ ਸਮਾਨ ਲੁੱਟ ਕੇ ਫਰਾਰ ਹੋਣ ਦਾ ਸਮਾਚਾਰ ਹੈ। ਨੈਸਨਲ ਹਾਈਵੇ ਉੱਪਰ ਅਮਨ ਫੋਟੋ ਸਟੂਡੀਓ ਦੇ ਮਾਲਕ ਗੁਰਮੀਤ ਸਿੰਘ ਨੇ ਆਪਣੇ ਬਿਆਨਾਂ ਵਿਚ ਦੱਸਿਆ ਕਿ ਅੱਜ ਸਵੇਰੇ ਕਰੀਬ 11.30 ਵਜੇ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨ ਦੁਕਾਨ 'ਤੇ ਫੋਟੋ ਖਿਚਵਾਉਣ ਦੇ ਬਹਾਨੇ ਆਏ ਅਤੇ ਆਉਂਦਿਆਂ ਹੀ ਉਨ੍ਹਾਂ ਵੱਲੋਂ ਕਾਪਾ ਦਿਖਾ ਕੇ ਦੁਕਾਨ 'ਤੇ ਪਏ ਫੋਟੋਗ੍ਰਾਫੀ ਲਈ ਵਰਤੇ ਜਾਣ ਵਾਲੇ ਡਰੋਨ ਅਤੇ ਕੈਮਰਾ ਖੋਹ ਕੇ ਫਰਾਰ ਹੋ ਗਏ । ਦੁਕਾਨਦਾਰ ਨੇ ਦੱਸਿਆ ਕਿ ਲੁਟੇਰਿਆਂ ਵੱਲੋਂ ਪਿਸਟਲ ਵੀ ਦਿਖਾਇਆ ਗਿਆ। ਉਨ੍ਹਾਂ ਦੱਸਿਆ ਕਿ ਲੁਟੇਰਿਆਂ ਦਾ ਕੁਝ ਦੂਰ ਤੱਕ ਪਿੱਛਾ ਵੀ ਕੀਤਾ ਗਿਆ ਪਰ ਉਹ ਤੇਜੀ ਨਾਲ ਪਿੰਡ ਸਰਾਵਾਂ ਬੋਦਲਾਂ ਵੱਲ ਭੱਜ ਗਏ। ਪੀੜਤ ਦੁਕਾਨਦਾਰ ਵੱਲੋਂ ਘਟਨਾ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਗਈ ਅਤੇ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਜਾਂਚ ਪੜਤਾਲ ਸੁਰੂ ਕਰ ਦਿੱਤੀ ਗਈ।

# ਕਫ ਸਿਰਪ ਮਾਫੀਆ ਵਿਨੋਦ ਅਗਰਵਾਲ ਦੀਆਂ 5 ਜਾਇਦਾਦਾਂ ਫ੍ਰੀਜ

ਕਾਨਪੁਰ/ਵਾਰਾਣਸੀ 16 ਫਰਵਰੀ। ਕੋਡੀਨਯੁਕਤ ਕਫ ਸਿਰਪ ਸਮੱਗਲਿੰਗ ਮਾਮਲੇ 'ਚ ਵਾਰਾਣਸੀ ਕਮਿਸਨਰੇਟ ਪੁਲਸ ਨੇ ਵੱਡੀ ਕਾਰਵਾਈ ਕਰਦੇ ਹੋਏ ਕਥਿਤ ਮਾਸਟਰ ਮਾਈਂਡ ਵਿਨੋਦ ਅਗਰਵਾਲ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੀਆਂ 5 ਜਾਇਦਾਦਾਂ ਫ੍ਰੀਜ ਕਰ ਦਿੱਤੀਆਂ। ਇਨ੍ਹਾਂ 'ਚ 4 ਅਚੱਲ ਜਾਇਦਾਦਾਂ ਅਤੇ ਆਈ. ਸੀ. ਆਈ. ਸੀ. ਆਈ. ਬੈਂਕ ਦਾ ਇਕ ਖਾਤਾ ਸਾਮਲ ਹੈ। ਪੁਲਸ ਦੇ ਅਨੁਸਾਰ ਇਹ ਜਾਇਦਾਦਾਂ ਨਾਜਾਇਜ ਕਮਾਈ ਨਾਲ



ਬਣਾਈਆਂ ਗਈਆਂ ਸਨ। ਏ. ਸੀ. ਪੀ. ਵਿਦੂਸ ਸਕਸੈਨਾ ਦੀ ਅਗਵਾਈ 'ਚ ਪਹੁੰਚੀ ਟੀਮ ਨੇ ਗਵਾਲਟੋਲੀ ਥਾਣਾ ਖੇਤਰ ਦੇ ਸਿਵਲ ਲਾਈਨਜ ਸਥਿਤ ਗੋਪਾਲ ਵਿਹਾਰ ਸੁਸਾਇਟੀ ਦੇ 2 ਪਲਾਟ, ਚਕੇਰੀ ਦੇ ਦਹੇਲੀ ਸੁਜਾਨਪੁਰ 'ਚ ਇਕ ਜਾਇਦਾਦ ਅਤੇ ਜਾਜਮਊ 'ਚ ਇਕ ਹੋਰ ਅਚੱਲ ਜਾਇਦਾਦ ਨੂੰ ਧਾਰਾ 68-ਐੱਫ ਐੱਨ. ਡੀ. ਪੀ. ਐੱਸ. ਐਕਟ ਦੇ ਤਹਿਤ ਫ੍ਰੀਜ ਕੀਤਾ। ਨਾਲ ਹੀ ਬਿਰਹਾਨਾ ਰੋਡ ਸਥਿਤ ਆਈ. ਸੀ. ਆਈ. ਸੀ. ਆਈ. ਬੈਂਕ ਖਾਤੇ 'ਚ ਜਮ੍ਹਾ ਕਰੀਬ 37 ਲੱਖ ਰੁਪਏ ਵੀ ਸੀਜ ਕਰ ਦਿੱਤੇ ਗਏ ਹਨ। ਇਨ੍ਹਾਂ ਜਾਇਦਾਦਾਂ ਦੀ ਵਿਕਰੀ, ਵਰਤੋਂ ਅਤੇ ਵਟਾਂਦਰਾ ਕਰਨ 'ਤੇ ਰੋਕ ਲਾ ਦਿੱਤੀ ਗਈ ਹੈ। ਜਾਂਚ 'ਚ ਸਾਹਮਣੇ ਆਇਆ ਹੈ ਕਿ ਵਿਨੋਦ ਅਗਰਵਾਲ ਦੂਜੀਆਂ ਕੰਪਨੀਆਂ ਤੋਂ ਐਸਕਫ ਡੀਐਕਸ ਨਾਮੀ ਕਫ ਸਿਰਪ ਖਰੀਦ ਕੇ ਫਰਜੀ ਫਰਮਾਂ ਰਾਹੀਂ ਸਪਲਾਈ ਦਿਖਾਉਂਦੇ ਹੋਏ ਸਮੱਗਲਿੰਗ ਕਰਦਾ ਸੀ। ਕਾਨਪੁਰ ਦੇ ਕਲੈਕਟਰਗੰਜ ਥਾਣੇ 'ਚ ਉਸ ਦੇ ਖ਼ਿਲਾਫ ਮੁਕੱਦਮਾ ਦਰਜ ਹੈ। ਪੁਲਸ ਦੇ ਅਨੁਸਾਰ 21 ਫਰਮਾਂ ਰਾਹੀਂ ਕਰੋੜਾਂ ਰੁਪਏ ਦਾ ਮਾਲ ਖਪਾਇਆ ਗਿਆ। ਮਾਮਲੇ 'ਚ ਮੇਰਠ, ਪ੍ਰਯਾਗਰਾਜ ਅਤੇ ਵਾਰਾਣਸੀ ਸਮੇਤ ਕਈ ਜ਼ਿਲਿਆਂ ਦੀਆਂ ਫਰਮਾਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

# 10 ਰੁਪਏ ਵਿੱਚ 10 ਸਮੋਸੇ...25 ਸਾਲ ਪੁਰਾਣਾ ਆਈਡੀਆ ਲਗਾ ਕੇ ਰੇਹੜੀ ਵਾਲਾ ਬਣਿਆ ਸਟਾਰ, ਰੋਜਾਨਾ 5,000 ਦੀ ਕਮਾਈ !

ਬਸਨਾ 16 ਫਰਵਰੀ। ਛੱਤੀਸਗੜ੍ਹ ਦੇ ਮਹਾਂਸਮੁੰਦ ਜ਼ਿਲ੍ਹੇ ਦੇ ਬਸਨਾ ਸਹਿਰ ਵਿੱਚ ਸੀਮਾਂਚਲ ਬੇਹਰਾ ਦੀ ਮਿੰਨੀ ਸਮੋਸਾ ਰੇਹੜੀ ਅੱਜ ਸਥਾਨਕ ਲੋਕਾਂ ਵਿੱਚ ਖਾਸ ਪਛਾਣ ਬਣਾ ਚੁੱਕੀ ਹੈ। 25 ਸਾਲ ਪਹਿਲਾਂ ਉਨ੍ਹਾਂ ਦੇ ਪਿਤਾ ਵੱਲੋਂ ਸੁਰੂ



ਕੀਤਾ ਗਿਆ ਇਹ ਅਨੋਖਾ ਮਿੰਨੀ ਸਮੋਸਾ ਅੱਜ ਵੀ ਗਾਹਕਾਂ ਨੂੰ ਆਪਣੇ ਵੱਲ ਖਿੱਚ ਰਿਹਾ ਹੈ। ਰੋਜਾਨਾ ਲਗਭਗ 1000 ਮਿੰਨੀ ਸਮੋਸਿਆਂ ਦੀ ਵਿਕਰੀ ਹੁੰਦੀ ਹੈ ਅਤੇ ਕੁੱਲ ਕਮਾਈ 5000 ਰੁਪਏ ਤੱਕ ਪਹੁੰਚ ਜਾਂਦੀ ਹੈ। 25 ਸਾਲ ਪੁਰਾਣਾ ਆਈਡੀਆ ਅਤੇ ਸੁਆਦ ਸੀਮਾਂਚਲ ਬੇਹਰਾ ਦੱਸਦੇ ਹਨ ਕਿ ਮਿੰਨੀ ਸਮੋਸਾ ਬਣਾਉਣ ਦਾ ਆਈਡੀਆ ਉਨ੍ਹਾਂ ਦੇ ਪਿਤਾ ਦਾ ਸੀ। ਕਰੀਬ 25 ਸਾਲ ਪਹਿਲਾਂ ਉਨ੍ਹਾਂ ਨੇ ਇਸ ਛੋਟੇ ਆਕਾਰ ਦੇ ਸਮੋਸੇ ਦੀ ਸੁਰੁਆਤ ਕੀਤੀ ਸੀ। ਉਸ ਸਮੇਂ 10 ਰੁਪਏ ਵਿੱਚ 10 ਮਿੰਨੀ ਸਮੋਸੇ ਮਿਲਦੇ ਸਨ। ਅੱਜ ਮਹਿੰਗਾਈ ਵਧਣ ਦੇ ਬਾਵਜੂਦ ਵੀ ਉਹ 20 ਰੁਪਏ ਵਿੱਚ 14 ਮਿੰਨੀ ਸਮੋਸੇ ਦਿੰਦੇ ਹਨ, ਜੋ ਗਾਹਕਾਂ ਨੂੰ ਕਾਫੀ ਸਸਤੇ ਅਤੇ ਸੁਆਦੀ ਲੱਗਦੇ ਹਨ। ਖਾਸ ਚਟਣੀਆਂ ਅਤੇ ਹੋਰ ਪਕਵਾਨ ਇਨ੍ਹਾਂ ਸਮੋਸਿਆਂ ਨੂੰ ਖਾਸ ਬਣਾਉਣ ਲਈ ਤਿੰਨ ਤਰ੍ਹਾਂ ਦੀਆਂ ਚਟਣੀਆਂ ਪਰੋਸੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਮਿਰਚ ਦੀ ਚਟਣੀ, ਮਿੱਠੀ ਚਟਣੀ ਅਤੇ ਦਹੀ ਵਾਲੀ ਚਟਣੀ ਸ਼ਾਮਲ ਹੈ। ਸੀਮਾਂਚਲ ਦਾ ਕਹਿਣਾ ਹੈ ਕਿ ਛੋਟੇ-ਛੋਟੇ ਸਮੋਸੇ ਬਣਾਉਣਾ ਮਿਹਨਤ ਦਾ ਕੰਮ ਹੈ, ਪਰ ਜਦੋਂ ਗਾਹਕ ਤਾਰੀਫ ਕਰਦੇ ਹਨ ਤਾਂ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਸਮੋਸਿਆਂ ਤੋਂ ਇਲਾਵਾ ਉਹ ਮਿੰਨੀ ਵੜਾ, ਚਾਵਲ ਭਜੀਆ, ਮਿਰਚ ਭਜੀਆ, ਆਲੂ ਚਾਪ ਅਤੇ ਆਲੂ ਭਜੀਆ ਵੀ ਵੇਚਦੇ ਹਨ, ਜਿਨ੍ਹਾਂ ਦੀਆਂ ਰੋਜਾਨਾ 100-150 ਪਲੇਟਾਂ ਵਿਕ ਜਾਂਦੀਆਂ ਹਨ। ਪਿਤਾ ਦੀ ਵਿਰਾਸਤ ਅਤੇ ਪੁੱਤ ਦੀ ਮਿਹਨਤ 12ਵੀਂ ਤੱਕ ਪੜ੍ਹਾਈ ਕਰਨ ਵਾਲੇ ਸੀਮਾਂਚਲ ਬੇਹਰਾ ਨੇ ਪਿਤਾ ਦੇ ਦੇਹਾਂਤ ਤੋਂ ਬਾਅਦ ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲਣ ਲਈ ਪੜ੍ਹਾਈ ਛੱਡ ਦਿੱਤੀ ਅਤੇ ਰੇਹੜੀ ਦਾ ਕੰਮ ਸੰਭਾਲ ਲਿਆ। ਅੱਜ ਉਹ ਨਾ ਸਿਰਫ ਆਤਮ-ਨਿਰਭਰ ਬਣ ਚੁੱਕੇ ਹਨ, ਸਗੋਂ ਉਨ੍ਹਾਂ ਦੀ ਮਿਹਨਤ ਸਵੈ-ਰੁਜਗਾਰ ਦੀ ਇੱਕ ਪ੍ਰੇਰਨਾਦਾਇਕ ਮਿਸਾਲ ਬਣ ਗਈ ਹੈ।

## ਸਕੂਲ 'ਚ ਦਾਤ ਲੈ ਵੜਿਆ ਹਮਲਾਵਰ, ਵਿਦਿਆਰਥੀਆਂ ਸਾਹਮਣੇ ਮਿਡ-ਡੇ-ਮੀਲ ਵਰਕਰ ਦਾ ਕਤਲ

ਕਾਂਗੜਾ 16 ਫਰਵਰੀ। ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਤੋਂ ਇਕ ਬੇਹੱਦ ਮੰਦਭਾਗੀ ਅਤੇ ਦਿਲ ਦਹਿਲਾ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਦੇਹਰਾ ਦੇ ਗ੍ਰਾਮ ਪੰਚਾਇਤ ਚਨੌਰ ਸਥਿਤ ਸਰਕਾਰੀ ਪ੍ਰਾਇਮਰੀ ਸਕੂਲ 'ਚ ਵੀਰਵਾਰ ਦੁਪਹਿਰ ਨੂੰ ਇਕ ਸਿਰਫਿਰੇ ਹਮਲਾਵਰ ਨੇ ਮਿਡ-ਡੇ-ਮੀਲ ਬਣਾ ਰਹੀ ਇਕ ਮਹਿਲਾ ਵਰਕਰ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਜਾਣਕਾਰੀ ਅਨੁਸਾਰ 58 ਸਾਲਾ ਸੁਲੋਚਨਾ ਦੇਵੀ ਸਕੂਲ 'ਚ ਮਿਡ-ਡੇ-ਮੀਲ ਬਣਾ ਰਹੀ ਸੀ, ਜਦੋਂ ਇਕ ਅਣਪਛਾਤੇ ਵਿਅਕਤੀ ਨੇ ਉਸ 'ਤੇ ਦਾਤ (ਤੇਜ਼ਧਾਰ ਹਥਿਆਰ) ਨਾਲ ਹਮਲਾ ਕਰ ਦਿੱਤਾ। ਸਕੂਲ ਦੀ ਸੈਂਟਰ ਹੈੱਡ ਟੀਚਰ ਸਰਿਤਾ ਦੇਵੀ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਬੱਚਿਆਂ ਦੇ ਚੀਕਣ ਦੀ ਆਵਾਜ਼ ਸੁਣੀ ਤਾਂ ਉਹ ਤੁਰੰਤ ਬਾਹਰ ਆਏ। ਉਨ੍ਹਾਂ ਦੇਖਿਆ ਕਿ ਹਮਲਾਵਰ ਸੁਲੋਚਨਾ ਦੇਵੀ 'ਤੇ ਵਾਰ ਕਰ ਰਿਹਾ ਸੀ। ਘਟਨਾ ਦੌਰਾਨ ਸਕੂਲ ਦੇ ਅਧਿਆਪਕਾਂ ਨੇ ਬਹਾਦਰੀ ਦਿਖਾਉਂਦੇ ਹੋਏ ਤੁਰੰਤ ਬੱਚਿਆਂ ਨੂੰ ਕਮਰਿਆਂ 'ਚ ਬੰਦ ਕਰ ਦਿੱਤਾ ਤਾਂ ਜੋ ਉਨ੍ਹਾਂ ਨੂੰ ਹਮਲਾਵਰ ਤੋਂ ਬਚਾਇਆ ਜਾ ਸਕੇ। ਜਦੋਂ ਅਧਿਆਪਕਾਂ ਨੇ ਹਮਲਾਵਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਉਨ੍ਹਾਂ 'ਤੇ ਵੀ ਹਮਲਾ ਕਰਨ ਦੀ ਕੋਸ਼ਿਸ਼ ਕੀਤੀ।

# ਰਾਧਾ ਸੁਆਮੀ ਸਤਿਸੰਗ ਬਿਆਸ ਨੇ ਵੀ ਆਈਪੀ ਸੱਭਿਆਚਾਰ ਅਤੇ ਡੇਰਾ ਮੁਖੀ ਨਾਲ ਫੋਟੋਆਂ ਖਿਚਵਾਣ 'ਤੇ ਲਗਾਈ ਰੋਕ

## ਡੇਰੇ ਦੀ ਮਰਿਆਦਾ ਅਤੇ ਸਾਦਗੀ ਨੂੰ ਮੁੱਖ ਰੱਖਦਿਆਂ ਲਿਆ ਗਿਆ ਅਹਿਮ ਫੈਸਲਾ

**ਕੌਮੀ ਪਤ੍ਰਿਕਾ**
**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ 16 ਫਰਵਰੀ:ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਡੇਰੇ ਦੀ ਮਰਿਆਦਾ ਅਤੇ ਸਾਦਗੀ ਨੂੰ ਮੁੱਖ ਰੱਖਦਿਆਂ ਇੱਕ ਅਹਿਮ ਫੈਸਲਾ ਲਿਆ ਗਿਆ ਹੈ। ਨਵੇਂ ਨਿਰਦੇਸ਼ਾਂ ਅਨੁਸਾਰ, ਹੁਣ ਡੇਰਾ ਪ੍ਰਮੁੱਖ ਬਾਬਾ ਗੁਰਿੰਦਰ ਸਿੰਘ ਜੀ ਢਿੱਲੋਂ ਨਾਲ ਮੁਲਾਕਾਤ ਕਰਨ ਵਾਲੀਆਂ ਵੀਆਈਪੀ ਹਸਤੀਆਂ ਜਾਂ ਰਾਜਨੀਤਿਕ ਆਗੂਆਂ ਦੀਆਂ ਤਸਵੀਰਾਂ ਜਨਤਕ ਤੌਰ 'ਤੇ ਜਾਰੀ ਨਹੀਂ ਕੀਤੀਆਂ ਜਾਣਗੀਆਂ। ਡੇਰਾ ਪ੍ਰਬੰਧਕੀ ਸੂਤਰਾਂ ਅਨੁਸਾਰ, ਇਸ ਕਦਮ ਦਾ ਮੁੱਖ ਉਦੇਸ਼ ਸਤਿਸੰਗ ਘਰ ਦੀ ਪਵਿੱਤਰਤਾ ਅਤੇ ਅਧਿਆਤਮਿਕ ਪਰੰਪਰਾ ਨੂੰ ਬਣਾਈ ਰੱਖਣਾ ਹੈ। ਸੰਸਥਾ ਦਾ ਮੰਨਣਾ ਹੈ ਕਿ ਸਤਿਸੰਗ ਦਾ ਅਸਲ ਮਕਸਦ ਸਿਰਫ਼ ਆਤਮਿਕ ਉੱਨਤੀ, ਪ੍ਰਭੂ ਭਗਤੀ ਅਤੇ ਸਿਮਰਨ ਹੋਣਾ ਚਾਹੀਦਾ ਹੈ। ਪ੍ਰਸਿੱਧ ਹਸਤੀਆਂ ਨਾਲ ਫੋਟੋਆਂ ਸਾਂਝੀਆਂ ਕਰਨ ਨਾਲ ਕਈ ਵਾਰ ਅਧਿਆਤਮਿਕ ਮਾਹੌਲ ਦੀ ਬਜਾਏ ਨਿੱਜੀ ਪ੍ਰਚਾਰ ਨੂੰ ਹੁਲਾਰਾ ਮਿਲਦਾ ਹੈ, ਜਿਸ ਤੋਂ ਸੰਸਥਾ ਹਮੇਸ਼ਾ ਬਚਣਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁੱਝ ਸਮੇਂ ਦੌਰਾਨ ਚੋਣਾਂ ਦੇ ਦਿਨਾਂ ਵਿੱਚ ਜਾਂ ਆਮ ਦਿਨਾਂ ਵਿੱਚ ਵੀ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਅਤੇ ਵੱਡੀਆਂ ਹਸਤੀਆਂ ਡੇਰਾ ਬਿਆਸ ਵਿਖੇ ਨਤਮਸਤਕ ਹੋਣ ਪਹੁੰਚਦੇ ਰਹੇ ਹਨ। ਅਕਸਰ ਅਜਿਹੀਆਂ



ਮੁਲਾਕਾਤਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀਆਂ ਸਨ, ਜਿਸ ਨਾਲ ਕਈ ਵਾਰ ਬੇਲੋੜੀ ਚਰਚਾ ਛਿੜ ਜਾਂਦੀ ਸੀ। ਹੁਣ ਅਜਿਹੀਆਂ ਫੋਟੋਆਂ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਹੈ। ਜਿਥੇ ਪ੍ਰਬੰਧਕ ਕਮੇਟੀ ਨੇ ਦੇਸ਼-ਵਿਦੇਸ਼ ਦੀ ਸੰਗਤ ਨੂੰ ਕੁਝ ਖਾਸ ਨਿਯਮਾਂ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਹੈ। ਉਥੇ ਸਤਿਸੰਗ ਕੈਂਪਸ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਫੋਟੋਗ੍ਰਾਫੀ ਜਾਂ ਵੀਡੀਓਗ੍ਰਾਫੀ ਤੋਂ ਪਰਹੇਜ਼ ਕਰਨ ਦੀ ਅਪੀਲ ਕੀਤੀ। ਡੇਰੇ ਦੇ ਅਨੁਸ਼ਾਸਨ ਨੂੰ ਮੁੱਖ ਰੱਖਦਿਆਂ ਸਿਰਫ਼ ਸ਼ਬਦ ਅਤੇ ਸੇਵਾ ਵੱਲ ਧਿਆਨ ਲਗਾਇਆ ਜਾਵੇ ਡੇਰੇ ਦੇ ਇਸ ਫੈਸਲੇ ਦਾ ਸੇਵਾਦਾਰਾਂ ਅਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਜ਼ਿਆਦਾਤਰ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਬਾਬਾ ਜੀ ਹਮੇਸ਼ਾ ਹੀ ਸਾਦਗੀ ਅਤੇ ਗੁਪਤ ਰਹਿ ਕੇ ਸੇਵਾ ਕਰਨ ਦਾ ਉਪਦੇਸ਼ ਦਿੰਦੇ ਹਨ, ਅਤੇ ਇਹ ਫੈਸਲਾ ਉਸੇ ਫਲਸਫੇ ਨੂੰ ਅੱਗੇ ਵਧਾਉਂਦਾ ਹੈ।

# ਆਸਟ੍ਰੇਲੀਆ ਦੀ ਸੁੱਖ-ਸਹੂਲਤ ਛੱਡ ਕਿਸਾਨ ਜੋੜੇ ਨੇ 'ਐਪਲ ਬੇਰ' ਦੀ ਖੇਤੀ 'ਚ ਗੱਡੇ ਝੰਡੇ, ਹੋ ਰਹੀ ਲੱਖਾਂ ਦੀ ਕਮਾਈ

**ਕੌਮੀ ਪਤ੍ਰਿਕਾ**

ਨੈਨੀਤਾਲ 16 ਫਰਵਰੀ। ਉੱਤਰਾਖੰਡ ਦੇ ਨੈਨੀਤਾਲ ਜ਼ਿਲ੍ਹੇ ਦੇ ਰਾਮਨਗਰ ਦੇ ਰਹਿਣ ਵਾਲੇ ਕਿਸਾਨ ਜਗਦੀਪ ਸਿੰਘ ਅਤੇ ਉਨ੍ਹਾਂ ਦੀ ਪਤਨੀ ਕਾਜਲ ਨੇ ਵਿਦੇਸੀ ਸੁੱਖ-ਸਹੂਲਤਾਂ ਨੂੰ ਤਿਆਗ ਕੇ ਭਾਰਤ 'ਚ ਖੇਤੀਬਾੜੀ ਰਾਹੀਂ ਸਫਲਤਾ ਦੀ ਇਕ ਨਵੀਂ ਮਿਸਾਲ ਪੈਦਾ ਕੀਤੀ ਹੈ। ਜਗਦੀਪ ਸਿੰਘ 'ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਸਟ੍ਰੇਲੀਆ 'ਚ ਵੱਸਣ ਦਾ ਕਾਫੀ ਦਬਾਅ ਸੀ, ਪਰ ਉਨ੍ਹਾਂ ਨੇ ਭਾਰਤ 'ਚ ਰਹਿ ਕੇ ਆਤਮ-ਨਿਰਭਰ ਬਣਨ ਅਤੇ ਖੇਤੀ 'ਚ ਕੁਝ ਵੱਖਰਾ ਕਰਨ ਦਾ ਫੈਸਲਾ ਕੀਤਾ। ਕਰੀਬ ਪੰਜ ਸਾਲ ਪਹਿਲਾਂ ਜਗਦੀਪ ਨੇ ਐਪਲ ਬੇਰ ਦੀ ਖੇਤੀ ਸੁਰੂ ਕਰਨ ਦਾ ਫੈਸਲਾ ਲਿਆ ਸੀ। ਇਹ ਫਸਲ ਆਮ ਤੌਰ 'ਤੇ ਗੁਜਰਾਤ, ਰਾਜਸਥਾਨ ਅਤੇ ਬਿਹਾਰ ਵਰਗੇ ਗਰਮ ਇਲਾਕਿਆਂ 'ਚ ਹੁੰਦੀ ਹੈ। ਉਨ੍ਹਾਂ ਨੇ ਪੰਤਨਗਰ ਅਤੇ ਰੁਦਰਪੁਰ ਤੋਂ ਬੂਟੇ ਮੰਗਵਾ ਕੇ ਆਪਣੀ 2 ਏਕੜ ਜਮੀਨ 'ਤੇ ਕਰੀਬ 250 ਬੂਟੇ ਲਗਾਏ ਸਨ। ਸੁਰੂ 'ਚ ਇਹ ਸਿਰਫ ਇਕ ਪ੍ਰਯੋਗ ਸੀ, ਪਰ ਮਿਹਨਤ ਅਤੇ ਸਹੀ ਦੇਖਭਾਲ ਨੇ ਇਸ ਨੂੰ ਇਕ ਸਫਲ ਕਾਰੋਬਾਰ 'ਚ ਬਦਲ ਦਿੱਤਾ। ਜਗਦੀਪ ਨੇ ਆਪਣੇ ਬਾਗ 'ਚ ਕਸਮੀਰੀ ਬੇਰ, ਕਸਮੀਰੀ ਰੈੱਡ ਬੇਰ, ਗ੍ਰੀਨ ਐਪਲ ਬੇਰ ਅਤੇ ਐਪਲ ਬੇਰ ਦੀਆਂ ਚਾਰ ਮੁੱਖ ਕਿਸਮਾਂ ਲਗਾਈਆਂ ਹਨ। ਖਾਸ ਗੱਲ ਇਹ ਹੈ ਕਿ ਉਨ੍ਹਾਂ ਨੇ ਰਸਾਇਣਕ



ਖਾਦਾਂ ਤੋਂ ਦੂਰੀ ਬਣਾ ਕੇ ਆਰਗੈਨਿਕ ਅਤੇ ਕੁਦਰਤੀ ਖੇਤੀ ਦੇ ਤਰੀਕਿਆਂ ਨੂੰ ਅਪਣਾਇਆ ਹੈ। ਇਸ ਨਾਲ ਫਲਾਂ ਦੀ ਗੁਣਵੱਤਾ ਬਿਹਤਰ ਹੁੰਦੀ ਹੈ। ਇਸ ਸਾਲ ਉਨ੍ਹਾਂ ਨੂੰ 50 ਤੋਂ 70 ਕੁਇੰਟਲ ਤੱਕ ਪੈਦਾਵਾਰ ਹੋਣ ਦੀ ਉਮੀਦ ਹੈ। ਬਾਜਾਰ 'ਚ ਇਨ੍ਹਾਂ ਬੇਰਾਂ ਦੀ ਕੀਮਤ 100 ਤੋਂ 150 ਰੁਪਏ ਪ੍ਰਤੀ ਕਿਲੋ ਤੱਕ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਚੰਗਾ ਮੁਨਾਫਾ ਹੋ ਰਿਹਾ ਹੈ। ਉਨ੍ਹਾਂ ਦੀ ਉਪਜ ਦੀ ਮੰਗ ਸਿਰਫ ਸਥਾਨਕ ਬਾਜਾਰ ਤੱਕ ਹੀ ਸੀਮਤ ਨਹੀਂ ਹੈ, ਸਗੋਂ ਦੇਸ ਦੇ ਹੋਰ ਹਿੱਸਿਆਂ 'ਚ ਵੀ ਇਸ ਦੀ ਸਪਲਾਈ ਕੀਤੀ ਜਾ ਰਹੀ ਹੈ। ਜਗਦੀਪ ਦੀ ਪਤਨੀ ਕਾਜਲ ਚੀਮਾ ਦਾ ਕਹਿਣਾ ਹੈ ਕਿ ਜੇਕਰ ਕਿਸਾਨ ਨਵੀਂ ਤਕਨੀਕ ਅਤੇ ਨਵੀਆਂ ਫਸਲਾਂ ਨੂੰ ਅਪਣਾਉਣ ਤਾਂ ਰਵਾਇਤੀ ਖੇਤੀ ਨਾਲੋਂ ਬਿਹਤਰ ਆਮਦਨ ਹੋ ਸਕਦੀ ਹੈ। ਜਿੱਥੇ ਅੱਜ ਦੇ ਨੌਜਵਾਨ ਵਿਦੇਸ ਜਾਣ ਦਾ ਸੁਪਨਾ ਦੇਖਦੇ ਹਨ, ਉੱਥੇ ਹੀ ਜਗਦੀਪ ਸਿੰਘ ਨੇ ਆਪਣੀ ਮਿੱਟੀ 'ਚ ਹੀ ਸੰਭਾਵਨਾਵਾਂ ਤਲਾਸ ਕੇ ਸਾਬਿਤ ਕਰ ਦਿੱਤਾ ਹੈ ਕਿ ਸਹੀ ਸੋਚ ਅਤੇ ਮਿਹਨਤ ਨਾਲ ਪਿੰਡ ਵਿੱਚ ਰਹਿ ਕੇ ਵੀ ਵੱਡੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਦੀ ਇਹ ਪਹਿਲ ਇਲਾਕੇ ਦੇ ਹੋਰ ਕਿਸਾਨਾਂ ਲਈ ਵੀ ਪ੍ਰੇਰਣਾ ਬਣ ਰਹੀ ਹੈ।

## ਦਰਿੰਦੇ ਨੇ ਨਾਬਾਲਗ ਕੁੜੀ ਨਾਲ ਕੀਤੀ ਗੰਦੀ ਕਰਤੂਤ ! ਅਦਾਲਤ ਨੇ ਸੁਣਾਈ ਮਿਸਾਲੀ ਸਜ਼ਾ

ਨੈਸ਼ਨਲ ਡੈਸਕ 16 ਫਰਵਰੀ। ਝਾਰਖੰਡ ਦੇ ਪੱਛਮੀ ਸਿੰਘਭੂਮ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਦੇ ਦੋਸ਼ੀ ਨੂੰ ਸਖ਼ਤ ਸਜ਼ਾ ਸੁਣਾਈ ਹੈ। ਅਦਾਲਤ ਨੇ ਇੱਕ ਨਾਬਾਲਿਗ ਲੜਕੀ ਨਾਲ ਜਬਰ-ਜ਼ਨਾਹ ਕਰਨ ਦੇ ਜੁਰਮ ਵਿੱਚ ਇੱਕ ਵਿਅਕਤੀ ਨੂੰ 21 ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਹੈ। ਵਧੀਕ ਸੈਸ਼ਨ ਜੱਜ (ਦੂਜੇ) ਦੀ ਅਦਾਲਤ ਨੇ ਬੁੱਧਵਾਰ ਨੂੰ ਇਹ ਫੈਸਲਾ ਸੁਣਾਇਆ। ਅਦਾਲਤ ਨੇ ਦੋਸ਼ੀ ਨੂੰ ਪੋਕਸੋ ਐਕਟ ਦੀ ਧਾਰਾ 6 ਦੇ ਤਹਿਤ ਦੋਸ਼ੀ ਕਰਾਰ ਦਿੱਤਾ। ਸਜ਼ਾ ਦੇ ਨਾਲ-ਨਾਲ ਦੋਸ਼ੀ 'ਤੇ 30,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਦਰਦਨਾਕ ਘਟਨਾ ਜੁਲਾਈ 2020 ਵਿੱਚ ਜਗਨਨਾਥਪੁਰ ਥਾਣਾ ਖੇਤਰ ਵਿੱਚ ਵਾਪਰੀ ਸੀ, ਜਿਸ ਤੋਂ ਬਾਅਦ ਲਗਾਤਾਰ ਕਾਨੂੰਨੀ ਪ੍ਰਕਿਰਿਆ ਜਾਰੀ ਸੀ।

# ਪੰਜਾਬ ਵੇਚਣ 'ਤੇ ਤੁਰੀ ਆਮ ਆਦਮੀ ਪਾਰਟੀ: ਰਾਜਾ ਵੜਿੰਗ

ਚੰਡੀਗੜ੍ਹ 16 ਫਰਵਰੀ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਟਿਆਲਾ ਵਿਖੇ ਪਾਵਰਕਾਮ () ਦੀ 50 ਏਕੜ ਕੀਮਤੀ ਜਮੀਨ ਪੁੱਡਾ () ਨੂੰ ਤਬਦੀਲ ਕਰਨ ਦੇ ਫੈਸਲੇ 'ਤੇ ਸਖਤ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਸੂਬਾ ਸਰਕਾਰ 'ਤੇ ਪੰਜਾਬ ਦੇ ਸਰਮਾਏ ਨੂੰ ਖਤਮ ਕਰਨ ਦੇ ਦੋਸ ਲਾਏ ਹਨ। ਰਾਜਾ ਵੜਿੰਗ ਨੇ ਸੋਸਲ ਮੀਡੀਆ ਰਾਹੀਂ ਆਪਣਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਕੰਗਾਲ ਕਰਨ ਦੇ ਰਾਹ ਪੈ ਗਈ ਹੈ। ਉਨ੍ਹਾਂ ਨੇ ਇਸ ਕਾਰਵਾਈ ਦੀ ਤੁਲਨਾ "ਪਰਿਵਾਰ ਦਾ ਚਾਂਦੀ ਵੇਚਣ" ( ) ਨਾਲ ਕੀਤੀ ਅਤੇ ਦੋਸ ਲਾਇਆ ਕਿ ਸਰਕਾਰ ਆਪਣੀਆਂ ਫਿਜੂਲਖਰਚੀਆਂ ਨੂੰ ਪੂਰਾ ਕਰਨ ਲਈ ਸੂਬੇ ਦੀਆਂ ਜਮੀਨਾਂ ਦੀ "ਲੁੱਟ" ਕਰ ਰਹੀ ਹੈ। ਕਾਂਗਰਸ ਪ੍ਰਧਾਨ ਨੇ ਚਿਤਾਵਨੀ ਦਿੱਤੀ ਕਿ ਉਹ ਸਰਕਾਰੀ ਜਮੀਨਾਂ ਦੀ ਇਸ ਤਰ੍ਹਾਂ ਹੋ ਰਹੀ ਲੁੱਟ ਨੂੰ ਬਰਦਾਸਤ ਨਹੀਂ ਕਰਨਗੇ। ਉਨ੍ਹਾਂ ਕਿਹਾ, "ਜੇਕਰ ਕਿਸੇ ਤਰ੍ਹਾਂ 'ਆਪ' ਸਰਕਾਰ ਇਸ ਜਮੀਨ ਨੂੰ ਵੇਚਣ ਵਿੱਚ ਸਫਲ ਹੋ ਜਾਂਦੀ ਹੈ, ਤਾਂ ਅਸੀਂ ਆਉਣ ਵਾਲੇ ਸਮੇਂ ਵਿੱਚ ਇਸ ਸੌਦੇ ਨੂੰ ਰੱਦ ਕਰ ਦੇਵਾਂਗੇ" । ਵੜਿੰਗ ਨੇ ਸਪੱਸਟ ਕੀਤਾ ਕਿ ਇਹ ਜਮੀਨ ਪਾਵਰਕਾਮ ਦੀ ਹੈ ਅਤੇ ਇਸ 'ਤੇ ਵਿਭਾਗ ਦਾ ਹੀ ਹੱਕ ਰਹਿਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਪਾਵਰਕਾਮ ਦੇ ਬੋਰਡ ਆਫ ਡਾਇਰੈਕਟਰਜ ਨੇ ਪਟਿਆਲਾ ਦੇ



ਬਡੂੰਗਰ ਸਥਿਤ ਲਗਭਗ 213.92 ਕਰੋੜ ਰੁਪਏ ਦੀ ਕੀਮਤ ਵਾਲੀ 50 ਏਕੜ ਜਮੀਨ ਪੁੱਡਾ ਨੂੰ ਤਬਦੀਲ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਇਹ ਫੈਸਲਾ ਰਾਜ ਸਰਕਾਰ ਦੀ ਓ.ਯੂ.ਵੀ.ਜੀ.ਐਲ. () ਸਕੀਮ ਤਹਿਤ ਲਿਆ ਗਿਆ ਹੈ, ਜਿਸ ਦਾ ਮਕਸਦ ਵੱਖ-ਵੱਖ ਵਿਭਾਗਾਂ ਦੀ ਅਣਵਰਤੀ ਜਮੀਨ ਵੇਚ ਕੇ 2,800 ਕਰੋੜ ਰੁਪਏ ਜੁਟਾਉਣਾ ਹੈ। ਇਸ ਫੈਸਲੇ ਦਾ ਪਾਵਰਕਾਮ ਦੀਆਂ ਯੂਨੀਅਨਾਂ ਵੱਲੋਂ ਵੀ ਜੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ।

# ਸਰਕਾਰ ਬਣਦਿਆਂ ਹੀ ਕੇਜਰੀਵਾਲ ਨੂੰ ਭੁੱਲਿਆ ਬਰਗਾੜੀ ਮਸਲਾ : ਕੁੰਵਰ ਵਿਜੇ ਪ੍ਰਤਾਪ

**ਕੌਮੀ ਪਤ੍ਰਿਕਾ**

ਜਲੰਧਰ 16 ਫਰਵਰੀ। ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ 'ਆਪ' ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਆਖਿਆ ਹੈ ਕਿ ਚੋਣਾਂ ਵੇਲੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ 24 ਘੰਟਿਆਂ ਅੰਦਰ ਬਰਗਾੜੀ ਮਾਮਲੇ ਦਾ ਇਨਸਾਫ ਦੇਣ ਦੀ ਗੱਲ ਆਖੀ ਸੀ ਪਰ ਸਰਕਾਰ ਬਣਦਿਆਂ ਹੀ ਉਨ੍ਹਾਂ ਨੂੰ ਇਹ ਮਸਲਾ ਭੁੱਲ ਗਏ ਤੇ ਉਨ੍ਹਾਂ ਨੇ ਇਸ ਬਾਰੇ ਕੋਈ ਟਵੀਟ ਤੱਕ ਨਹੀਂ ਕੀਤਾ। 'ਜਗ ਬਾਣੀ' ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕੁੰਵਰ ਵਿਜੇ ਪ੍ਰਤਾਪ ਨੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਰਚਾ ਕਰਦਿਆਂ ਨਸ਼ੇ ਅਤੇ ਵਧ ਰਹੇ ਗੈਂਗਸਟਰਵਾਦ 'ਤੇ ਵੀ ਖੁੱਲ੍ਹ ਕੇ ਗੱਲਬਾਤ ਕੀਤੀ। ਪੇਸ਼ ਹਨ ਗੱਲਬਾਤ ਦੇ ਮੁੱਖ ਅੰਸ਼-ਇਸ ਵੇਲੇ ਪੰਜਾਬ ਦੇ ਮਾਹੌਲ ਕਾਰਨ ਲੋਕ ਡਰੇ ਹੋਏ ਹਨ। ਹਰ ਸ਼ਹਿਰ ਵਿਚ ਆਏ ਦਿਨ ਕਤਲ ਹੋਣ ਅਤੇ ਫਿਰੌਤੀ ਮੰਗਣ ਦੀਆਂ ਖਬਰਾਂ ਆ ਰਹੀਆਂ ਹਨ। ਸਰਕਾਰ ਗੈਂਗਸਟਰਾਂ ਪ੍ਰਤੀ ਬਹੁਤ 'ਨਰਮ ਰਵੱਈਆ' ਰੱਖ ਰਹੀ ਹੈ, ਜਿਸ ਕਾਰਨ ਗੈਂਗਸਟਰ ਪੁਲਸ ਥਾਣਿਆਂ ਵਿਚ ਬੈਠ ਕੇ ਟੀ. ਵੀ. ਚੈਨਲਾਂ ਨੂੰ ਇੰਟਰਵਿਊ ਦੇ ਰਹੇ ਹਨ। ਇਹ ਸਰਕਾਰ ਅਤੇ ਗੈਂਗਸਟਰਾਂ ਦੀ ਮਿਲੀਭੁਗਤ ਦਾ ਨਤੀਜਾ ਹੈ। ਜਨਤਾ ਨੇ ਸਰਕਾਰ ਨੂੰ ਜਿਸ ਕੰਮ ਲਈ ਚੁਣਿਆ ਸੀ, ਸਰਕਾਰ ਉਸ 'ਤੇ ਖਰੀ ਨਹੀਂ ਉਤਰੀ। ਨਸ਼ੇ ਅਤੇ ਗੈਂਗਸਟਰਾਂ ਦੇ ਖ਼ਿਲਾਫ ਪ੍ਰਹਾਰ ਬੋਲ ਕੇ ਨਹੀਂ ਹੁੰਦਾ, ਜਿਸ ਨੇ ਕਹਿ ਦਿੱਤਾ ਉਹ ਕਮਜੋਰ ਹੁੰਦਾ ਹੈ। ਇਨ੍ਹਾਂ ਆਪ੍ਰੇਸ਼ਨਾਂ ਦਾ ਤਾਂ ਆਮ ਜਨਤਾ ਨੂੰ ਪਤਾ ਹੀ ਨਹੀਂ ਲੱਗਣਾ ਚਾਹੀਦਾ। 'ਆਪ੍ਰੇਸ਼ਨ ਪ੍ਰਹਾਰ' ਤੇ 'ਯੁੱਧ ਨਸ਼ਿਆਂ ਵਿਰੁੱਧ' ਸਿਰਫ ਮੀਡੀਆ ਦਿਖਾਵਾ ਅਤੇ ਇਸ਼ਤਿਹਾਰਬਾਜੀ ਹੈ। 'ਯੁੱਧ ਨਸ਼ਿਆਂ ਵਿਰੁੱਧ' ਦੀਆਂ ਰੈਲੀਆਂ ਵਿਚ ਨਸ਼ਿਆਂ ਦੇ ਕਾਰੋਬਾਰੀ ਜ਼ਿਆਦਾ ਸ਼ਾਮਲ ਹੁੰਦੇ ਹਨ। ਇਹ ਲੜਾਈਆਂ ਅੰਦਰੂਨੀ ਤੌਰ 'ਤੇ ਹੁੰਦੀਆਂ ਹਨ। ਬਹੁਤ ਸਾਰੇ ਗੈਂਗਸਟਰ ਤਾਂ ਜੇਲਾਂ ਅੰਦਰੋਂ ਜਾਂ ਦੂਜੇ ਦੇਸ਼ਾਂ ਤੋਂ ਆਪਣੀਆਂ ਕਾਰਵਾਈਆਂ ਕਰ ਰਹੇ ਹਨ। ਜੇਲਾਂ ਅੰਦਰ ਮੋਬਾਈਲ ਫੋਨ ਦੀ ਵਰਤੋਂ ਤੋਂ ਬਿਨਾਂ ਇਹ ਸਭ ਨਹੀਂ ਹੋ ਸਕਦਾ ਤੇ ਜੇਲ ਅੰਦਰ ਮੋਬਾਈਲ ਫੋਨ ਅਤੇ ਨੈੱਟਵਰਕ ਪਹੁੰਚਣਾ ਸਰਕਾਰੀ ਤੰਤਰ ਦੀ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ। ਸਰਕਾਰਾਂ ਵੱਲੋਂ ਜਨਤਾ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਤੇ ਅੱਜ ਵੀ ਉਹੀ ਹੋ ਰਿਹਾ ਹੈ। ਬਹੁਤ ਸਾਰੇ ਪੁਲਸ ਅਫਸਰ ਝੂਠੇ ਮੁਕਾਬਲਿਆਂ ਕਾਰਨ ਜੇਲਾਂ ਵਿਚ ਸਜਾ ਭੁਗਤ ਰਹੇ ਹਨ। ਅੱਜਕੱਲ ਹਰ ਕੇਸ ਵਿਚ ਇਕੋ ਜਿਹੀ ਕਹਾਣੀ ਹੁੰਦੀ ਹੈ ਕਿ ਹਥਿਆਰ ਬਰਾਮਦ ਕਰਨ ਗਏ 'ਤੇ ਮੁਲਜਮ ਨੇ ਲੁਕੋਇਆ ਹੋਇਆ ਹਥਿਆਰ ਕੱਢ ਕੇ ਫਾਇਰ ਕਰ ਦਿੱਤਾ, ਜਿਸ ਨਾਲ ਸ਼ੱਕ ਹੋਣਾ ਲਾਜਮੀ ਹੈ। ਪੁਲਸ ਮੁਕਾਬਲਾ ਅਚਾਨਕ ਹੁੰਦਾ ਹੈ, ਇਸ ਬਾਰੇ ਪਹਿਲਾਂ ਨਹੀਂ ਪਤਾ ਹੁੰਦਾ। ਪੁਲਸ ਮੁਕਾਬਲਿਆਂ ਤੋਂ ਬਦਮਾਸ਼ਾਂ ਨਾਲੋਂ ਜ਼ਿਆਦਾ ਆਮ ਜਨਤਾ ਵਿਚ ਡਰ ਦਾ ਮਾਹੌਲ ਬਣਦਾ ਹੈ। ਪਹਿਲਾਂ ਪੰਜਾਬ ਵਿਚ 2-3 ਮਹੀਨਿਆਂ ਵਿਚ ਕੋਈ ਇਕ ਪੁਲਸ ਮੁਕਾਬਲਾ ਹੁੰਦਾ ਸੀ, ਹੁਣ ਹਰ ਜ਼ਿਲੇ ਵਿਚ ਰੋਜ ਕੋਈ ਨਾ ਕੋਈ ਮੁਕਾਬਲਾ ਹੋ ਰਿਹਾ ਹੈ। ਇਸ 'ਤੇ ਸ਼ੱਕ ਦੀ ਸੂਈ ਉੱਠਦੀ ਹੈ। ਜਦੋਂ ਵੀ ਇਸ ਦੀ ਸਹੀ ਤਰੀਕੇ ਨਾਲ ਜਾਂਚ ਹੋ ਗਈ ਤਾਂ ਬਹੁਤ ਸਾਰੇ ਪੁਲਸ ਅਫਸਰ ਫਸ ਜਾਣਗੇ। ਪੰਜਾਬ ਦੀ ਜਨਤਾ ਨੇ 92 ਵਿਧਾਇਕ ਜਿਤਾ ਕੇ ਭਗਵੰਤ ਮਾਨ ਨੂੰ 'ਫੁੱਲ ਫਲੈਂਜ' ਮੁੱਖ ਮੰਤਰੀ ਚੁਣਿਆ ਸੀ, ਅੱਧਾ-ਅਧੂਰਾ ਨਹੀਂ। ਇਸ ਲਈ ਸੂਬੇ ਵਿਚ ਜੋ ਵੀ ਸਹੀ ਜਾਂ ਗਲਤ ਹੋ ਰਿਹਾ ਹੈ, ਉਸ ਦੀ ਜਵਾਬਦੇਹੀ ਮੁੱਖ ਮੰਤਰੀ ਭਗਵੰਤ ਮਾਨ ਦੀ ਹੀ ਹੈ। ਜੇਕਰ ਉਨ੍ਹਾਂ 'ਤੇ ਦਿੱਲੀ ਦਾ ਕੋਈ ਦਬਾਅ ਹੈ, ਤਾਂ ਉਨ੍ਹਾਂ ਨੂੰ ਖੁਦ ਜਨਤਾ ਨੂੰ ਦੱਸਣਾ ਚਾਹੀਦਾ ਹੈ। ਮੈਂ ਉਨ੍ਹਾਂ ਨਾਲ ਗੱਲ ਜਰੂਰ ਕਰਾਂਗਾ। ਜਦੋਂ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ ਤਾਂ ਸੱਤਾਧਿਰ ਵਿਚੋਂ ਕੋਈ ਵੀ ਉਨ੍ਹਾਂ ਦੇ ਘਰ ਜਾਣ ਲਈ ਰਾਜੀ ਨਹੀਂ ਸੀ, ਸਭ ਤੋਂ ਪਹਿਲਾਂ ਮੈਂ ਉੱਥੇ ਗਿਆ ਸੀ। ਅਸੀਂ ਉਨ੍ਹਾਂ ਦੇ ਪਰਿਵਾਰ ਦੇ ਨਾਲ ਹਾਂ ਤੇ ਜੋ ਕੁਝ ਵੀ ਉਨ੍ਹਾਂ ਲਈ ਕਰ ਸਕੇ, ਉਹ ਕਰਾਂਗੇ। ਮੈਂ ਆਪਣੇ ਹਲਕੇ ਦਾ 90% ਕੰਮ ਕਰਵਾ ਦਿੱਤਾ ਹੈ ਅਤੇ ਹਰ ਹਫਤੇ ਮੁਹੱਲਾਵਾਰ ਰਿਪੋਰਟ ਕਾਰਡ ਜਾਰੀ ਕਰ ਰਿਹਾ ਹਾਂ। ਮੈਂ ਅੰਮ੍ਰਿਤਸਰ ਦੇ ਲੋਕਾਂ ਨੂੰ ਸਮਰਪਿਤ ਹਾਂ, ਉਹ ਜਿਵੇਂ ਕਹਿਣਗੇ, ਉਸੇ ਤਰ੍ਹਾਂ ਕਰਾਂਗਾ। ਸਮਾਂ ਆਉਣ 'ਤੇ ਅਗਲੀ ਸਿਆਸੀ ਪਾਰੀ ਬਾਰੇ ਸੋਚਾਂਗਾ। 2027 ਦੀਆਂ ਚੋਣਾਂ ਵਿਚ ਸਿਆਸਤ ਬਾਰੇ ਸੋਚਾਂਗਾ, ਫ਼ਿਲਹਾਲ ਜਨਤਾ ਦੇ ਕੰਮਾਂ ਵਿਚ ਹੀ ਲੱਗਿਆ ਹੋਇਆ ਹਾਂ। ਪੰਜਾਬ ਦਾ ਸਿੱਖਿਆ ਤੇ ਸਿਹਤ ਸੰਭਾਲ ਸਿਸਟਮ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕਿਆ ਹੈ। ਅੱਜ ਸਰਕਾਰੀ ਸਕੂਲਾਂ ਵਿਚ 10ਵੀਂ-12ਵੀਂ ਦੇ ਬੱਚਿਆਂ ਨੂੰ ਵੀ 18-19 ਦਾ ਪਹਾੜਾ ਤੱਕ ਨਹੀਂ ਆਉਂਦਾ। ਸਰਕਾਰੀ ਹਸਪਤਾਲਾਂ ਦੇ ਵੀ ਹਾਲਾਤ ਬਹੁਤ ਮਾੜੇ ਹਨ। ਸਰਕਾਰ ਨੂੰ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਵੱਡੇ ਸੁਧਾਰ ਕਰਨ ਦੀ ਲੋੜ ਹੈ। ਕੁੰਵਰ ਵਿਜੇ ਪ੍ਰਤਾਪ ਨੇ ਕਿਹਾ ਕਿ ਸਿਆਸੀ ਬਦਲਾਖੋਰੀ



ਕਦੇ ਵੀ ਕਾਮਯਾਬ ਨਹੀਂ ਹੁੰਦੀ। ਜਦੋਂ 'ਪੰਜਾਬ ਕੇਸਰੀ' 'ਤੇ ਰੇਡ ਹੋਈ ਤੇ ਵੱਖ-ਵੱਖ ਹੱਥਕੰਡਿਆਂ ਨਾਲ ਤੰਗ-ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮੈਂ ਉਸੇ ਵੇਲੇ ਇਸ ਦੀ ਨਿਖੇਧੀ ਕੀਤੀ ਸੀ। ਸੱਚਾਈ ਦੇ ਰਾਹ 'ਤੇ ਪ੍ਰੇਸ਼ਾਨੀਆਂ ਜਰੂਰ ਆਉਂਦੀਆਂ ਹਨ ਪਰ ਉਹ ਰਾਹ ਕਦੇ ਵੀ ਛੱਡਣਾ ਨਹੀਂ ਚਾਹੀਦਾ। 'ਪੰਜਾਬ ਕੇਸਰੀ' ਗਰੁੱਪ ਸਿਆਸੀ ਬਦਲਾਖੋਰੀ ਤੋਂ ਡਰੇਗਾ ਨਹੀਂ ਤੇ ਜਨਤਾ ਵੀ ਸਭ ਕੁਝ ਜਾਣਦੀ ਹੈ। ਜਨਤਾ ਨੇ ਕਦੇ ਵੀ ਕਿਸੇ ਦੀ ਤਾਨਾਸ਼ਾਹੀ ਨੂੰ ਪ੍ਰਵਾਨ ਨਹੀਂ ਕੀਤਾ। ਲੋਕਤੰਤਰ ਵਿਚ ਕੋਈ ਵੀ ਬਦਲਾਖੋਰੀ ਦੀ ਨੀਯਤ ਨਾਲ ਕਿਸੇ ਦਾ ਕੁਝ ਨਹੀਂ ਵਿਗਾੜ ਸਕਦਾ। ਜੇ ਇਹ ਲੋਕ ਦਫਤਰਾਂ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀਆਂ ਤਸਵੀਰਾਂ ਲਗਾ ਰਹੇ ਹਨ ਤਾਂ ਫ਼ਿਰ ਸੰਵਿਧਾਨ ਦੇ ਮੁਤਾਬਕ ਕੰਮ ਕਿਉਂ ਨਹੀਂ ਕਰਦੇ? ਆਮ ਆਦਮੀ ਪਾਰਟੀ ਨੇ 6 ਮਹੀਨਿਆਂ ਵਿਚ ਨਸ਼ਾ ਖਤਮ ਕਰਨ ਦੀ ਗੱਲ ਕਹੀ ਸੀ ਪਰ 4 ਸਾਲਾਂ ਵਿਚ ਵੀ ਇਹ ਖਤਮ ਨਹੀਂ ਹੋ ਸਕਿਆ, ਸਗੋਂ ਨਸ਼ਾ ਹੋਰ ਵਧ ਗਿਆ। ਪੰਜਾਬ ਵਿਚ ਗੈਂਗਸਟਰਾਂ ਦਾ ਰਾਜ ਹੋ ਗਿਆ ਹੈ। ਭਗਵੰਤ ਮਾਨ ਨੇ ਝੂਠਾ ਬਿਆਨ ਦੇ ਦਿੱਤਾ ਕਿ ਗੋਲਡੀ ਬਰਾੜ ਫੜਿਆ ਗਿਆ ਤੇ ਉਸ ਨੂੰ ਪੰਜਾਬ ਲਿਆਂਦਾ ਜਾ ਰਿਹਾ ਹੈ। ਮੁੱਖ ਮੰਤਰੀ ਨੂੰ ਸੋਚ-ਵਿਚਾਰ ਕੇ ਬੋਲਣਾ ਚਾਹੀਦਾ ਹੈ। ਜਦੋਂ ਬਰਗਾੜੀ ਬੇਅਦਬੀ ਮਾਮਲੇ ਵਿਚ ਗੋਲੀਬਾਰੀ ਹੋਈ ਸੀ ਤੇ ਸਾਡੀ ਰਿਪੋਰਟ ਨੂੰ ਗੈਰ-ਕਾਨੂੰਨੀ ਢੰਗ ਨਾਲ ਖਾਰਿਜ ਕਰਵਾਇਆ ਗਿਆ ਤਾਂ ਮੈਂ ਅਸਤੀਫਾ ਦਿੱਤਾ ਸੀ। ਉਸ ਵੇਲੇ ਸਿਆਸਤ ਵਿਚ ਆਉਣ ਦੀ ਮੇਰੀ ਕੋਈ ਯੋਜਨਾ ਨਹੀਂ ਸੀ ਪਰ ਕੇਜਰੀਵਾਲ ਨੇ 24 ਘੰਟਿਆਂ ਵਿਚ ਬਰਗਾੜੀ ਦਾ ਇਨਸਾਫ ਦਿਵਾਉਣ ਅਤੇ ਪੰਜਾਬ ਲਈ ਵੱਡੇ-ਵੱਡੇ ਵਾਅਦੇ ਕਰ ਕੇ ਮੈਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ ਪਰ ਸਰਕਾਰ ਬਣਨ ਤੋਂ ਬਾਅਦ ਕੇਜਰੀਵਾਲ ਨੇ ਬਰਗਾੜੀ 'ਤੇ ਕੋਈ ਟਵੀਟ ਤੱਕ ਨਹੀਂ ਕੀਤਾ ਤੇ 10 ਮਾਰਚ 2022 ਤੋਂ ਬਾਅਦ ਮੇਰੇ ਨਾਲ ਕੋਈ ਗੱਲ ਹੀ ਨਹੀਂ ਕੀਤੀ।